


# ਹੁਣੇ ਮੂਵ ਹੋਣ ਲਈ ਘਰ ਉਪਲੱਭਦ ਹਨ

## ਸਿੰਗਲ ਫੈਮਿਲੀ ਲੇਨਡ ਹੋਮਜ਼

ਸਾਡੇ ਆਧੁਨਿਕ ਅਤੇ ਵਿਸ਼ਾਲ ਸਿੰਗਲ ਫੈਮਿਲੀ ਅਤੇ ਡੁਪਲੈਕਸ ਹੋਮਸ ਸਾਊਥ ਪੁਆਇੰਟ ਦੇ 70-ਏਕੜ ਮਾਸਟਰ ਪਲੈਨਡ ਕਮਿਊਨਿਟੀ 'ਤੇ ਏਅਰਡਰੀ ਦੇ ਦਿਲ ਵਿੱਚ ਉੱਚ ਪੱਧਰੀ, ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

ਸਾਰੇ ਲੇਨ ਵਾਲੇ ਅਤੇ ਡੁਪਲੈਕਸ ਛੇਤੀ ਛੇਤੀ ਕਬਜ਼ੇ ਵਾਲੇ ਘਰਾਂ ਵਿੱਚ ਸ਼ਾਮਲ ਹਨ:

- 9 ਫੁੱਟ ਉੱਚੀ ਬੇਸਮੈਂਟ
- ਸਾਰੇ ਘਰ ਵਿੱਚ ਕੁਆਰਟਜ ਕਾਊਂਟਰ ਟੌਪ
- ਲਗਜਰੀ ਵਾਈਨਲ ਪਲੈਂਕ ਫਲੋਰਿੰਗ
- ਕਿਚਨ ਵਿੱਚ ਐਲ ਈ ਡੀ ਪੌਟ ਲਾਈਟ ਪੈਕਿਜ
- ਬੇਸਮੈਂਟ ਦਾ ਸਾਈਡ ਦਰਵਾਜਾ (ਸਿਰਫ ਲੇਨਡ ਹੋਮਜ਼ ਲਈ)









## ਫ੍ਰੀਹੋਲਡ ਰੋਅ ਹੋਮਜ਼

ਸਾਡੇ ਘਰਾਂ ਵਿੱਚੋਂ ਸਭ ਤੋਂ ਆਲੀਸ਼ਾਨ ਅਤੇ ਵਰਤੋਂ ਯੋਗ ਘਰ ਜੋ ਤੁਹਾਡੇ ਪਰਿਵਾਰ ਦੀ ਲੋੜ ਨੂੰ ਪੂਰਾ ਕਰਦੇ ਹਨ। ਵਿਸ਼ੇਸ਼ ਧਿਆਨ ਨਾਲ ਡਿਜ਼ਾਈਨ ਕੀਤੇ ਗਏ ਇਹ ਘਰ 1,599 ਸਕੇਅਰ ਫੁੱਟ ਤੋਂ ਲੈਕੇ 1,727 ਸਕੇਅਰ ਫੁੱਟ ਤੱਕ ਇਸ ਵਿੱਚ ਸ਼ਾਮਲ ਹਨ :-

- 3 ਬੈੱਡਰੂਮ + ਦਫਤਰ
- 2.5 ਬਾਥਰੂਮ
- ਡਬਲ ਡੀਟੈਚਡ ਗੈਰੇਜ + ਪੂਰਾ ਕੰਕਰੀਟ ਡਰਾਈਵਵੇਅ
- ਅੱਗੇ ਅਤੇ ਪਿੱਛੇ ਪੂਰੀ ਤਰ੍ਹਾਂ ਲੈਂਡਸਕੇਪਡ
- + ਵਿਹੜੇ ਵਿੱਚ ਫੈਂਸ
- ਘਰ ਦੇ ਸਾਹਮਣੇ ਪਾਰਕ ਵਿੱਚ ਵੀ



SHOWHOMES NOW OPEN 403.980.1979 | VESTASOUTHPOINT.COM
600 South Point Heath SW, Airdrie, AB

VESTA PROPERTIES

# ਕੈਨੇਡਾ ਵਿੱਚ ਸਿੱਖਾਂ ਦੇ ਪਾਏ ਯੋਗਦਾਨ ਦਾ ਹੀ ਅਸਰ ਹੈ ਕਿ ਅਪਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਇਆ ਜਾ ਰਿਹਾ ਹੈ-ਸ: ਹਰਜੀਤ ਸਿੰਘ ਸੱਜਣ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਇੰਟਰਨੈਸ਼ਨਲ ਡਿਵੈਲਪਮੈਂਟ ਮੰਤਰੀ ਸ: ਹਰਜੀਤ ਸਿੰਘ ਸੱਜਣ ਨੇ ਆਖਿਆ ਹੈ ਕਿ ਕਾਮਾਗਾਟਾ ਮਾਰੂ ਦੀ ਘਟਨਾ ਵੇਲੇ ਕਿਸੇ ਨੇ ਸੋਚਿਆ ਤੱਕ ਨਹੀਂ ਸੀ ਕਿ ਸਿੱਖ ਕੈਨੇਡਾ ਵਿੱਚ ਇੰਨਾ ਵੱਡਾ ਮੁਕਾਮ ਹਾਸਲ ਕਰ ਲੈਣਗੇ । ਕੈਲਗਰੀ ਯੂਨੀਵਰਸਿਟੀ ਵਿੱਚ ਚੱਲ ਰਹੇ ਸਿੱਖ ਸਟੱਡੀ ਪ੍ਰੋਗ੍ਰਾਮ ਦੇ ਸਬੰਧ ਵਿੱਚ ਕਰਵਾਈ ਗਈ ਇੱਕ ਰਾਊਂਡ ਟੇਬਲ ਮੀਟਿੰਗ ਵਿੱਚ ਹਿੱਸਾ ਲੈਣ ਪਹੁੰਚੇ ਸ: ਹਰਜੀਤ ਸਿੰਘ ਸੱਜਣ ਨੇ ਪੰਜਾਬੀ ਅਖਬਾਰ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਸ ਪ੍ਰੋਗਰਾਮ ਦਾ ਮਕਸਦ ਭਾਵੇਂ ਸਿੱਖੀ ਸਬੰਧੀ ਖੋਜ ਕਰਨਾ ਅਤੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਅਤੇ ਸਿੱਖੀ ਦੀ ਸਿੱਖਿਆ ਦੇਣਾ ਹੈ ਪਰ ਇਸ ਦਾ ਦੂਰ-ਅੰਦੇਸ਼ੀ ਪ੍ਰਭਾਵ ਪੂਰੀ ਦੁਨੀਆਂ ਤੱਕ ਫੈਲੇਗਾ ਤੇ ਦੁਨੀਆਂ ਭਰ ਦੇ ਲੋਕਾਂ ਨੂੰ ਸਿੱਖ ਧਰਮ ਅਤੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਸਮਝਣ ਵਿੱਚ ਮੱਦਦ ਮਿਲੇਗੀ । ਉਨ੍ਹਾਂ ਆਖਿਆ ਕਿ ਕੈਨੇਡਾ ਵਿੱਚ ਸਿੱਖਾਂ ਦੇ ਪਾਏ ਯੋਗਦਾਨ ਦਾ ਹੀ ਅਸਰ ਹੈ ਕਿ ਅਪਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਇਆ ਜਾ ਰਿਹਾ ਹੈ । ਉਨ੍ਹਾਂ ਆਖਿਆ ਕਿ ਅੱਜ ਕੈਨੇਡਾ ਵਿੱਚ ਸਿੱਖ ਜਿਸ ਮੁਕਾਮ ਤੇ ਖੜ੍ਹੇ ਹਨ ਉਹ ਸ਼ੁਰੂ ਵਿੱਚ ਕਨੇਡਾ ਆਏ ਸਾਡੇ ਬਜ਼ੁਰਗਾਂ ਅਤੇ ਮਾਪਿਆਂ ਦੀ ਸਖਤ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸਵਰਗਵਾਸੀ ਮਨਮੀਤ ਸਿੰਘ ਭੁੱਲਰ ਨੂੰ ਯਾਦ ਕੀਤਾ ਅਤੇ ਆਖਿਆ ਕਿ ਉਹਨਾਂ ਵੱਲੋਂ ਪਾਈਆਂ ਪੈੜਾਂ ਨੂੰ ਲੰਬੇ ਸਮੇਂ ਤੱਕ ਯਾਦ ਰੱਖਿਆ ਜਾਵੇਗਾ । ਉਨ੍ਹਾਂ ਆਖਿਆ ਕਿ ਇਹ ਵੀ ਸਾਡੀ ਇੱਕ ਵੱਡੀ ਪ੍ਰਾਪਤੀ ਹੈ ਕਿ ਕੁੱਝ ਸਾਲ ਪਹਿਲਾਂ ਤੱਕ ਇਸ ਬਾਰੇ ਕਿਆਸ ਲਗਾਉਣਾ ਵੀ ਔਖਾ ਸੀ ਤੇ ਕੈਨੇਡਾ ਵਿੱਚ ਹੀ ਅਜਿਹੇ ਟੀ ਵੀ ਚੈਨਲ ਰੇਡੀ? ਅਤੇ ਅਖਬਾਰਾਂ ਹੋਣਗੇ ਜਿੱਥੋਂ ਅਸੀ ਪੰਜਾਬੀ ਵਿੱਚ ਖਬਰਾਂ ਪੜ੍ਹ ਸੁਣ ਅਤੇ ਦੇਖ ਸਕਦੇ ਹਨ ਇਹ ਵੀ ਸਾਡੇ ਭਾਈਚਾਰੇ ਦੀ ਵੱਡੀ ਪ੍ਰਾਪਤੀ ਹੈ।

## ਹੁਣ ਛੋਟੇ ਸਹਿਰਾਂ ਵਿੱਚ ਵੀ ਵਿਸਾਖੀ ਮਨਾਈ ਜਾਣ ਲੱਗੀ ਐ!

# ਬਊਮਾਊਂਟ ਵਿਖੇ ਵਿਸਾਖੀ ਦਾ ਤਿਓਹਾਰ ਬੜੀ ਧੂਮ ਧਾਮ ਨਾਲ ਮਨਾਇਆ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮੰਟਨ ਦੇ ਨਜਦੀਕ ਪੈਂਦੇ ਸਹਿਰ ਬਉਮਾਉਟ ਵਿਖੇ ਉੱਥੇ ਵਸਦੇ ਭਾਰਤੀ ਮੂਲ ਦੇ ਲੋਕਾਂ ਵੱਲੋਂ ਵਿਰਾਸਤੀ ਤਿਉਹਾਰ ਵਿਸਾਖੀ ਸੀਨੀਅਰ ਕਲੱਬ ਦੇ ਵਿਸ਼ਾਲ ਹਾਲ ਵਿੱਚ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾ ਬੀਬੀ ਜੀਵਨ ਕੌਰ ਜੀ ਦੇ ਜਥੇ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਸਮਰਇਕਬਾਲ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ । ਅਰਦਾਸ ਉਪਰੰਤ ਵੱਖ 2 ਬੁਲਾਰਿਆਂ ਨੇ ਵਿਸਾਖੀ ਦੀ ਮੱਹਤਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ । ਸਮਾਗਮ ਨੂੰ ਸਿੱਖ ਸੋਸਾਇਟੀ ਦੇ ਪ੍ਰਧਾਨ ਸ੍ਰੀ ਸੁਖਦੇਵ ਸਿੰਘ ਚੀਮਾ ਸਕੱਤਰ ਸ੍ਰੀ ਗੈਰੀ ਸਰਾਂ ਅਤੇ ਸੁਖਦੇਵ ਸਿੰਘ ਗੋਸਲ ਨੇ ਸੰਬੋਧਿਤ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੰਜ ਪਿਆਰਿਆਂ ਨੂੰ ਛਕਾਏ ਅੰਮ੍ਰਿਤ ਦੀ ਮਹਾਨਤਾ ਤੋਂ ਜਾਣੂ ਕਰਵਾਇਆ ਅਤੇ ਸੰਗਤ ਨੂੰ ਜਾਤ ਪਾਤ, ਉਚ ਨੀਚ ਅਤੇ ਇਲਾਕਾਵਾਦ ਤੋਂ ਉੱਪਰ ਉੱਠਕੇ ਖ਼ਾਲਸੇ ਦੇ ਰੂਪ ਵਿੱਚ ਵਿਚਰਨ ਦੀ ਅਪੀਲ ਕੀਤੀ। ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸਾਮਿਲ ਹੋਏ ਸ਼ਹਿਰ ਦੇ ਮੇਅਰ ਮਿਸਟਰ ਬਿੱਲ ਡੇਨੁਲਿਕ ਦਾ ਖਾਲਸਾਈ ਚਿੰਨ ਨਾਲ ਸਨਮਾਨ ਕੀਤਾ ਗਿਆ। ਅੰਤ ਵਿੱਚ ਸਿੱਖ ਸੋਸਾਇਟੀ ਦੇ ਪ੍ਰਧਾਨ ਵੱਲੋਂ ਸਮਾਗਮ ਵਿੱਚ ਸਾਮਿਲ ਸਮੂਹ ਸੰਗਤ ਦਾ ਪ੍ਰੋਗਰਾਮ ਦੀ ਸਫਲਤਾ ਲਈ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਹੋਰਨਾ ਤੋਂ ਇਲਾਵਾ ਹਿੰਦੂ ਸੋਸਾਇਟੀ ਆਫ ਬਿਉਮਾਉਟ ਦੇ ਪ੍ਰਧਾਨ ਸ੍ਰੀ ਯਸ਼ ਪਾਲ ਸ਼ਰਮਾ, ਸ ਗੁਰਮੁੱਖ ਸਿੰਘ ਮੁੰਡੀ, ਸਤੀਸ ਸਚਦੇਵਾ, ਮੇਜਰ ਸਿੰਘ ਕੁੰਬ, ਮਲਕੀਅਤ ਸਿੰਘ, ਮੇਜਰ ਸਿੰਘ ਕਲੇਰ,ਹਰਦੀਪ ਸਿੰਘ ਸੇਖੋ, ਸੁਖਦੇਵ ਸਿੰਘ ਢਿੱਲੋ, ਦਵਿੰਦਰ ਸਿੰਘ ਜੌਹਲ, ਰਣਜੀਤ ਸਿੰਘ ਭਵੱਦੀ, ਰਣਜੀਤ ਸਿੰਘ ਪੱਵਾ ਆਦਿ ਹਾਜ਼ਰ ਸਨ।

## ਪ੍ਰੀਮੀਅਰ ਦਾ ਹੈਂਕੜ ਭਰਿਆ ਵਤੀਰਾ ਮੀਡੀਆ ਦੀ ਆਜਾਦੀ ਉੱਪਰ ਹਮਲਾ ਹੈ-ਪਰਮੀਤ ਬੋਪਾਰਾਇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਦੇ ਇੱਕ ਫੈਸਲੇ ਕਾਰਨ ਉਨ੍ਹਾਂ ਦੀ ਚਾਰੇ ਪਾਸਿਓਂ ਆਲੋਚਨਾ ਹੋ ਰਹੀ ਹੈ। ਅਸਲ ਵਿੱਚ ਪ੍ਰੀਮੀਅਰ ਨੇ ਇੱਕ ਫ਼ਰਮਾਨ ਜਾਰੀ ਕੀਤਾ ਹੈ ਜਿਸ ਅਨੁਸਾਰ ਕਿਸੇ ਵੀ ਪ੍ਰੈਸ ਕਾਨਫਰੰਸ ਆਦਿ ਵਿੱਚ ਕੋਈ ਵੀ ਪੱਤਰਕਾਰ ਉਨ੍ਹਾਂ ਕੋਲੋਂ ਇੱਕ ਹੀ ਸਵਾਲ ਪੁੱਛ ਸਕਦਾ ਹੈ, ਜਿਸ ਤੋਂ ਬਾਅਦ ਮੀਡੀਆ ਨਾਲ ਜੁੜੇ ਲੋਕਾਂ ਤੋਂ ਇਲਾਵਾ ਮੁੱਖ ਵਿਰੋਧੀ ਧਿਰ ਐਨ ਡੀ ਪੀ ਵੱਲੋਂ ਵੀ ਇਸ ਦੀ ਆਲੋਚਨਾ ਕੀਤੀ ਗਈ ਹੈ। ਐਨ ਡੀ ਪੀ ਦੇ ਫਾਲਕਨਰਿੱਜ ਕੈਲਗਰੀ ਤੋਂ ਚੋਣ ਲੜ ਰਹੇ ਉਮੀਂਦਵਾਰ ਪਰਮੀਤ ਸਿੰਘ ਬੋਪਾਰਾਏ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਪ੍ਰੀਮੀਅਰ ਦੇ ਇਸ ਫੈਸਲੇ ਨੂੰ ਬਿਲਕੁਲ ਗਲਤ ਫੈਸਲਾ ਕਰਾਰ ਦਿੱਤਾ। ਉਹਨਾਂ ਕਿਹਾ ਪ੍ਰੀਮੀਅਰ ਦਾ ਇਹ ਹੈਂਕੜ ਭਰਿਆ ਵਤੀਰਾ ਮੀਡੀਆ ਦੀ ਆਜਾਦੀ ਉੱਪਰ ਹਮਲਾ ਹੈ। ਜਿਸ ਦਾ ਜਵਾਬ ਮਈ ਮਹੀਨੇ ਹੋਣ ਵਾਲੀਆਂ ਚੋਣਾਂ ਮੌਕੇ ਅਲਬਰਟਾ ਦੇ ਵੋਟਰਾਂ ਵੱਲੋਂ ਐਨ ਡੀ ਪੀ ਦੀ ਸਰਕਾਰ ਬਣਾਕੇ ਦਿੱਤਾ ਜਾਵੇਗਾ।

## ਸਰੀ 'ਚ ਬੱਸ ਵਿੱਚ 17 ਸਾਲਾ ਲੜਕੇ ਦੇ ਕ਼ਤਲ ਦੇ ਦੋਸ਼ 'ਚ ਇੱਕ ਵਿਅਕਤੀ ਗ੍ਰਿਫ਼ਤਾਰ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਹਫਤੇ ਸਰੀ ਵਿੱਚ ਪਬਲਿਕ ਟਰਾਂਜ਼ਿਟ ਦੀ ਬੱਸ ਵਿਚ 17 ਸਾਲਾ ਲੜਕੇ ਈਥਨ ਬੈਸਫਲਗ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਉਦੋਂ ਤੋਂ ਹੀ ਪੁਲੀਸ ਕਾਤਲਾਂ ਦੀ ਤਲਾਸ਼ ਕਰ ਰਹੀ ਸੀ । ਇਸ ਮਾਮਲੇ ਵਿੱਚ ਪੁਲਿਸ ਨੇ ਇਕ 20 ਸਾਲਾ ਲੜਕੇ ਨੂੰ ਗਿਰਫ਼ਤਾਰ ਕੀਤਾ ਹੈ ਪੁਲਿਸ ਨੇ ਦੱਸਿਆ ਕਿ ਇਹ ਲੜਕਾ ਬਰਨਬੀ ਦਾ ਰਹਿਣ ਵਾਲਾ ਹੈ ਪੁਲਿਸ ਨੇ ਇਸ ਲੜਕੇ ਉੱਪਰ ਹੱਤਿਆ ਚਾਰਜਜ਼ ਲਗਾ ਦਿੱਤੇ ਹਨ । ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਸਾਰਜੰਟ ਟਿਮੋਥੀ ਨੇ ਆਖਿਆ ਕਿ ਅਜੇ ਇਹ ਤਾਂ ਨਹੀਂ ਦੱਸ ਸਕਦੇ ਕਿ ਮਾਰੇ ਗਏ ਲੜਕੇ ਦਾ ਅਤੇ ਗ੍ਰਿਫਤਾਰ ਕੀਤੇ ਗਏ ਲੜਕੇ ਦਾ ਆਪਸ ਵਿੱਚ ਕੀ ਰਿਸ਼ਤਾ ਸੀ, ਪਰ ਦੋਵੇਂ ਕਿਸੇ ਹੋਰ ਦੇ ਜ਼ਰੀਏ ਇੱਕ ਦੂਜੇ ਨੂੰ ਜਾਣਦੇ ਸਨ। ਉਨਾਂ ਆਖਿਆ ਕਿ ਇਹ ਸਪਸ਼ਟ ਹੈ ਕਿ ਇਹ ਹੱਤਿਆ ਕੋਈ ਰੈਂਡਮ ਅਟੈਕ ਨਹੀਂ ਸੀ । ਗ੍ਰਿਫਤਾਰ ਗਿਆ ਲੜਕੇ ਬਾਰੇ ਪੁਲਿਸ ਨੂੰ ਪਹਿਲਾਂ ਵੀ ਜਾਣਕਾਰੀ ਹੈ ।ਵਰਨਣਯੋਗ ਹੈ ਕਿ ਸਰੀ ਦੇ ਕਿੰਗ ਜਾਰਜ ਬੁਲੇਵਰਡ ਅਤੇ 100 ਐਵੇਨਿਊ ਇੰਟਰ-ਸੈਕਸ਼ਨ ਅਤੇ ਕਿੰਗ ਜੌਰਜ ਸਕਾਈ ਟ੍ਰੇਨ ਸਟੇਸ਼ਨ ਦੇ ਕੋਲ਼ ਬੱਸ ਵਿੱਚ ਸਵਾਰ ਦੋ ਜਣਿਆਂ ਵਿਚਾਲੇ ਝਗੜਾ ਹੋ ਗਿਆ ਸੀ। ਜਿਸ ਤੋਂ ਬਾਅਦ ਇੱਕ ਜਣੇ ਨੇ ਲੜਕੇ ਉੱਪਰ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ ਸੀ। ਜ਼ਖਮੀ ਲੜਕੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ ਸੀ।










# ਪੁਸਤਕ ਮੇਲੇ ਦਾ ਉਦਘਾਟਨ ਸਮਾਜਸੇਵੀ ਪਾਲ ਸੇਖੋਂ ਕੋਲੋਂ ਕਰਵਾਇਆ ਗਿਆ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੀ 9 ਅਪਰੈਲ, 2023 ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵੱਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ।ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ।ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ।ਉਨ੍ਹਾਂ ਮੀਡੀਏ ਵੱਲੋਂ ਕੀਤੇ ਸਹਿਯੋਗ ਲਈ ਧੰਨਵਾਦ ਕੀਤਾ।ਇਸ ਪੁਸਤਕ ਮੇਲੇ ਦੀ ਸ਼ੁਰੂਆਤ ਕੈਲਗਰੀ ਦੇ ਨਾਮਵਰ ਬਿਜਨੈਸਮੈਨ ਪਾਲ ਸੇਖੋਂ ਵੱਲੋਂ ਕੀਤੀ ਗਈ।ਜਿਨ੍ਹਾਂ ਨੂੰ ਸਮਾਜ ਸੇਵਾ, ਆਪਣੇ ਪਿੰਡ ਲਾਇਬ੍ਰੇਰੀ ਖੋਲਣ ਅਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਲਈ ਮਾਇਕ ਸਹਾਇਤਾ ਕਰਨ ਵੱਜੋਂ ਪ੍ਰਬੰਧਕਾਂ ਵਲੋਂ ਕਿਤਾਬਾਂ ਦਾ ਸੈਟ ਭੇਟ ਕੀਤਾ ਗਿਆ।

ਇਸ ਮੌਕੇ ਤੇ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਵੱਲੋਂ ਹਮੇਸ਼ਾਂ ਭਰਵਾਂ ਸਹਿਯੋਗ ਦੇਣ ਲਈ ਧੰਨਵਾਦ ਕੀਤਾ ।ਉਨ੍ਹਾਂ ਅੱਗੇ ਬੋਲਦੇ ਹੋਏ ਪਾਠਕਾਂ ਵੱਲੋਂ ਦਿਖਾਏ ਉਤਸ਼ਾਹ ਤੇ ਖੁਸ਼ੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿੱਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ।ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ।ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ।ਬੇਸ਼ਕ ਇਹ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ।ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ ?

# ਕੈਲਗਰੀ ਦੇ ਸਪਰੂਸ ਕਲਿੱਫ ਏਰੀਆ ਵਿੱਚ ਮਿਲੀਆਂ ਦੋ ਲਾਸ਼ਾਂ ਦੀ ਪੁਲਿਸ ਨੇ ਜਾਂਚ ਸ਼ੁਰੂ ਕੀਤੀ




ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਹੋਮੀਸਾਈਡ ਯੂਨਿਟ ਸਪਰੂਸ ਕਲਿਫ ਨੇੜੇ 2 ਲੋਕਾਂ ਦੀਆਂ ਮਿਲੀਆਂ ਲਾਸ਼ਾਂ ਦੀ ਜਾਂਚ ਕਰ ਰਹੀ ਹੈ। ਕੈਲਗਰੀ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੂੰ ਸ਼ਾਮ 7 ਵਜੇ ਦੇ ਕਰੀਬ ਸਪਰੂਸ ਪਲੇਸ ਅਤੇ ਸਪਰੂਸ ਡਰਾਈਵ ਖੇਤਰ ਦੇ ਨੇੜੇ ਬੁਲਾਇਆ ਗਿਆ ਸੀ। ਜਦੋਂ ਅਧਿਕਾਰੀ ਪਹੁੰਚੇ, ਪੁਲਿਸ ਨੇ ਦੱਸਿਆ ਕਿ ਦੋ ਲੋਕ ਮੌਕੇ 'ਤੇ ਮ੍ਰਿਤਕ ਪਾਏ ਗਏ । ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਹੋਮੀਸਾਈਡ ਯੂਨਿਟ ਨੂੰ ਜਾਂਚ ਦਾ ਕੰਮ ਸੌਂਪਿਆ ਗਿਆ ਹੈ।

ਪੁਲਿਸ ਅਨੁਸਾਰ ਇਸ ਘਟਨਾ ਸਬੰਧੀ ਆਮ ਜਨਤਾ ਲਈ ਕੋਈ ਖਤਰਾ ਨਹੀਂ ਹੈ,"ਅਸੀਂ ਸਮਝਦੇ ਹਾਂ ਕਿ ਜੋ ਲੋਕ ਅਜਿਹੀਆਂ ਘਟਨਾਵਾਂ ਨੂੰ ਅੱਖੀਂ ਵੇਖਦੇ ਹਨ ਇਹ ਉਹਨਾਂ ਲਈ ਪਰੇਸ਼ਾਨੀ ਵਾਲੇ ਪਲ ਹੋ ਸਕਦੇ ਹਨ ਪਰ ਗਵਾਹ ਅਤੇ ਇਸ ਘਟਨਾ ਦੁਆਰਾ ਪ੍ਰਭਾਵਿਤ ਹੋਏ ਲੋਕ ਇਸ ਘਟਨਾਂ ਦੀ ਜਾਂਚ ਨਾਲ ਜੁੜੇ ਹੋਏ ਹਨ।

ਹੁਣ ਪੁਲਿਸ ਕਿਸੇ ਵੀ ਵਿਅਕਤੀ ਨੂੰ ਇਸ ਘਟਨਾ ਸਬੰਧੀ ਜਾਣਕਾਰੀ ਦੇਣ ਲਈ 403-266-1234 'ਤੇ ਕਾਲ ਕਰਨ ਲਈ ਕਹਿ ਰਹੀ ਹੈ, ਜਾਂ ਜੋ ਲੋਕ ਅਗਿਆਤ ਰਹਿਣਾ ਚਾਹੁੰਦੇ ਹਨ, ਉਹ ਵੀ 1-800-222-8477 'ਤੇ ਕਾਲ ਕਰਕੇ ਜਾਂ ਔਨਲਾਈਨ ਕ੍ਰਾਈਮ ਸਟਾਪਰਜ਼ ਨੂੰ ਸੁਝਾਅ ਦੇ ਸਕਦੇ ਹਨ।

### ਕੈਲਗਰੀ ਵਾਸੀ, ਸਲਾਵਤਪੁਰੇ ਵਾਲੇ ਗੁਰਲਾਲ ਸਿੰਘ ਧਾਲੀਵਾਲ ਨੂੰ ਸਦਮਾ,

# ਬਾਪੂ ਸ: ਗੁਰਚਰਨ ਸਿੰਘ ਧਾਲੀਵਾਲ 89 ਸਾਲ ਦੀ ਉਮਰ ਵਿੱਚ ਪਰਿਵਾਰ ਨੂੰ ਵਿਛੋੜਾ ਦੇ ਗਏ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਸੀ ਗੁਰਲਾਲ ਸਿੰਘ ਧਾਲੀਵਾਲ ਅਤੇ ਉਸਦੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਸਤਿਕਾਰਯੋਗ ਪਿਤਾ ਜੀ ਸ: ਗੁਰਚਰਨ ਸਿੰਘ ਧਾਲੀਵਾਲ ਬੀਤੀ 15 ਅਪਰੈਲ 2023 ਨੂੰ ਆਪਣੀ 89 ਸਾਲ ਦੀ ਮਾਣਮੱਤੀ ਉਮਰ ਭੋਗਦੇ ਹੋਏ ਅਕਾਲ ਚਲਾਣਾ ਕਰ ਗਏ । ਸਵ: ਗੁਰਚਰਨ ਸਿੰਘ ਧਾਲੀਵਾਲ ਪੰਜਾਬ ਦੇ ਬਠਿੰਡਾ ਜਿਲੇ ਦੇ ਸਲਾਵਤਪੁਰਾ ਪਿੰਡ ਨਾਲ ਸਬੰਧ ਰੱਖਦੇ ਸਨ ਅਤੇ ਉਹਨਾਂ ਦਾ ਬੇਟਾ ਸ: ਗੁਰਲਾਲ ਸਿੰਘ ਧਾਲੀਵਾਲ ਪੰਜਾਬ ਦੀ ਸਿਆਸਤ ਅਤੇ ਕੈਲਗਰੀ ਗੁਰੂਘਰ ਦੀ ਸੇਵਾ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ। ਸਵ: ਗੁਰਚਰਨ ਸਿੰਘ ਧਾਲੀਵਾਲ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 23 ਅਪਰੈਲ 2023 ਵਾਲੇ ਦਿਨ ਬਾਦ ਦੁਪਹਿਰ 1 ਵਜੇ ਕੰਟਰੀ ਹਿੱਲ ਕਰੈਮਟੋਰੀਅਮ ਕੈਲਗਰੀ Country hill crematorium & funeral services 11995 16 St NE Calgary (AB) ਵਿਖੇ ਹੋਵੇਗਾ । ਅੰਤਿਮ ਸਸਕਾਰ ਸਬੰਧੀ ਹੋਰ ਜਾਣਕਾਰੀ ਜਾਂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗੁਰਲਾਲ ਸਿੰਘ ਧਾਲੀਵਾਲ 403 921 3475 ਜਾਂ ਰਾਜਬੀਰ ਸਿੰਘ ਸੰਧੂ 403 400 7200 ਫੋਨ ਨੰਬਰਾਂ ਉੱਪਰ ਸੰਪਰਕ ਕੀਤਾ ਜਾ ਸਕਦਾ ਹੈ ।





















HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com


# ਅਲਬਰਟਾ ਸੂਬੇ ਦੀ ਪ੍ਰੀਮੀਅਰ ਡੈਨੀਅਨ ਸਮਿੱਥ ਅਤੇ ਵਿਰੋਧੀ ਧਿਰ ਦੀ ਨੇਤਾ ਰੈਚਲ ਨੌਟਲੀ ਨੇ ਵਿਸਾਖੀ ਮੌਕੇ ਕੈਲਗਰੀ ਗੁਰੂਘਰ ਵਿਖੇ ਹਾਜ਼ਰੀ ਭਰੀ











ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਿਸਾਖੀ ਦਾ ਤਿਉਹਾਰ ਜਿੱਥੇ ਵੀ ਦੁਨੀਆ ਭਰ ਅੰਦਰ ਪੰਜਾਬੀ ਵਸਦੇ ਹਨ ਹਰ ਥਾਂ ਮਨਾਇਆ ਜਾਂਦਾ ਹੈ। ਕੈਲਗਰੀ ਦੇ ਗੁਰੂਦਵਾਰਾ ਦਸਮੇਸ਼ ਕਲਚਰਲਰ ਸੈਂਟਰ ਵਿਖੇ ਵੀ ਵਿਸਾਖੀ ਮੌਕੇ ਸਿੱਖ ਸੰਗਤਾਂ ਦੀਆਂ ਖੁਬ ਰੌਣਕਾਂ ਦੇਖਣ ਨੂੰ ਮਿਲੀਆਂ। ਇਹਨਾਂ ਰੌਣਕਾਂ ਵਿੱਚ ਰਾਜਨੀਤਕ ਪਾਰਟੀਆਂ ਦੇ ਛੋਟੇ ਵੱਡੇ ਚਿਹਰੇ ਵੀ ਝਾਤੀਆਂ ਮਾਰਕੇ ਸੰਗਤ ਰੂਪੀ ਵੋਟਾਂ ਨੂੰ ਆਪਣੇ ਹੋਣ ਦਾ ਅਹਿਸਾਸ ਕਰਵਾਉਣ ਲਈ ਨਤਮਸਤਕ ਹੋਏ ਜਿਹਨਾਂ ਵਿੱਚ ਮੁੱਖ ਤੌਰ ਤੇ ਅਲਬਰਟਾ ਸੂਬੇ ਦੀ ਮੌਜੂਦਾ ਪ੍ਰੀਮੀਅਰ ਬੀਬੀ ਡੈਨੀਅਲ ਸਮਿੱਥ ਅਤੇ ਵਿਰੋਧੀ ਧਿਰ ਦੀ ਨੇਤਾ ਬੀਬੀ ਰੈਚਲ ਨੌਟਲੀ ਅਤੇ ਉਹਨਾਂ ਦੇ ਸਮਰਥਕਾਂ ਦੇ ਨਾਂ ਸਾਮਿਲ ਹਨ। ਸਵੇਰ ਵੇਲੇ ਐਨ ਡੀ ਪੀ ਪਾਰਟੀ ਦੀ ਮੁੱਖ ਲੀਡਰ ਅਤੇ ਉਹਨਾਂ ਦੇ ਵੱਖੋ ਵੱਖ ਹਲਕਿਆਂ ਤੋਂ ਚੋਣਾ ਲੜ ਰਹੇ ਉਮੀਂਦਵਾਰਾਂ ਇਰਫਾਨ ਸਾਬਿਰ, ਪਰਮੀਤ ਸਿੰਘ, ਗਰਿੰਦਰ ਬਰਾੜ, ਗੁਰਵਿੰਦਰ ਗਿੱਲ,ਰਾਜੇਸ਼ ਅੰਗਰਾਲ,ਨੇ ਮੱਥਾ ਟੇਕਿਆ। ਸਾਮ ਦੇ ਸਮੇਂ ਅਲਬਰਟਾ ਸੂਬੇ ਦੀ ਮੌਜੂਦਾ ਪ੍ਰੀਮੀਅਰ ਡੈਨੀਅਲ ਸਮਿੱਥ,ਆਪਣੇ ਮੰਤਰੀ ਮੰਡਲ ਵਿੱਚੋਂ ਬੀਬਾ ਰਾਜਨ ਸਾਹਨੀ, ਦਵਿੰਦਰ ਤੂਰ,ਯਾਸ਼ਨਿ ਮੁਹੰਮਦ, ਅਮਨਪ੍ਰੀਤ ਸਿੰਘ ਗਿੱਲ, ਇੰਦਰ ਗਰੇਵਾਲ ਸਮੇਤ ਨਤਮਸਤਕ ਹੋਈ। ਇਸ ਮੌਕੇ ਗੁਰੂਘਰ ਦੀ ਪਰਬੰਧਕੀ ਕਮੇਟੀ ਵੱਲੋਂ ਪ੍ਰਧਾਨ ਬਲਜਿੰਦਰ ਸਿੰਘ ਗਿੱਲ ਅਤੇ ਚੇਅਰਮੈਨ ਗੁਰਜੀਤ ਸਿੰਘ ਸਿੱਧੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਮੌਜੂਦ ਸੀ।


SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com


# ਗੁਰੂਘਰ ਵਿੱਚ ਰਾਊਕੇ ਕਲਾਂ ਵਾਲਿਆਂ ਦੇ ਸਮਾਗਮ ਦੌਰਾਨ ਸੰਗਰਾਂਦ ਨਾਂ ਦੀ ਕਿਤਾਬ ਰਿਲੀਜ਼ ਕੀਤੀ ਗਈ



ਸਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕਨੇਡਾ ਅਤੇ ਅਮਰੀਕਾ ਦੇ ਵਿੱਚ ਵਸਦੇ ਪਿੰਡ ਰਾਊਕੇ ਕਲਾਂ ਦੇ ਵਾਸੀਆਂ ਵੱਲੋਂ ਪਿੰਡ ਦੇ ਕਨੇਡਾ ਅਤੇ ਅਮਰੀਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਰਬੱਤ ਦੇ ਭਲੇ ਅਤੇ ਕਨੇਡਾ ਅਤੇ ਅਮਰੀਕਾ ਵਿੱਚ ਰਹਿ ਕੇ ਆਪਸੀ ਮੇਲ-ਜੋਲ ਵਧਾਉਣ ਦੇ ਮੰਤਵ ਦੇ ਨਾਲ ਆਖੰਡ ਪਾਠ ਸਾਹਿਬ ਕਰਵਾਏ ਗਏ। ਇਸ ਮੌਕੇ ਪਿੰਡ ਰਾਊਕੇ ਦੇ ਹੀ ਨਾਮਵਰ ਲੇਖਕ ਦਵਿੰਦਰ ਧਾਲੀਵਾਲ ਦੀ ਕਿਤਾਬ ਸੰਗਰਾਂਦ ਵੀ ਰਿਲੀਜ਼ ਕੀਤੀ ਗਈ। ਤਕਰੀਬਨ 300 ਦੇ ਕਰੀਬ ਉਸ ਦਿਨ ਗੁਰੂਦੁਆਰਾ ਸਿੰਘ ਸਭਾ 8115 132 ਸਟਰੀਟ ਸਰੀ ਅੰਦਰ ਅੰਦਰ ਜੁੜੀ ਸਿੱਖ ਸੰਗਤ ਵੱਲੋਂ ਸੰਗਰਾਂਦ ਕਿਤਾਬ ਨੂੰ ਭਰਵਾਂ ਹੁੰਗਾਰਾ ਮਿਲਿਆ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਦਵਿੰਦਰ ਧਾਲੀਵਾਲ ਆਸਟਰੇਲੀਆ ਰਹਿੰਦੇ ਸਨ ਅਤੇ ਉਹਨਾਂ ਨੇ ਪੰਜਾਬੀ ਫਿਲਮ ਚੱਲ ਮੇਰਾ ਪੁੱਤ ਦੇ ਗੀਤ ਵੀ ਲਿਖੇ ਸਨ। ਇਸ ਮੌਕੇ ਮਾਸਟਰ ਅਮਰ ਸਿੰਘ, ਅਜਮੇਰ ਸਿੰਘ,ਦਲਬੀਰ ਸਿੰਘ ਬੀਰਾ,ਸੁਖਵਿੰਦਰ ਸਿੰਘ,ਅਤੇ ਗੋਰਖਾ ਸਿੰਘ ਵੀ ਹਾਜਿਰ ਸਨ।


Punjab MONEY EXCHANGE
Pick Up & Delivery
NO EXTRA CHARGES
Contact for Sending & Receiving MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜ਼
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ (ਮੰਥਲੀ ਪੇਮੈਂਟ ਪਲੈਨਜ਼)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed- One year warranty on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7 403-899-7171

STANCE PHYSIO CHIRO & MASSAGE
Psychological/Mental Health Counselling Available
ਫਿਜ਼ੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

## ਕੈਂਟਕੀ ਪੁਲਿਸ ਨੇ 9 ਅਪ੍ਰੈਲ ਨੂੰ ਲੁਈਸਵਿਲੇ ਬੈਂਕ ਗੋਲੀਬਾਰੀ ਦੀ ਬਾਡੀ-ਕੈਮ ਫੁਟੇਜ ਜਾਰੀ ਕੀਤੀ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੀ ਕੈਂਟਕੀ ਪੁਲਿਸ ਨੇ 9 ਅਪ੍ਰੈਲ ਨੂੰ ਲੁਈਸਵਿਲੇ ਬੈਂਕ ਗੋਲੀਬਾਰੀ ਦੀ ਬਾਡੀ-ਕੈਮ ਫੁਟੇਜ ਜਾਰੀ ਕੀਤੀ ਹੈ। ਇਸ ਘਟਨਾ 'ਚ 5 ਲੋਕਾਂ ਦੀ ਮੌਤ ਹੋ ਗਈ ਸੀ। 2 ਪੁਲਿਸ ਅਧਿਕਾਰੀਆਂ ਸਮੇਤ 8 ਲੋਕ ਜ਼ਖਮੀ ਹੋ ਗਏ। ਅਧਿਕਾਰੀ ਨਿਕੋਲਸ ਵਿਲਟ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਹਮਲਾਵਰ ਨੂੰ ਪੁਲਿਸ ਨੇ ਗੋਲੀ ਮਾਰ ਦਿੱਤੀ ਸੀ। ਗੋਲੀਬਾਰੀ ਦੀ ਸੂਚਨਾ ਮਿਲਣ ਦੇ 3 ਮਿੰਟ ਦੇ ਅੰਦਰ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ ਸੀ। ਇਸ ਤੋਂ ਬਾਅਦ ਪੁਲਿਸ ਅਤੇ ਹਮਲਾਵਰ ਵਿਚਕਾਰ ਕਰੀਬ 8 ਮਿੰਟ ਤੱਕ ਝੜਪ ਹੋਈ, ਜਿਸ ਨੂੰ ਵੀਡੀ? 'ਚ ਸਾਫ ਦੇਖਿਆ ਜਾ ਸਕਦਾ ਹੈ। ਹਮਲਾਵਰ ਲੁਈਸਵਿਲੇ ਬੈਂਕ ਦਾ ਕਰਮਚਾਰੀ ਸੀ। ਉਸ ਦੀ ਪਛਾਣ 25 ਸਾਲਾ ਕੋਨਰ ਸਟਰਜਨ ਵੱਜੋਂ ਹੋਈ ਹੈ। ਉਸਨੇ ਇੰਸਟਾਗ੍ਰਾਮ 'ਤੇ ਬੈਂਕ ਦੇ ਅੰਦਰ ਗੋਲੀਬਾਰੀ ਦੀ ਲਾਈਵ ਸਟ੍ਰੀਮਿੰਗ ਕੀਤੀ। ਪੁਲਿਸ ਦੁਆਰਾ ਜਾਰੀ ਕੀਤੇ ਗਏ ਬਾਡੀ-ਕੈਮ ਫੁਟੇਜ ਵਿੱਚ ਦੋ ਅਧਿਕਾਰੀ, ਨਿਕੋਲਸ ਵਿਲਟ ਅਤੇ ਕੋਰੀ ਗੈਲੋਵੇ, ਗੋਲੀਬਾਰੀ ਦੇ ਦੌਰਾਨ ਬੈਂਕ ਵਿੱਚ ਪਹੁੰਚਦੇ ਹੋਏ ਦਿਖਾਈ ਦਿੰਦੇ ਹਨ। ਉਹ ਅੰਦਰ ਜਾਣ ਲਈ ਆਪਣੀ ਬੰਦੂਕ ਲੋਡ ਕਰਦਾ ਹੈ। ਜਿਵੇਂ ਹੀ ਉਹ ਕਾਰ ਤੋਂ ਬਾਹਰ ਨਿਕਲੇ, ਹਮਲਾਵਰ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਅਧਿਕਾਰੀ ਆਪਣਾ ਬਚਾਅ ਕਰਦੇ ਹਨ ਅਤੇ ਹਮਲਾਵਰ 'ਤੇ ਗੋਲੀ ਚਲਾ ਦਿੰਦੇ ਹਨ। ਇਸ ਦੌਰਾਨ ਦੋਵੇਂ ਜ਼ਖਮੀ ਹੋ ਜਾਂਦੇ ਹਨ, ਫਿਰ ਵੀ ਉਹ ਹਮਲਾਵਰ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ। ਅਫਸਰ ਗੈਲੋਵੇ ਇੱਕ ਥੰਮ੍ਹ ਦੇ ਪਿੱਛੇ ਤੋਂ ਹਮਲਾਵਰ 'ਤੇ ਫਾਇਰ ਕਰਦਾ ਹੈ। ਇਸ ਦੌਰਾਨ ਹਮਲਾਵਰ ਵੱਲੋਂ ਚਲਾਈ ਗਈ ਗੋਲੀ ਅਫ਼ਸਰ ਵਿਲਟ ਦੇ ਸਿਰ ਵਿੱਚ ਲੱਗੀ ਅਤੇ ਉਹ ਜ਼ਮੀਨ 'ਤੇ ਡਿੱਗ ਪਿਆ। ਇਸ ਦੌਰਾਨ ਹੋਰ ਅਧਿਕਾਰੀ ਮੱਦਦ ਲਈ ਆਉਂਦੇ ਹਨ। ਜਿਸ ਤੋਂ ਬਾਅਦ ਗੈਲੋਵੇ ਨੇ ਐਂਗਲ ਬਣਾਉਂਦੇ ਹੋਏ ਹਮਲਾਵਰ ਨੂੰ ਗੋਲੀ ਮਾਰ ਦਿੱਤੀ।

# ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਜੋਕੇ ਸਮੇਂ ਦੀ ਪ੍ਰਸੰਗਕਿਤਾ ਵਿੱਚ ਸਮਝਣ ਦੀ ਲੋੜ ਹੈ !



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) "ਸ਼ਹੀਦ ਭਗਤ ਸਿੰਘ ਨੂੰ ਹੁਣ ਤੱਕ ਆਮ ਤੌਰ ਤੇ ਇੱਕ ਖਾੜਕੂ ਅਜ਼ਾਦੀ ਘੁਲਾਟੀਏ ਦੇ ਤੌਰ ਤੇ ਹੀ ਦੇਖਿਆ ਗਿਆ ਹੈ, ਜਿਸਨੇ ਭਾਰਤ ਅਜ਼ਾਦੀ ਦੀ ਲੜਾਈ ਵਿੱਚ ਆਪਣੇ ਖਾੜਕੂ ਐਕਸ਼ਨਾਂ ਕਾਰਨ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਪ੍ਰਾਪਤ ਕੀਤੀ।ਪਰ ਹੁਣ ਸ਼ਹੀਦ ਭਗਤ ਸਿੰਘ ਨੂੰ ਉਸਦੀ ਵਿਚਾਰਧਾਰਾ ਦੇ ਅਧਾਰ ਤੇ ਅਜੋਕੇ ਸਮੇਂ ਦੀ ਪ੍ਰਸੰਗਕਿਤਾ ਵਿੱਚ ਦੇਖਣਾ ਚਾਹਿਦਾ ਹੈ", ਇਹ ਵਿਚਾਰ ਕੈਲਗਰੀ ਵਿੱਚ ਅਯੋਜਿਤ ਇੱਕ ਸੈਮਮੀਨਾਰ ਵਿੱਚ ਬੋਲਦੇ ਹੋਏ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ (ਝੂੰ) ਦੇ ਸਾਬਕਾ ਪ੍ਰੋਫ਼ੈਸਰ ਚਮਨ ਲਾਲ ਨੇ ਕਹੇ। ਬੀਤੇ ਦਿਨੀ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਦੇ ਹਾਲ ਵਿੱਚ 'ਸ਼ਹੀਦ ਭਗਤ ਸਿੰਘ ਤੇ ਅਜ਼ਾਦੀ ਘੁਲਾਟੀਆਂ ਦੀ ਵਿਚਾਰਧਾਰਾ ਦੀ ਅਜੋਕੇ ਸਮੇਂ ਵਿੱਚ ਪ੍ਰਸੰਗਕਿਤਾ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ।ਜਿਸ ਵਿੱਚ ਭਾਰਤ ਤੋਂ ਆਏ ਉੱਘੇ ਵਿਦਵਾਨ ਤੇ 60 ਤੋਂ ਵੱਧ ਕਿਤਾਬਾਂ ਦੇ ਲੇਖਕ ਡਾ. ਚਮਨ ਲਾਲ ਮੁੱਖ ਮਹਿਮਾਨ ਸਨ।ਉਨ੍ਹਾਂ ਆਪਣੇ ਇੱਕ ਘੰਟੇ ਦੇ ਲੈਕਚਰ ਵਿੱਚ ਸਰੋਤਿਆਂ ਨੂੰ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਅਧਾਰਿਤ ਇੱਕ ਨਵੇਂ ਭਗਤ ਸਿੰਘ ਦੇ ਦਰਸ਼ਨ ਕਰਵਾਏ, ਜਿਸਨੇ ਆਪਣੀ ਛੋਟੀ ਜਿਹੀ ਜ਼ਿੰਦਗੀ ਵਿੱਚ ਨਾ ਸਿਰਫ ਸੈਂਕੜੇ ਕਿਤਾਬਾਂ ਪੜ੍ਹੀਆਂ, ਸਗੋਂ ਸੈਂਕੜੇ ਲਿਖਤਾਂ ਲਿਖੀਆਂ। ਉਨ੍ਹਾਂ ਕਨੇਡਾ, ਅਮਰੀਕਾ, ਇੰਗਲੈਂਡ, ਭਾਰਤ ਤੇ ਹੋਰ ਅਨੇਕਾਂ ਦੇਸ਼ਾਂ ਵਿੱਚ ਉਨ੍ਹਾਂ ਸਮਿਆਂ ਦੀਆਂ ਅਖ਼ਬਾਰਾਂ ਵਿੱਚ ਭਗਤ ਸਿੰਘ ਤੇ ਸਾਥੀਆਂ ਬਾਰੇ ਪ੍ਰਮੁੱਖਤਾ ਨਾਲ਼ ਛਪੀਆਂ ਲਿਖਤਾਂ ਦਾ ਜ਼ਿਕਰ ਕੀਤਾ।ਇੱਥੇ ਵਰਨਣਯੋਗ ਹੈ ਕਿ ਡਾ. ਚਮਨ ਲਾਲ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਹਿੰਦੀ ਦੇ ਪ੍ਰੋਫ਼ੈਸਰ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਵਿੱਚ ਭਾਸ਼ਾ ਵਿਭਾਗ ਦੇ ਡੀਨ, ਸੈਂਟਰਲ ਯੂਨੀਵਰਸਿਟੀ ਬਠਿੰਡਾ ਵਿੱਚ ਪੰਜਾਬੀ ਲਿਟਰੇਚਰ ਦੇ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਹਿੰਦੀ ਦੇ ਪ੍ਰੋਫ਼ੈਸਰ ਰਹੇ ਹਨ। ਉਨ੍ਹਾਂ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਬਾਰੇ ਲੰਬਾ ਸਮਾਂ ਰਿਸਰਚ ਕਰਕੇ ਅਨੇਕਾਂ ਕਿਤਾਬਾਂ ਲਿਖੀਆਂ।

ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਆਏ ਹੋਏ ਮਹਿਮਾਨਾਂ ਤੇ ਦਰਸ਼ਕਾਂ ਨੂੰ ਜੀ ਆਇਆਂ ਆਖਿਆ ਅਤੇ ਡਾ. ਚਮਨ ਲਾਲ ਜੀ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ।ਸਟੇਜ ਸਕੱਤਰ ਦੀਆਂ ਸੇਵਾਵਾਂ ਕਮਲਪ੍ਰੀਤ ਪੰਧੇਰ ਨੇ ਨਿਭਾਈਆਂ।ਇਸ ਮੌਕੇ ਤੇ ਯੰਗਸਤਾਨ ਕੈਲਗਰੀ ਦੇ ਬੱਚਿਆਂ ਪ੍ਰਭਰੂਪ ਸਿੰਘ ਮਾਂਗਟ ਅਤੇ ਸਲੋਨੀ ਗੌਤਮ ਨੇ ਖ਼ੂਬਸੂਰਤ ਅੰਦਾਜ ਵਿੱਚ ਗੀਤ ਪੇਸ਼ ਕੀਤੇ।ਇਨ੍ਹਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਤੂਰ ਤੇ ਕੁਲਦੀਪ ਸਿੰਘ ਨੇ ਬੁਲੰਦ ਅਵਾਜ ਵਿੱਚ ਗੀਤ ਪੇਸ਼ ਕੀਤੇ।ਅਖੀਰ ਵਿੱਚ ਇੰਡੀਅਨ ਐਕਸ ਸਰਵਿਸਮੈਨ ਇਮੀਗਰੈਂਟ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਬਲਕਾਰ ਸਿੰਘ ਸੰਧੂ ਨੇ ਸਭ ਦਾ ਧੰਨਵਾਦ ਕੀਤਾ।ਇਸ ਮੌਕੇ ਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਵਲੋਂ ਡਾ. ਚਮਨ ਲਾਲ ਜੀ ਨੂੰ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

## ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਦਿਹਾੜਾ ਕੈਲਗਰੀ ਵਿੱਚ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਦਿਹਾੜਾ ਕੈਨੇਡਾ ਅਤੇ ਅਮਰੀਕਾ ਵਿਚ ਵਸਦੇ ਸਿੱਖ ਭਾਈਚਾਰੇ ਵੱਲੋਂ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਇਸ ਪਵਿੱਤਰ ਦਿਹਾੜੇ ਦੇ ਮੌਕੇ ਤੇ ਕੈਲਗਰੀ ਦੇ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਵਿੱਚ ਸਵੇਰ ਤੋਂ ਹੀ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਨਜ਼ਰ ਆ ਰਿਹਾ ਸੀ। ਸਵੇਰ ਤੋਂ ਲੈ ਕੇ ਸ਼ਾਮ ਤੱਕ ਰਾਗੀ ਢਾਡੀ ਜੱਥੇ ਅਤੇ ਕਥਾਵਾਚਕਾਂ ਨੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਤੇ ਵਲੰਟੀਅਰਾਂ ਵੱਲੋਂ ਦਸਤਾਰਾਂ ਵੀ ਸਜਾਈਆਂ ਜਾ ਰਹੀਆਂ ਸਨ। ਗੁਰੂ ਕੇ ਲੰਗਰ ਅਤੁੱਟ ਵਰਤੇ। ਅਲਬਰਟਾ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਸਿਆਸੀ ਪਾਰਟੀਆਂ ਦੇ ਲੀਡਰ ਅਤੇ ਉਮੀਦਵਾਰ ਵੀ ਗੁਰਦੁਆਰਾ ਸਾਹਿਬ ਪਹੁੰਚ ਰਹੇ ਸਨ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਜਿੰਦਰ ਸਿੰਘ ਗਿੱਲ ਅਤੇ ਚੇਅਰਮੈਨ ਗੁਰਜੀਤ ਸਿੰਘ ਸਿੱਧੂ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਆਖਿਆ ਕੇ ਵਰਕਿੰਗ ਡੇਅ ਹੋਣ ਦੇ ਬਾਵਜੂਦ ਸੰਗਤ ਇੰਨੀ ਵੱਡੀ ਗਿਣਤੀ ਚ ਗੁਰਦੁਆਰਾ ਸਾਹਿਬ ਪਹੁੰਚੀ ਹੈ ਉਨ੍ਹਾਂ ਦੱਸਿਆ ਕਿ ਵਿਸਾਖੀ ਦੇ ਇਸ ਦਿਹਾੜੇ ਲਈ ਕਈ ਦਿਨ ਪਹਿਲਾਂ ਹੀ ਪ੍ਰਬੰਧ ਸ਼ੁਰੂ ਕਰ ਦਿੱਤੇ ਗਏ ਸਨ ਤਾਂ ਕਿ ਸੰਗਤ ਨੂੰ ਕਿਸੇ ਤਰਾਂ ਦੀ ਦਿੱਕਤ ਨਾ ਹੋਵੇ।

























# ਸੰਪਾਦਕੀ



ਮੁਹੱਬਤ ਹੀ ਨਫ਼ਰਤ ਦੀ ਕੰਧ ਢਾਅ ਸਕਦੀ ਹੈ।
-ਗਿਬਨ

## ਕਨੇਡਾ ਦੀਆਂ ਵੋਟਾਂ ਅਤੇ ਅਸੀਂ ਪੰਜਾਬੀ ਵੋਟਰ

ਅਲਬਰਟਾ ਸੂਬੇ ਅੰਦਰ ਆਉਣ ਵਾਲੇ ਮਈ ਮਹੀਨੇ ਸੂਬਾਈ ਚੋਣਾਂ ਹੋਣ ਜਾ ਰਹੀਆਂ ਹਨ। ਉਂਝ ਤਾਂ ਭਾਵੇਂ ਕਾਗਜੀ ਪੱਤਰੀਂ ਕਈ ਰਾਜਨੀਤਕ ਪਾਰਟੀਆਂ ਵੱਲੋਂ ਚੋਣ ਲੜਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਅਸਲ ਵਿੱਚ ਅਲਬਰਟਾ ਸੂਬੇ ਅੰਦਰ ਮੁੱਖ ਮੁਕਾਬਲਾ ਤਾਂ ਸੱਤਾਧਾਰੀ ਯੁਨਾਈਟਿਡ ਕੰਜ਼ਰਵੇਟਿਵ ਪਾਰਟੀ ਅਤੇ ਐਨ ਡੀ ਪੀ ਵਿਚਕਾਰ ਹੀ ਹੈ। ਐਨ ਡੀ ਪੀ ਇਸ ਵੇਲੇ ਮੁੱਖ ਵਿਰੋਧੀ ਧਿਰ ਦੇ ਰੂਪ ਵਿੱਚ ਹੈ। ਅਲਬਰਟਾ ਸੂਬੇ ਵਿੱਚ ਸਾਲ 2015 ਵਿੱਚ ਪਹਿਲੀ ਵਾਰ ਐਨ ਡੀ ਪੀ ਨੇ ਸੱਤਾ ਸੰਭਾਲੀ ਸੀ ਪਰ ਉਸ ਤੋਂ ਅਗਲੀਆਂ ਚੋਣਾਂ ਮੌਕੇ ਫੈਡਰਲ ਸਰਕਾਰ ਵਿੱਚੋਂ ਵਿਸੇਸ ਤੌਰ ਤੇ ਆਏ ਯੂ ਸੀ ਪੀ ਲੀਡਰ ਜੈਸ਼ਨ ਕੇਨੀ ਦੀ ਰਾਜਨੀਤਕ ਹਨੇਰੀ ਅੱਗੇ ਐਨ ਡੀ ਪੀ ਟਿਕ ਨਾ ਸਕੀ ਅਤੇ ਇਸ ਨੂੰ ਵਿਰੋਧੀ ਧਿਰ ਦੇ ਰੂਪ ਵਿੱਚ ਅਸੰਬਲੀ ਅੰਦਰ ਬੈਠਣ ਲਈ ਮਜਬੂਰ ਹੋਣਾ ਪਿਆ । ਦੋਵੇਂ ਹੀ ਰਾਜਨੀਤਕ ਪਾਰਟੀਆਂ ਭਾਰਤੀ ਮੂਲ ਦੇ ਲੋਕਾਂ ਨੂੰ ਆਪਣੇ ਵੋਟ ਬੈਂਕ ਵੱਜੋਂ ਵਰਤਣ ਦਾ ਮੌਕਾ ਅਜਾਈਂ ਨਹੀਂ ਜਾਣ ਦਿੰਦੀਆਂ । ਜਿਹੜੇ ਜਿਹੜੇ ਚੋਣ ਹਲਕਿਆਂ ਅੰਦਰ ਭਾਰਤੀ ਮੂਲ ਦੇ ਖਾਸ ਕਰਕੇ ਪੰਜਾਬੀਆਂ ਦੀ ਬਹੁ ਗਿਣਤੀ ਹੈ ਉਸ ਇਲਾਕਿਆਂ ਅੰਦਰ ਦੋਵੇਂ ਹੀ ਪਾਰਟੀਆਂ ਦੇ ਉਮੀਦਵਾਰ ਪੰਜਾਬੀ ਮੂਲ ਦੇ ਹੀ ਹਨ। ਪੰਜਾਬੀ ਉਮੀਦਵਾਰ ਦੇ ਮੁਕਾਬਲੇ ਪੰਜਾਬੀ ਉਮੀਦਵਾਰ ਹੀ ਉਸ ਨੂੰ ਟੱਕਰ ਦੇ ਸਕਦਾ ਹੈ ਇਹ ਫਾਰਮੂਲਾ ਭਾਵੇਂ ਰਾਜਨੀਤਕ ਪਾਰਟੀਆਂ ਨੂੰ ਤਾਂ ਪੂਰੀ ਤਰਾਂ ਫਿੱਟ ਬੈਠਦਾ ਹੈ ਪਰ ਪੰਜਾਬੀ ਭਾਈਚਾਰੇ ਅੰਦਰ ਇਹ ਦਰਾੜਾਂ ਪਾਉਣ ਦਾ ਕੰਮ ਹੀ ਕਰਦਾ ਹੈ। ਕਨੇਡਾ ਦੀਆਂ ਚੋਣਾਂ ਮੌਕੇ ਸਾਡੇ ਪੰਜਾਬੀ ਭਾਈਚਾਰੇ ਦੀ ਰਾਜਨੀਤਕ ਪਾਰਟੀਆਂ ਬਾਰੇ ਆਪਣੀ ਖ਼ੁਦ ਦੀ ਕੋਈ ਪੱਕੀ ਵਿਚਾਰਧਾਰਾ ਜਾਂ ਪਾਰਟੀ ਦੀਆਂ ਵਿਚਾਰਧਾਰਾਵਾਂ ਨਾਲ ਸਹਿਮਤੀ ਜਾਂ ਅਸਿਹਮਤੀ ਨਾ ਹੋਣਾ ਵੀ ਭਾਈਚਾਰੇ ਲਈ ਖਤਰਨਾਕ ਹੈ। ਜੋ ਪੰਜਾਬ ਵਿੱਚ ਹੁੰਦਾ ਸੀ ਉਹੀ ਹਾਲ ਕਨੇਡਾ ਦੀਆਂ ਚੋਣਾਂ ਮੌਕੇ ਹੁੰਦਾ ਹੈ । ਰਾਜਨੀਤਕ ਪਾਰਟੀਆਂ ਧਾਰਮਿਕ ਅਤੇ ਸਮਾਜ ਸੇਵਕ ਕਹਾਉਂਦੇ ਲੋਕਾਂ ਨੂੰ ਇਹਨੀ ਦਿਨੀ ਪ੍ਰੈਸਰ ਗਰੁੱਪਾਂ ਦੇ ਰੂਪ ਵਿੱਚ ਵਰਤੀਆਂ ਹਨ। ਮੰਦਰ ਮਸਜਿਦ ਗੁਰਦੁਆਰੇ ਵੀ ਰਾਜਨੀਤਕ ਪਾਰਟੀਆਂ ਦੀ ਇਸ ਮਾਰ ਤੋਂ ਨਹੀਂ ਬਚ ਸਕੇ। ਬਹੁਤੇ ਪੰਜਾਬੀ ਵੋਟਰਾਂ ਦਾ ਇਹੀ ਮੰਨਣਾ ਹੁੰਦਾ ਐ ਅਖੇ ਜੀ ਫਲਾਣਾ ਸਿਉਂ ਜਿੱਧਰ ਆਖੂਗਾ ਆਪਾਂ ਤਾਂ ਉਧਰ ਹੀ ਵੋਟ ਪਾਵਾਂਗੇ। ਅੱਗੇ ਫ਼ਲਾਣਾਂ ਸਿਉਂ ਵੀ ਪਾਰਟੀ ਦੇ ਵੱਡੇ ਲੀਡਰਾਂ ਇਹ ਗੱਲਾਂ ਆਖੀ ਬੈਠਾ ਹੁੰਦਾ ਹੈ ਕਿ ਮੇਰੇ ਕੋਲ ਸਾਡੇ ਭਾਈਚਾਰੇ ਇੱਡਾ ਵੱਡਾ ਵੋਟ ਬੈਂਕ ਹੈ । ਬਹੁਤੇ ਪੰਜਾਬੀ ਵੋਟਰਾਂ ਦਾ ਇਹ ਹਾਲ ਹੈ ਕਿ ਉਹਨਾਂ ਨੇ ਹਾਲੇ ਤੱਕ ਇਹ ਮਨ ਨਹੀਂ ਬਣਾਇਆ ਕਿ ਉਹਨਾਂ ਦਾ ਵੋਟ ਕਿਸ ਉਮੀਦਵਾਰ ਦੇ ਵੋਟ ਬਕਸੇ ਵਿੱਚ ਜਾਣੀ ਚਾਹੀਦੀ ਹੈ। ਇੱਕ ਹੋਰ ਬਹੁਤ ਮਾੜਾ ਰੁਝਾਨ ਇਹ ਵੀ ਹੈ ਕਿ ਕਨੇਡਾ ਦੇ ਜੰਮਪਲ ਬੱਚਿਆਂ ਨੂੰ ਵੀ ਬਹੁਤ ਵਾਰੀ ਪਰਿਵਾਰ ਦੇ ਵਡੇਰਿਆਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਇਸ ਵਾਰ ਆਪਾਂ ਵੋਟ ਫਲਾਣੇ ਦੇ ਕਹਿਣ ਉੱਪਰ ਫਲਾਣੇ ਉਮੀਦਵਾਰ ਹੀ ਪਾਉਣੀ ਹੈ ਜਦੋਂ ਕਿ ਇੱਥੋਂ ਦੇ ਜੰਮਪਲ ਬੱਚੇ ਤਾਂ ਇਹਨਾਂ ਰਾਜਨੀਤਕ ਪਾਰਟੀਆਂ ਦੀਆਂ ਚੰਗੀਆਂ ਮਾੜੀਆਂ ਨੀਤੀਆਂ ਤੋਂ ਜਾਣੂੰ ਹੁੰਦੇ ਹਨ ਇਸ ਲਈ ਜਦੋਂ ਉਹ ਨਾਂਹ ਨੁੱਕਰ ਵਾਲਾ ਜੁਆਬ ਦਿੰਦੇ ਹਨ ਤਾਂ ਫਿਰ ਮਾਪਿਆਂ ਕੋਲ ਉਹਨਾਂ ਦੀ ਉਹਨਾਂ ਦੇ ਸੁਝਾਏ ਗਏ ਉਮੀਦਵਾਰ ਪ੍ਰਤੀ ਤਸੱਲੀ ਕਰਵਾਉਣ ਲਈ ਕੋਈ ਠੋਸ ਸ਼ਬਦਾਵਲੀ ਨਹੀਂ ਹੁੰਦੀ। ਕਨੇਡਾ ਆਕੇ ਪੰਜਾਬੀਆਂ ਨੂੰ ਕਿਸੇ ਦੇ ਕਹੇ ਕਹਾਏ ਵੋਟ ਪਾਉਣ ਦੀ ਰਵਾਇਤੀ ਆਦਤ ਨੂੰ ਛੱਡਕੇ ਕਨੇਡਾ ਦੀਆਂ ਰਾਜਨੀਤਕ ਪਾਰਟੀਆਂ ਦੀਆਂ ਨੀਤੀਆਂ ਉੱਪਰ ਨਜ਼ਰ ਮਾਰਨ ਦੀ ਆਦਤ ਪਾਉਣੀ ਚਾਹੀਦੀ ਹੈ। ਹੁਣ ਅਲਬਰਟਾ ਸੂਬੇ ਦੀਆਂ ਚੋਣਾਂ 29 ਮਈ 2023 ਨੂੰ ਹੋਣ ਜਾ ਰਹੀਆਂ ਹਨ । ਸੋ ਪੰਜਾਬੀਓ ਇਹ ਫੈਸਲਾਕੁਨ ਘੜੀ ਦੀ ਸਹੀ ਵਰਤੋਂ ਕਰਦਿਆਂ ਹੀ ਤੁਸੀਂ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਸੰਵਾਰ ਸਕਦੇ ਹੋ। ਫਲਾਣਾ ਸਿਉਂ ਦਾ ਖਹਿੜਾ ਛੱਡਣਾਂ ਹੀ ਪੈਣਾ ਹੈ ਕਿਉਂਕਿ ਹੋ ਸਕਦੈ ਫ਼ਲਾਣਾ ਸਿਉਂ ਤਾਂ ਅਗਲੀਆਂ ਚੋਣਾਂ ਮੌਕੇ ਨੀਲੀ ਤੋਂ ਸੰਤਰੀ ਜਾਂ ਸੰਤਰੀ ਤੋਂ ਨੀਲੀ ਜਾਂ ਲਾਲ ਪੀਲੀ ਕਿਸੇ ਵੀ ਰੰਗ ਦੀ ਪੱਗ ਦਾ ਤੁਰਲਾ ਉੱਚਾ ਕਰ ਸਕਦਾ ਹੈ ਪਰ ਉਸ ਵੇਲੇ ਉਸ ਦੇ ਉੱਚੇ ਤੁਰਲੇ ਵੱਲ ਵੇਖਦਿਆਂ ਤੁਸੀਂ ਆਪਣੇ ਆਪ ਨੂੰ ਨੀਵਾਂ ਮਹਿਸੂਸ ਕਰੋਂਗੇ ।ਸੋ ਸਾਵਧਾਨ !

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਕੀ ਇਤਿਹਾਸ ਨਾਲ ਖਿਲਵਾੜ ਜ਼ਰੂਰੀ ਹੈ?




**ਗੁਰਮੀਤ ਸਿੰਘ ਪਲਾਹੀ**
-9815802070



ਅਮਰੀਕਾ ਦੇ ਸਾਸ਼ਕਾਂ ਅਨੁਸਾਰ ਅਮਰੀਕਾ ਦਾ ਇਤਿਹਾਸ ਕੋਈ ਵੀ ਹੋਵੇ ਪਰ ਉਥੇ ਦੇ ਕਾਲੇ ਲੋਕਾਂ ਦਾ ਇਤਿਹਾਸ ਵੱਖਰਾ ਹੋਏਗਾ। ਅਮਰੀਕਾ ਦੇ ਕਾਲੇ ਲੋਕਾਂ ਦੇ ਵਿਚਾਰਾਂ ਦੀ ਤਰਜ਼ਮਾਨੀ ਕਰਨ ਵਾਲੀ ਕਾਲੀ ਕਵਿੱਤਰੀ ਮਾਇਆ ਐਂਜਲੋ ਕਾਲੇ ਲੋਕਾਂ ਦੀ ਗੁਲਾਮੀ ਦਾ ਦਰਦ ਬਿਆਨਦੀ ਉਹਨਾ ਦਾ ਇਤਿਹਾਸ ਵਰਨਣ ਕਰਦੀ ਹੈ, "ਇਤਿਹਾਸ ਚਾਹੇ ਜਿੰਨਾ ਵੀ ਦਰਦ ਭਰਿਆ ਹੋਵੇ, ਦੁਬਾਰਾ ਨਹੀਂ ਜੀਆ ਜਾ ਸਕਦਾ ਹੈ। ਹੌਸਲੇ ਦੇ ਨਾਲ ਜੇਕਰ ਉਸ ਦਾ ਸਾਹਮਣਾ ਕੀਤਾ ਜਾਏ ਤਾ ਉਸਨੂੰ ਦੁਬਾਰਾ ਜੀਣ ਦੀ ਜ਼ਰੂਰਤ ਨਹੀਂ ਹੈ"।

ਕੀ ਆਰ.ਐਸ.ਐਸ. ਦੀ ਮਾਨਸਿਕਤਾ ਵਾਲੇ ਲੋਕ ਇਹਨਾ ਸਤਰਾਂ ਦੇ ਅਰਥ ਸਮਝ ਸਕਦੇ ਹਨ? ਜੇਕਰ ਉਹ ਸਮਝ ਸਕਦੇ ਤਾ ਕਦੇ ਇਸ ਤੱਥ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਣਗੇ ਕਿ ਨੱਥੂ ਰਾਮ ਗੋਡਸੇ ਨੇ ਮੋਹਨ ਦਾਸ ਕਰਮਚੰਦ ਗਾਂਧੀ ਦਾ ਕਤਲ ਕੀਤਾ ਸੀ। ਕੀ ਇਸ ਨੂੰ ਭੁਲਾਇਆ ਜਾ ਸਕਦਾ ਹੈ? ਕੀ ਗੁਜਰਾਤ ਦੇ ਦੰਗਿਆਂ ਦਾ ਜ਼ਿਕਰ ਇਤਿਹਾਸ ਵਿਚੋਂ ਬਾਹਰ ਕੀਤਾ ਜਾ ਸਕਦਾ ਹੈ?

ਐਨ.ਸੀ.ਈ.ਆਰ.ਟੀ. ਦੇ ਅਧਿਕਾਰੀਆਂ ਵਲੋਂ ਉਪਰੋਕਤ ਤੱਥਾਂ ਨੂੰ ਗਿਆਰਵੀ ਤੇ ਬਾਰਹਵੀ ਦੀਆਂ ਕਿਤਾਬਾਂ ਵਿਚੋਂ ਹਾਕਮਾਂ ਦੇ ਇਸ਼ਾਰੇ 'ਤੇ ਬਾਹਰ ਕੱਢ ਦਿੱਤਾ ਗਿਆ ਹੈ। ਮੁਗਲ ਬਾਦਸ਼ਾਹਾਂ ਦੇ ਇਤਿਹਾਸ ਨੂੰ ਵੀ ਹੁਣ ਘੱਟ ਪੜ੍ਹਾਇਆ ਜਾਏਗਾ। ਕਿਹਾ ਜਾ ਰਿਹਾ ਹੈ ਕਿ ਭਾਰੀ ਭਰਕਮ ਪੜ੍ਹਾਉਣਾ ਬੱਚਿਆਂ ਉਤੇ ਵੱਡਾ ਬੋਝ ਹੈ।

ਇਹ ਨਹੀਂ ਕਿ ਮੌਜੂਦਾ ਦੌਰ ਵਿੱਚ ਮੋਦੀ ਪ੍ਰਸ਼ਾਸ਼ਨ ਵਲੋਂ ਹੀ ਇਹ ਕੰਮ ਕੀਤਾ ਜਾ ਰਿਹਾ ਹੈ, ਅਸਲ ਵਿੱਚ ਕਾਂਗਰਸ ਦੇ ਦੌਰ ਵਿੱਚ ਵੀ ਇਸ ਕਿਸਮ ਦਾ ਖਿਲਵਾੜ ਕੀਤਾ ਗਿਆ। ਹੁਣ ਜਿਵੇਂ ਕਿ ਹਾਕਮ ਹਿੰਦੂਤਵੀ ਅਜੰਡਾ ਜਾਰੀ ਕਰਨ ਲਈ ਹਿੰਦੂਆਂ ਨੂੰ ਖੁਸ਼ ਕਰਨ ਲਈ ਇਹ ਕਾਰਵਾਈ ਕਰ ਰਹੇ ਹਨ, ਕਾਂਗਰਸੀ ਹਾਕਮਾਂ ਵਲੋਂ ਮੁਸਲਮਾਨਾਂ ਨੂੰ ਖੁਸ਼ ਕਰਨ ਲਈ, ਉਹਨਾ ਦੀਆਂ ਵੋਟਾਂ ਹਥਿਆਉਣ ਲਈ ਇਹ ਕੰਮ ਕੀਤਾ ਗਿਆ, ਉਹਨਾ ਮੁਗਲ ਹਾਕਮਾਂ ਦੀਆਂ ਬੁਰਾਈਆਂ ਨੂੰ ਵੀ ਚੰਗਿਆਈਆਂ ਦੱਸਿਆ। ਕੀ ਇਹ ਇਤਿਹਾਸ ਨਾਲ ਖਿਲਵਾੜ ਨਹੀਂ ਸੀ?

ਇਹ ਠੀਕ ਹੈ ਕਿ ਇਤਿਹਾਸ ਦੀਆਂ ਕਿਤਾਬਾਂ 'ਚ ਸੁਧਾਰ ਜ਼ਰੂਰੀ ਹੈ, ਲੇਕਿਨ ਇਹਨਾ ਕੋਸ਼ਿਸ਼ਾਂ ਦਾ ਮਕਸਦ ਇਹ ਨਹੀਂ ਹੋਣਾ ਚਾਹੀਦਾ ਕਿ ਜੋ ਕੁਝ ਵਰਤਮਾਨ 'ਚ ਹਿੰਦੂਤਵੀ ਸਾਸ਼ਕਾਂ ਨੂੰ ਨਾਪਸੰਦ ਹੈ, ਉਹਨਾ ਨੂੰ ਕਿਤਾਬਾਂ ਵਿਚੋਂ ਬਾਹਰ ਕੱਢ ਦਿੱਤਾ ਜਾਵੇ। ਇਸਦਾ ਬੱਚਿਆਂ ਉਤੇ ਅਸਰ ਆਖ਼ਰ ਕੀ ਹੋਵੇਗਾ?

ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਢੰਗ ਨਾਲ ਇਤਿਹਾਸ ਲਿਖਵਾਇਆ, ਕੈਪਸੂਲ ਤਿਆਰ ਕਰਵਾ ਕੇ ਜ਼ਮੀਨ 'ਚ ਦੱਬਿਆ ਤਾਂ ਕਿ ਸਦੀਆਂ ਬਾਅਦ ਵੀ ਇੰਦਰਾ ਗਾਂਧੀ ਵਲੋਂ ਸਿਰਜਿਆ ਇਤਿਹਾਸ ਉਸ ਮੌਕੇ ਲੋਕਾਂ ਦੀਆਂ ਨਜ਼ਰਾਂ 'ਚ ਆਵੇ। ਪਰ ਸਮੇਂ ਨੇ ਅਜਿਹਾ ਝੰਜੋੜਾ ਦਿੱਤਾ ਕਿ ਐਮਰਜੈਂਸੀ ਤੋਂ ਬਾਅਦ ਲੋਕਾਂ 'ਚ ਉਬਾਲ ਆਇਆ। ਸਰਕਾਰ ਬਦਲੀ, ਲੋਕਾਂ ਨੇ ਆਪਣੀ ਮਰਜ਼ੀ ਦੀ ਸਰਕਾਰ ਬਣਾਈ। ਇਹ ਗੱਲ ਵੱਖਰੀ ਹੈ ਕਿ ਇਹ ਸਰਕਾਰ ਵੀ ਲੋਕਾਂ ਦੇ ਹਿੱਤਾਂ ਅਨੁਸਾਰ ਨਹੀਂ ਸੀ।

ਮੋਦੀ ਸਾਸ਼ਨ ਨੇ ਆਪਣੀਆਂ ਨੀਤੀਆਂ ਲਾਗੂ ਕਰਨ ਦਾ ਯਤਨ ਕੀਤਾ, ਅੰਗਰੇਜ਼ ਸਾਸ਼ਕਾਂ ਵਾਂਗਰ ਕਾਲੇ ਕਾਨੂੰਨ ਪਾਸ ਕੀਤੇ। ਦੇਸ਼ ਦੇ ਆਮ ਲੋਕਾਂ ਦੇ ਅਰਥਚਾਰੇ ਨੂੰ ਭੰਨਣ ਵਾਲੇ ਤਿੰਨ ਖੇਤੀ ਕਾਨੂੰਨ ਪਾਸ ਕਰ ਦਿੱਤੇ। ਪਰ ਲੋਕ ਰੋਹ ਅੱਗੇ ਉਹ ਕਿਧਰੇ ਵੀ ਟਿੱਕ ਨਾ ਸਕੇ। ਜਿਵੇਂ ਆਖਦੇ ਸਨ ਕਿ ਅੰਗਰੇਜ਼ਾਂ ਦੇ ਰਾਜ 'ਚ ਸੂਰਜ ਨਹੀਂ ਛੁਪਦਾ, ਪਰ ਲੋਕਾਂ ਨੇ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ, ਆਜ਼ਾਦੀ ਪ੍ਰਾਪਤ ਕੀਤੀ ਭਾਵੇਂ ਕਿ ਗੋਰੇ ਹਾਕਮਾਂ ਦੀ ਥਾਂ ਕਾਲੇ ਹਾਕਮਾਂ ਨੇ ਆਕੇ ਲੋਕਾਂ ਨੂੰ ਗੁੰਮਰਾਹ ਕਰਦਿਆਂ, ਆਪਣੀ ਕੁਰਸੀ ਪੱਕੀ ਕਰਨ ਲਈ, ਕਦੇ ਗਰੀਬੀ ਹਟਾਓ ਦੇ ਨਾਹਰੇ ਲਾਏ, ਕਦੇ ਦੇਸ਼ ਨੂੰ ਵਿਦੇਸ਼ੀ ਤਾਕਤਾਂ ਤੋਂ ਖ਼ਤਰੇ ਦੀ ਗੱਲ ਕੀਤੀ ਅਤੇ ਆਪਣਾ ਰਾਜਭਾਗ ਪੱਕਾ ਕਰਨ ਅਤੇ ਵੋਟਾਂ ਵਟੋਰਨ ਲਈ ਪ੍ਰਪੰਚ ਰਚੇ। ।ਪਰ ਇਤਿਹਾਸ ਦੇ ਪੰਨਿਆਂ 'ਚ ਉਹ ਲੋਕ ਹੀ ਦਰਜ਼ ਹੋਏ, ਜਿਹਨਾ ਸੰਘਰਸ਼ ਲੜੇ, ਵਿਤਕਰਿਆਂ ਵਿਰੁੱਧ ਆਵਾਜ਼ ਉਠਾਈ, ਆਪਣੇ ਹੱਕਾ ਲਈ ਲੜੇ। ਇਹ ਵੱਖਰੀ ਗੱਲ ਹੈ ਕਿ ਸਾਸ਼ਕ ਆਪਣੀ ਮਰਜ਼ੀ ਨਾਲ ਇਤਿਹਾਸ ਨਾਲ ਖਿਲਵਾੜ ਕਰਦੇ, ਆਪਣੀਆਂ ਸਰਕਾਰਾਂ ਦੀਆਂ ਪ੍ਰਾਪਤੀਆਂ, ਨੀਤੀਆਂ ਦੀ ਗੱਲ ਕਰਦੇ ਰਹੇ।

> "ਇਤਿਹਾਸ ਚਾਹੇ ਜਿੰਨਾ ਵੀ ਦਰਦ ਭਰਿਆ ਹੋਵੇ, ਦੁਬਾਰਾ ਨਹੀਂ ਜੀਆ ਜਾ ਸਕਦਾ ਹੈ। ਹੌਸਲੇ ਦੇ ਨਾਲ ਜੇਕਰ ਉਸ ਦਾ ਸਾਹਮਣਾ ਕੀਤਾ ਜਾਏ ਤਾ ਉਸਨੂੰ ਦੁਬਾਰਾ ਜੀਣ ਦੀ ਜ਼ਰੂਰਤ ਨਹੀਂ ਹੈ"।
> ਕੀ ਆਰ.ਐਸ.ਐਸ. ਦੀ ਮਾਨਸਿਕਤਾ ਵਾਲੇ ਲੋਕ ਇਹਨਾ ਸਤਰਾਂ ਦੇ ਅਰਥ ਸਮਝ ਸਕਦੇ ਹਨ? ਜੇਕਰ ਉਹ ਸਮਝ ਸਕਦੇ ਤਾ ਕਦੇ ਇਸ ਤੱਥ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਣਗੇ ਕਿ ਨੱਥੂ ਰਾਮ ਗੋਡਸੇ ਨੇ ਮੋਹਨ ਦਾਸ ਕਰਮਚੰਦ ਗਾਂਧੀ ਦਾ ਕਤਲ ਕੀਤਾ ਸੀ। ਕੀ ਇਸ ਨੂੰ ਭੁਲਾਇਆ ਜਾ ਸਕਦਾ ਹੈ? ਕੀ ਗੁਜਰਾਤ ਦੇ ਦੰਗਿਆਂ ਦਾ ਜ਼ਿਕਰ ਇਤਿਹਾਸ ਵਿਚੋਂ ਬਾਹਰ ਕੀਤਾ ਜਾ ਸਕਦਾ ਹੈ?

ਅੱਜ ਵੀ ਭਾਵੇਂ ਸਰਕਾਰ ਵਿਰੋਧੀ ਆਵਾਜ਼ ਨੂੰ ਦਬਾਉਣ ਦਾ ਯਤਨ ਹੁੰਦਾ ਹੈ। ਪੱਤਰਕਾਰਾਂ, ਲੇਖਕਾਂ, ਚਿੰਤਕਾਂ, ਸੰਘਰਸ਼ੀ ਲੋਕਾਂ ਉਤੇ ਲਗਾਤਾਰ ਹਮਲੇ ਹੁੰਦੇ ਹਨ, ਉਹਨਾ ਨੂੰ ਕਈ ਹਾਲਤਾਂ 'ਚ ਜਾਨ ਤੋਂ ਵੀ ਹੱਥ ਧੋਣੇ ਪੈਂਦੇ ਹਨ। ਪਰ ਵਿਦਰੋਹੀ ਆਵਾਜ਼, ਚੇਤੰਨ ਆਵਾਜ਼, ਲੋਕ ਅਵਾਜ਼, ਲੋਕ ਸੰਘਰਸ਼ ਹੀ ਲੋਕ ਇਤਿਹਾਸ ਬਣਦਾ ਹੈ, ਜਿਸਨੂੰ ਕੋਈ ਵੀ ਹਾਕਮ ਧਿਰ ਲੋਕ ਮਨਾਂ 'ਚੋਂ ਵਿਸਾਰ ਨਹੀਂ ਸਕਦੀ। ਭਗਤ ਸਿੰਘ ਨੂੰ ਕਿਉਂ ਲੋਕ ਯਾਦ ਕਰਦੇ ਹਨ? ਦੁਲਾ ਭੱਟੀ ਕਿਉਂ ਲੋਕ ਮਨਾਂ 'ਚ ਵਸਦਾ ਹੈ। ਕੀ ਅੰਗਰੇਜ਼ ਹਾਕਮ ਜਾਂ ਹੋਰ ਮੌਕੇ ਦੇ ਹਾਕਮ ਇਹਨਾ ਆਵਾਜ਼ਾਂ ਨੂੰ ਬੰਦ ਕਰ ਸਕੇ? ਕਦਾਚਿਤ ਵੀ ਨਹੀਂ, ਕੋਸ਼ਿਸ਼ਾਂ ਦੇ ਬਾਵਜੂਦ ਵੀ ਨਹੀਂ। ਅੱਜ ਵੀ ਸਰਕਾਰੀ ਗੋਦ ਲਿਆ "ਗੋਦੀ ਮੀਡੀਆ" ਕੀ ਦਿੱਲੀ ਦੀਆਂ ਸਰਹੱਦਾਂ ਉਤੇ ਲੜੇ ਕਿਸਾਨ ਸੰਘਰਸ਼ ਨੂੰ ਪੁੱਠੀ ਗੇੜੀ ਦੇ ਸਕਿਆ? ਕੀ ਦੇਸ਼ ਦੇ ਸੰਘਰਸ਼ੀ ਲੋਕਾਂ ਨੂੰ ਇੱਕ-ਦੂਜੇ ਤੋਂ ਦੂਰ ਕਰ ਸਕਿਆ? ਕੀ ਲੋਕਾਂ ਦਾ ਇਹ ਸੰਘਰਸ਼ "ਲੋਕ ਇਤਿਹਾਸ" ਨਹੀਂ ਬਣ ਗਿਆ, ਜੋ ਦੇਸ਼ ਦੀਆਂ ਬਰੂਹਾਂ ਟੱਪਕੇ ਵਿਸ਼ਵ ਪੱਧਰੀ ਮਹੱਤਵ ਪੈਂਦਾ ਨਹੀਂ ਕਰ ਗਿਆ? ਦੇਸ਼ ਦੇ ਹਾਕਮ ਲੱਖ ਕਹਿਣ ਕਿ ਕਿਸਾਨਾਂ ਦਾ ਇਹ ਸੰਘਰਸ਼ "ਦੇਸ਼ ਵਿਰੋਧੀ" ਸੀ, ਪਰ ਇਸਨੂੰ ਕੌਣ ਮੰਨੇਗਾ? ਗੁਜਰਾਤ 'ਚ 2002 'ਚ ਦੰਗੇ ਹੋਏ ਸਨ, ਉਸ ਵੇਲੇ ਸੂਬੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਸਨ। ਇਹਨਾ ਦੰਗਿਆਂ ਨੂੰ ਪਾਠ ਪੁਸਤਕਾਂ ਜਾਂ ਇਤਿਹਾਸ ਵਿਚੋਂ ਗਾਇਬ ਕਰਨ ਦਾ ਯਤਨ ਹੋਇਆ। ਪਰ ਬੀਬੀਸੀ ਵਲੋਂ ਇਸ ਸੱਚ ਨੂੰ ਬਿਆਨਦੀ ਇੱਕ ਡਾਕੂਮੈਂਟਰੀ ਬਣੀ, ਜਿਸ ਉਤੇ ਮੋਦੀ ਸਰਕਾਰ ਨੇ ਪਾਬੰਦੀ ਲਗਾ ਦਿੱਤੀ। ਕੀ ਇਹ ਸੱਚ ਨੂੰ ਝੁਠਲਾਉਣ ਦਾ ਯਤਨ ਨਹੀਂ। ਕੀ ਵਿਦਿਆਰਥੀ ਜਾਂ ਆਮ ਲੋਕ ਇੰਟਰਨੈਟ ਦੇ ਰਾਹੀਂ ਇਸ ਘਟਨਾ ਬਾਰੇ ਜਾਣਕੇ, ਇਤਿਹਾਸ ਨਾਲ ਖਿਲਵਾੜ ਕਰਨ ਵਾਲੇ ਹਾਕਮਾਂ ਨੂੰ ਝੂਠੇ ਨਹੀਂ ਆਖਣਗੇ?

ਅੱਜ ਜਦੋਂ ਗਾਂਧੀ ਜੀ ਦੇ ਕਾਤਲ ਨੱਥੂ ਰਾਮ ਗੋਡਸੇ ਵਾਲੇ ਬਿਰਤਾਂਤ ਨੂੰ ਪਾਠ ਪੁਸਤਕਾਂ ਵਿਚੋਂ ਕੱਢਿਆ ਜਾ ਰਿਹਾ ਹੈ। ਤਾਂ ਕੀ ਅੱਜ ਦੇ ਦੌਰ ਦੇ ਪੇਸ਼ ਕੀਤੇ ਜਾ ਰਹੇ ਮਹਾਂਨਾਇਕ ਮੌਕੇ ਦੇ ਗ੍ਰਹਿ ਮੰਤਰੀ ਵੱਲਭ ਭਾਈ ਪਟੇਲ ਵਲੋਂ ਆਰ.ਐਸ.ਐਸ. ਉਤੇ ਪਾਬੰਦੀ ਲਾਉਣ ਦੇ ਬਿਰਤਾਂਤ ਨੂੰ ਇਤਿਹਾਸ ਦੇ ਪੰਨਿਆਂ ਵਿਚੋਂ ਮਨਫੀ ਕੀਤਾ ਜਾ ਸਕਦਾ ਹੈ। ਹਾਕਮ ਪੂਰਾ ਟਿੱਲ ਲਾ ਲੈਣ, ਜਿਹੜੀਆਂ ਘਟਨਾਵਾਂ ਵਾਪਰਦੀਆਂ ਹਨ, ਜਿਹੜੇ ਸੰਘਰਸ਼ ਉਗਮਦੇ ਹਨ, ਉਹਨਾ ਨੂੰ ਵੱਖਰਾ ਰੰਗ ਦਿੱਤੇ ਜਾਣਾ ਲੋਕ ਪ੍ਰਵਾਨ ਨਹੀਂ ਕਰਦੇ।

ਦੇਸ਼ ਉਤੇ ਭਾਵੇਂ ਸੁਨਿਹਰੀ ਕਾਲ ਸਮੇਂ ਪ੍ਰਸਾਸ਼ਕਾਂ ਨੇ ਰਾਜ ਕੀਤਾ, ਜਾਂ ਪ੍ਰਾਚੀਨ ਕਾਲ ਸਮੇਂ ਤੱਕੜੇ ਖੂੰਖਾਰ ਲੋਕਾਂ ਨੇ, ਗਰੀਬ, ਗੁਰਬੇ ਕੰਮਜ਼ੋਰ ਲੋਕਾਂ ਨੂੰ ਲਿਤਾੜਿਆ। ਕੌਣ ਭੁਲ ਸਕਦਾ ਹੈ ਕਿ ਤਾਕਤਵਰਾਂ ਨੇ ਗਰੀਬ ਲੋਕਾਂ ਦੇ ਕੰਨਾਂ 'ਚ ਸਿੱਕੇ ਭਰਿਆ, ਅਛੂਤ ਕਹਿਕੇ ਆਪਣੇ-ਆਪ ਤੋਂ ਦੂਰ ਕੀਤਾ, ਕਾਲੇ ਲੋਕਾਂ ਨਾਲ ਗੁਲਾਮਾਂ ਵਰਗਾ ਵਿਵਹਾਰ ਕੀਤਾ। ਮੁਗਲ ਹਾਕਮਾਂ ਅਤਿ ਦੇ ਅਤਿਆਚਾਰ ਕੀਤੇ। ਅੰਗਰੇਜ਼ ਹਾਕਮਾਂ ਮਲਮਲ ਬਣਾਉਣ ਵਾਲੇ ਕਾਰੀਗਰਾਂ ਦੇ ਹੱਥ, ਉਂਗਲਾਂ ਕੱਟੀਆਂ ਅਤੇ ਸਮੇਂ-ਸਮੇਂ 'ਤੇ ਦੁਨੀਆ ਭਰ ਦੇ ਦੇਸ਼ਾਂ 'ਚ ਅਤਿਆਚਾਰਾਂ ਦੀ ਇੱਕ ਵੱਖਰੀ ਦਾਸਤਾਨ ਹੈ।

ਪਰ ਇਸਦੇ ਬਰੋਬਰ ਇੱਕ ਵੱਖਰੀ ਦਾਸਤਾਨ "ਵਿਰੋਧੀ ਸੁਰਾਂ" ਦੀ ਵੀ ਹੈ। " ਰਾਜੇ ਸੀਹ ਮੁਕਦਮ ਕੁਤੇ" ਆਖਣ ਵਾਲੇ ਨਾਨਕ ਪੈਦਾ ਹੋਏ। ਲੋਕਾਂ ਲਈ ਸ਼ਹੀਦੀ ਦੇਣ ਵਾਲੇ ਨਾਇਕਾਂ ਦੀ ਕੀ ਇਤਿਹਾਸ ਵਿੱਚ ਕੋਈ ਘਾਟ ਹੈ? ਹਾਕਮਾਂ ਨੂੰ ਪੁੱਛੋ ਕਿ ਕੀ ਅੱਜ ਔਰੰਗਜੇਬ ਨੂੰ ਲੋਕ ਅਤਿਆਚਾਰੀ ਦੇ ਤੌਰ 'ਤੇ ਯਾਦ ਨਹੀਂ ਕਰਦੇ? ਨਾ ਲੋਕਾਂ ਨੂੰ ਡਾਇਰ, ਉਡਵਾਇਰ ਭੁਲ ਸਕਦਾ ਹੈ ਨਾ ਊਧਮ ਸਿੰਘ ਸੁਨਾਮ। ਪਰ ਸੁਨਿਹਰੀ ਅੱਖਰ ਕਿਸਦੇ ਹਿੱਸੇ ਹਨ?

ਭਾਰਤ ਦਾ ਇਤਿਹਾਸ ਦਰਦ ਭਰਿਆ ਹੈ। ਦੇਸ਼ ਦੇ ਰਾਜ ਨੇਤਾ ਸਿਰਫ਼ ਆਪਣੀ ਹੀ ਦੁਨੀਆ 'ਚ ਵਿਚਰਦੇ ਹਨ, ਉਹਨਾ ਨੂੰ ਲੋਕਾਂ ਦੇ ਦੁੱਖ-ਦਰਦ ਦੀ ਪ੍ਰਵਾਹ ਨਹੀਂ ਹੈ। ਲੱਖ ਉਹ ਇਹ ਗੀਤ ਗਾਉਣ ਲਈ ਲੋਕਾਂ ਨੂੰ ਉਤਸ਼ਾਹਤ ਕਰਦੇ ਰਹਿਣ "ਸਾਰੇ ਜਾਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ" ਪਰ ਪਿਆਰਾ ਦੇਸ਼ ਹਿੰਦੋਸਤਾਨ ਹੁਣ ਕਿਸ ਪਾਸਿਓਂ ਅੱਛਾ ਰਹਿ ਗਿਆ ਹੈ। ਦੇਸ਼ ਦਾ ਅਰਥਚਾਰਾ ਗਾਇਬ, ਦੇਸ਼ 'ਚ ਗਰੀਬੀ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਦੇਸ਼ 'ਚ ਅਮੀਰੀ-ਗਰੀਬੀ ਦਾ ਫ਼ਰਕ ਸਿਖਰਾਂ 'ਤੇ, ਦੇਸ਼ 'ਚ ਭੁੱਖਮਰੀ, ਬੀਮਾਰੀ ਕਿਥੇ ਨਹੀਂ? ਜਦੋਂ ਇਸ ਵੇਲੇ ਦਾ ਲੋਕ ਇਤਿਹਾਸ ਲਿਖਿਆ ਜਾਏਗਾ, ਕੀ ਲੋਕਾਂ ਦਾ ਹਾਲ-ਚਾਲ, ਲੋਕਾਂ ਦੇ ਹਾਲਾਤ, ਲਿਖੇ ਨਹੀਂ ਜਾਣਗੇ। ਦੁਨੀਆ ਦੀ ਪ੍ਰਸਿੱਧ ਯੂਨੀਵਰਸਿਟੀ ਨਲੰਦਾ ਦੀ ਲਾਇਬ੍ਰੇਰੀ ਜਿਥੇ ਲੱਖਾਂ ਦੀ ਗਿਣਤੀ 'ਚ ਕਿਤਾਬਾਂ ਸਨ, ਮੌਕੇ ਦੇ ਹਾਕਮ ਨੇ ਜਲਾ ਦਿੱਤੀ, ਇਹ ਇੰਨੀਆਂ ਕਿਤਾਬਾਂ ਸਨ ਕਿ ਇਹਨਾ ਨੂੰ ਜਲਣ ਲਈ ਤਿੰਨ ਮਹੀਨੇ ਲੱਗੇ। ਮਿਸਰ ਵਿੱਚ ਅਲੇਗਜੈਂਡਰੀਆ ਲਾਇਬ੍ਰੇਰੀ, ਜਿਥੇ ਕੁੱਲ ਲੱਖ ਕਿਤਾਬਾਂ ਸਨ, ਗਿਆਨ ਦੇ ਦੁਸ਼ਮਣਾਂ ਨੇ ਸਾੜ ਦਿੱਤੀਆਂ ਸਨ। ਦੁਨੀਆ ਦੇ ਇਤਿਹਾਸ ਵਿੱਚ ਗਿਆਨ ਪੁਸਤਕਾਂ ਨੂੰ ਜਾਲਣ ਦੀਆਂ ਅਨੇਕਾਂ ਉਦਾਹਰਨਾਂ ਹਨ। ਪਰ ਕੀ ਵਿਚਾਰਾਂ ਨੂੰ, ਗਿਆਨ ਨੂੰ ਕਦੇ ਦਬਾਇਆ ਜਾ ਸਕਿਆ ਹੈ?

ਅਸਲ ਵਿੱਚ ਹਾਕਮਾਂ ਨੂੰ ਵਿਚਾਰਾਂ, ਪੁਸਤਕਾਂ, ਵਿਦਿਆਰਥੀਆਂ ਤੋਂ ਦਿੱਕਤ ਹੁੰਦੀ ਹੈ। ਉਹ ਪੁਸਤਕਾਂ 'ਚ ਵਿਦਿਆਰਥੀਆਂ ਨੂੰ ਉਹ ਪਰੋਸਣਾ ਚਾਹੁੰਦੇ ਹਨ, ਜੋ ਉਹ ਚਾਹੁੰਦੇ ਹਨ। ਹਾਕਮ ਆਪਣੇ ਵਿਚਾਰਾਂ ਤੋਂ ਉਲਟ ਕੁਝ ਵੀ ਬਰਦਾਸ਼ਤ ਨਹੀਂ ਕਰਦੇ। ਡਿਕਟੇਟਰਾਨਾ ਸੋਚ ਵਾਲੇ ਹਾਕਮ ਤਾਂ ਕਰੂਰਤਾ ਨਾਲ ਲੋਕਾਂ ਨਾਲ ਪੇਸ਼ ਆਉਂਦੇ ਹਨ। ਸਿਰਫ ਤੇ ਸਿਰਫ "ਨਾਇਕ" ਬਣਕੇ ਉਭਰਨਾ ਹੀ ਉਹਨਾ ਦੀ ਪਹਿਲ ਹੈ!

# ਨੌਰਥ ਈਸਟ ਕੈਲਗਰੀ ਵਿੱਚ ਯੂ ਸੀ ਪੀ ਦੀ ਗਿਰਾਵਟ ਦੇ ਕਾਰਨ

ਜੇ ਆਉਂਦੀਆਂ ਚੋਣਾਂ ਵਿੱਚ ਕੈਲਗਰੀ ਤੋਂ ਜਿੱਤ ਦਰਜ ਕਰਨਾ ਮਹੱਤਵਪੂਰਨ ਹੈ ਤਾਂ ਅਗਲੇ ਪ੍ਰੀਮੀਅਰ ਦੀ ਸਫ਼ਲਤਾ ਲਈ ਇਸ ਸ਼ਹਿਰ ਦੇ ਨੌਰਥ-ਈਸਟ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਤੋਂ ਜਾਣੂੰ ਹੋਣਾ ਵੀ ਬਹੁਤ ਜ਼ਰੂਰੀ ਹੋਵੇਗਾ।

ਸਾਲ 2015 ਵਿੱਚ, ਜਦੋਂ ਰੇਚੈੱਲ ਨੌਟਲੀ ਪ੍ਰੀਮੀਅਰ ਬਣੀ ਤਾਂ ਸ਼ਹਿਰ ਦੇ ਇਸ ਹਿੱਸੇ ਵਿੱਚ ਐਨ ਡੀ ਪੀ (ਨਿਊ ਡੈਮੋਕ੍ਰੈਟਿਕ ਪਾਰਟੀ) ਨੂੰ ਸਿਰਫ਼ ਇੱਕ ਸੀਟ ਤੋਂ ਹਾਰ ਹੋਈ ਸੀ ਤੇ ਉਹ ਸੀ ਕੈਲਗਰੀ-ਗ੍ਰੀਨਵੇਅ, ਜਿੱਥੋਂ ਪ੍ਰੋਗਰੈਸਿਵ ਕੰਜ਼ਰਵੇਟਿਵ (ਪੀ ਸੀ) ਪਾਰਟੀ ਤੋਂ ਮਨਮੀਤ ਭੁੱਲਰ ਨੂੰ ਜਿੱਤ ਮਿਲੀ ਸੀ। ਸਾਲ 2019 ਵਿੱਚ ਜਦੋਂ ਜੇਸਨ ਕੈਨੀ ਦੀ ਅਗਵਾਈ ਵਿੱਚ ਯੂ ਸੀ ਪੀ (ਯੁਨਾਇਟਿਡ ਕੰਜ਼ਰਵੇਟਿਵ ਪਾਰਟੀ) ਜਿੱਤੀ ਤਾਂ ਸਿਰਫ਼ ਇੱਕ ਸੀਟ ਤੋਂ ਹੀ ਉਸ ਨੂੰ ਹਾਰ ਹੋਈ ਸੀ ਤੇ ਉਹ ਸੀ ਕੈਲਗਰੀ-ਮੈੱਕੌਲ ਜਿੱਥੋਂ ਇਰਫਾਨ ਸਾਬਿਰ ਨੂੰ ਐਨ ਡੀ ਪੀ ਵੱਲੋਂ ਜਿੱਤ ਹਾਸਲ ਹੋਈ ਸੀ।

ਅੰਗਰੇਜ਼ੀ ਨਿਊਜ਼ ਮੀਡੀਅਮ - ਸੀ ਬੀ ਸੀ ਵੱਲੋਂ ਹਾਲੀਆ ਕਰਵਾਏ ਗਏ ਸਰਵੇਖਣ ਵਿੱਚ ਦੱਸਿਆ ਗਿਆ ਹੈ ਕਿ ਐਨ ਡੀ ਪੀ ਨੂੰ ਕੈਲਗਰੀ ਵਿੱਚੋਂ 5% ਵਾਧਾ ਮਿਲ ਰਿਹਾ ਹੈ ਤੇ ਯੂ ਸੀ ਪੀ ਨਾਲ ਉਸ ਦਾ ਮੁਕਾਬਲਾ ਗਹਿ-ਗੱਚ ਹੋਣ ਦੀ ਸੰਭਾਵਨਾ ਹੈ। ਨੌਰਥ ਈਸਟ ਵਿੱਚ ਦੋਵਾਂ ਪਾਰਟੀਆਂ ਵਿਚਲਾ ਇਹ ਫ਼ਰਕ ਗੁਣਾ ਜ਼ਿਆਦਾ ਹੈ - ਐਨ ਡੀ ਪੀ 48% ਦੇ ਮੁਕਾਬਲੇ ਯੂ ਸੀ ਪੀ ਕੋਲ 33% ਲੋਕਾਂ ਦਾ ਸਮਰਥਨ ਹਾਸਲ ਹੈ। ਚੋਣ ਸਰਵੇਖਣ ਕਰਵਾਉਣ ਵਾਲੀ ਜੈਨੇਟ ਬ੍ਰਾਉਨ ਦਾ ਕਹਿਣਾ ਹੈ ਨੌਰਥ ਈਸਟ ਦੀਆਂ ਸਾਰੀਆਂ ਸੀਟਾਂ ਐਨ ਡੀ ਪੀ ਵੱਲ ਜਾ ਸਕਦੀਆਂ ਹਨ। ਨੌਰਥ ਈਸਟ ਵਿੱਚ ਬਹੁਤ ਵੋਟਰ ਨੌਜਵਾਨ ਹਨ, ਨਵੇਂ ਇਮੀਗ੍ਰੈਂਟ ਹਨ ਅਤੇ ਵੱਖੋ ਵੱਖਰੇ ਭਾਈਚਾਰਿਆਂ ਅਤੇ ਨਸਲਾਂ ਨਾਲ ਸੰਬੰਧਿਤ ਹਨ।ਸ਼ਹਿਰ ਦੇ ਇਸ ਹਿੱਸੇ ਵਿੱਚ ਮਸਜਿਦਾਂ, ਗੁਰਦੁਆਰੇ, ਮੰਦਰ ਅਤੇ ਗਿਰਜਾਘਰ ਸਥਿੱਤ ਹਨ ਤੇ ਬਹੁਤ ਸਾਰੇ ਕਲਚਰਲ ਗਰੁੱਪ ਮੌਜੂਦ ਹਨ। ਇਸ ਹਿੱਸੇ ਦੀ ਵਿਭਿੰਨਤਾ ਇਸ ਇਲਾਕੇ ਵਿੱਚ ਸਥਿੱਤ ਵੱਡੇ, ਮੀਡੀਅਮ ਤੇ ਛੋਟੇ ਵਪਾਰਕ ਅਦਾਰੇ ਅਤੇ ਸਟੋਰਾਂ ਅਤੇ ਏਅਰਪੋਰਟ 'ਤੇ ਕੰਮ ਕਰਦੇ ਐਥਨਿਕ ਭਾਈਚਾਰਿਆਂ ਦੀ ਵੱਡੀ ਗਿਣਤੀ ਤੋਂ ਵੀ ਨਜ਼ਰ ਆਉਂਦੀ ਹੈ। ਸਮਝਣ ਵਾਸਤੇ ਇਸ ਇਲਾਕੇ ਵੱਲ ਪਿਛਲੇ ਸਮੇਂ ਤੋਂ ਨਜ਼ਰ ਮਾਰਨੀ ਪਵੇਗੀ। ਸਾਲ 2020 ਵਿੱਚ ਗੜੇਮਾਰੀ ਹੋਈ ਸੀ, ਇੰਸ਼ੋਰੈਂਸ ਬਿਊਰੋ ਮੁਤਾਬਕ ਜਿਸ ਦਾ ਨੁਕਸਾਨ ਡੇਢ ਬਿਲੀਅਨ ਡਾਲਰ ਦਾ ਹੋਇਆ ਸੀ। ਕੋਰੋਨਾ ਵਾਇਰਸ ਫੈਲਿਆ ਹੋਣ ਕਰਕੇ ਲੋਕਾਂ ਨੇ ਆਪਣੀਆਂ ਗੱਡੀਆਂ ਦੀ ਇੰਸ਼ੋਰੈਂਸ ਘਟਾਈ ਜਾਂ ਬੰਦ ਕਰਵਾਈ ਹੋਈ ਸੀ ਤੇ ਗੜੇਮਾਰੀ ਨੇ ਗੱਡੀਆਂ ਭੰਨ ਦਿੱਤੀਆਂ ਸਨ। ਘਰਾਂ ਦੀਆਂ ਸਾਇਡਾਂ ਤੇ ਛੱਤਾਂ ਨੂੰ ਵਿਆਪਕ ਨੁਕਸਾਨ ਪਹੁੰਚਿਆ ਸੀ। ਮਿਉਨਿਸਪਲ ਕੌਂਸਲ ਨੇ ਥੋੜ੍ਹੀ-ਬਹੁਤ ਰਾਹਤ ਜ਼ਰੂਰ ਦਿੱਤੀ ਪਰ ਜੇਸਨ ਕੈਨੀ ਸਰਕਾਰ ਨੇ ਪਾਣੀ ਆਉਣ ਕਾਰਨ (ਓਵਰਲੈਂਡ ਫਲਡਿੰਗ) ਹੋਏ ਨੁਕਸਾਨ ਦੀ ਭਰਪਾਈ ਕਰਨ ਦਾ ਐਲਾਨ ਕੀਤਾ ਪਰ ਬਾਕੀ ਹੋਰ ਕਿਸੇ ਨੁਕਸਾਨ ਦੀ ਭਰਪਾਈ ਨਹੀਂ ਕੀਤੀ ਗਈ। ਉਹਨਾਂ ਦਿਨਾਂ ਵਿੱਚ ਹੀ ਇੰਸ਼ੋਰੈਂਸ ਕੰਪਨੀਆਂ ਨੇ ਆਪਣੇ ਪ੍ਰੀਮੀਅਮ ਚੁੱਕ ਕੇ ਅਕਾਸ਼ ਨਾਲ ਜਾ ਲਗਾਏ ਤੇ ਲੋਕ ਦੇਖਦੇ ਹੀ ਰਹਿ ਗਏ।

ਅਜੇ ਤੱਕ ਲੋਕ ਮਨਾਂ ਵਿੱਚ ਇਹ ਗੱਲ ਘਰ ਕੀਤੀ ਹੋਈ ਹੈ ਕਿ ਯੂ ਸੀ ਪੀ ਸਰਕਾਰ ਆਪਣੇ ਬਿਜ਼ਨਸ ਦੋਸਤਾਂ ਦੀ ਸਕੀ ਤਾਂ ਹੈ ਪਰ ਮਿਹਨਤ-ਮਜ਼ਦੂਰੀ ਕਰਨ ਵਾਲੇ ਲੋਕਾਂ ਦੇ ਨਾਲ ਨਹੀਂ ਖੜ੍ਹੀ ਹੈ।




> ਐਨ ਡੀ ਪੀ ਦੇ ਕੈਲਗਰੀ-ਭੁੱਲਰ-ਮੈੱਕੌਲ ਵਿਧਾਨਸਭਾ ਖੇਤਰ ਤੋਂ ਵਿਧਾਇਕ ਇਰਫਾਨ ਸਾਬਰ ਨੇ ਸਾਲ 2015 ਵਿੱਚ ਪਹਿਲੀ ਵਾਰ ਜਿੱਤਣ ਮਗਰੋਂ, ਸਾਲ 2019 ਵਿੱਚ ਉਸ ਵੇਲੇ ਆਪਣੀਆਂ ਹਾਸਲ ਵੋਟਾਂ ਵਿੱਚ ਵਾਧਾ ਦਰਜ ਕੀਤਾ ਸੀ ਜਦੋਂ ਕਿ ਸੂਬੇ ਵਿੱਚ ਜੇਸਨ ਕੈਨੀ ਦੀ ਲਹਿਰ ਸੀ। ਸਾਬਰ ਨੇ ਜਿੱਤ ਦਾ ਅੰਤਰ ਵੀ ਵਧਾ ਲਿਆ ਸੀ। ਕੈਲਗਰੀ-ਫਾਲਕਨਰਿੱਜ ਵਿਧਾਨਸਭਾ ਖੇਤਰ ਵਿੱਚ ਯੂ ਸੀ ਪੀ ਉਮੀਦਵਾਰ ਦਵਿੰਦਰ ਤੂਰ ਨੂੰ ਸਿਰਫ਼ 96 ਵੋਟਾਂ ਦੇ ਫ਼ਰਕ ਨਾਲ ਜਿੱਤ ਮਿਲੀ ਸੀ ਤੇ ਉਸ ਸਾਲ (2019) ਵਿੱਚ ਸਭ ਤੋਂ ਘੱਟ ਵੋਟਾਂ ਦੇ ਅੰਤਰ ਨਾਲ ਇਹ ਇੱਕ ਮਾਤਰ ਸੀਟ ਜਿੱਤੀ ਗਈ ਸੀ।

ਇਸ ਤੋਂ ਇਲਾਵਾ, ਨਵੰਬਰ 2020 ਵਿੱਚ ਰੇਡੀਓ ਰੈਡ ਐਫ ਐਮ ਕੈਲਗਰੀ 'ਤੇ ਗੱਲ ਕਰਦਿਆਂ ਉਸ ਵੇਲੇ ਦੇ ਪ੍ਰੀਮੀਅਰ ਜੇਸਨ ਕੈਨੀ ਨੇ ਕਹਿ ਦਿੱਤਾ ਸੀ ਕਿ ਸਾਊਥ-ਏਸ਼ੀਅਨ ਲੋਕਾਂ ਦੇ ਟੱਬਰ ਵੱਡੇ ਹਨ ਤੇ ਇਹ ਮੇਲ-ਜੋਲ ਕਰਦੇ ਰਹਿੰਦੇ ਹਨ ਜਿਸ ਕਰਕੇ ਵਾਇਰਸ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਲੋਕਾਂ ਦੀ ਨਾਰਾਜ਼ਗੀ ਦੂਰ ਨਹੀਂ ਕੀਤੀ ਗਈ।

ਪ੍ਰੀਮੀਅਰ ਬਦਲਣ ਨਾਲ ਲੱਗਦਾ ਸੀ ਕਿ ਪਾਰਟੀ ਨੂੰ ਇਸ ਖਿੱਤੇ ਵਿੱਚ ਲਾਭ ਮਿਲੇਗਾ ਪਰ ਅਜਿਹਾ ਹੋ ਨਹੀਂ ਸਕਿਆ। ਪਾਰਟੀ ਅਜੇ ਵੀ ਐਨ ਡੀ ਪੀ ਤੋਂ ਪਿਛੜ ਰਹੀ ਹੈ ਤੇ ਨੌਰਥ ਵੈਸਟ ਵਿੱਚ ਵੀ ਪਿਛੜ ਗਈ ਹੈ ਤੇ ਸਾਊਥ ਵੈਸਟ ਵਿੱਚ ਸਿਰਫ਼ 2% ਦੇ ਫ਼ਰਕ ਨਾਲ ਪਿੱਛੇ ਹਨ। ਸਿਰਫ਼ ਨੌਰਥ ਈਸਟ ਵਿੱਚ ਇਹ ਐਨ ਡੀ ਪੀ ਤੋਂ ਚੋਖੀ ਅੱਗੇ ਹੈ। ਹਾਸਲ ਜਾਣਕਾਰੀ ਮੁਤਾਬਕ, ਨੌਰਥ ਈਸਟ ਵਿੱਚ ਰਹਿਣ ਵਾਲੇ ਲੋਕ, ਸ਼ਹਿਰ ਦੇ ਦੂਜੇ ਇਲਾਕਿਆਂ ਦੇ ਲੋਕਾਂ ਦੇ ਮੁਕਾਬਲੇ ਘੱਟ ਆਮਦਨੀ ਵਾਲੇ ਹਨ ਪਰ ਵੱਧ ਪੜ੍ਹਾਈ-ਲਿਖਾਈ ਵਾਲੇ ਹਨ। ਐਲਬਰਟਾ ਦੇ ਲੋਕਾਂ ਨੂੰ ਲੱਗਦਾ ਹੋ ਸਕਦਾ ਹੈ ਕਿ ਯੂ ਸੀ ਪੀ ਸੂਬਾਈ ਵਿੱਤੀ ਮਾਮਲਿਆਂ ਅਤੇ ਅਰਥਚਾਰੇ ਨੂੰ ਚੰਗੀ ਤਰ੍ਹਾਂ ਸੰਭਾਲ ਸਕਦੀ ਹੈ ਪਰ ਉਹਨਾਂ ਦਾ ਭਰੋਸਾ ਇਸ ਗੱਲ 'ਤੇ ਵੱਧ ਬਣਿਆ ਹੈ ਕਿ ਐਨ ਡੀ ਪੀ ਪਰਿਵਾਰਾਂ ਨੂੰ ਮੱਦਦ ਪਹੁੰਚਾਉਣ, ਸਿਹਤ ਸੰਭਾਲ ਦਾ ਪ੍ਰਬੰਧ ਦੇਖਣ, ਅਤੇ ਸਿੱਖਿਆ ਦਾ ਬਿਹਤਰ ਬੰਦੋਬਸਤ ਕਰਨ ਆਦਿ ਵਿੱਚ ਜ਼ਿਆਦਾ ਕਾਰਗਰ ਹੈ।

ਦੋਵਾਂ ਪਾਰਟੀਆਂ - ਐਨ ਡੀ ਪੀ ਅਤੇ ਯੂ ਸੀ ਪੀ ਨੇ ਵਿਦੇਸ਼ਾਂ ਤੋਂ ਡਿਗਰੀਆਂ ਲੈ ਕੇ ਕੇ ਆਏ ਹੁਨਰਮੰਦ ਲੋਕਾਂ ਦੀ ਸਿੱਖਿਆ ਦਾ ਐਲਬਰਟਾ ਦੀ ਸਿੱਖਿਆ ਦੇ ਬਰਾਬਰ ਕਰਨ ਦੇ ਖੋਖਲੇ ਵਾਅਦਿਆਂ ਤੋਂ ਇਲਾਵਾ ਕੱਖ ਨਹੀਂ ਕੀਤਾ ਹੈ ਤੇ ਯੂ ਸੀ ਪੀ ਵਾਅਦਾ ਕਰਕੇ ਇਸ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਕੇ ਭੁੱਲ ਗਈ। ਯੂ ਸੀ ਪੀ ਨੂੰ ਕੈਲਗਰੀ ਨੌਰਥ ਈਸਟ ਵਿਧਾਨਸਭਾ ਖੇਤਰ ਤੋਂ ਉਸ ਵੇਲੇ ਝਟਕਾ ਲੱਗਿਆ ਸੀ ਜਦੋਂ ਇੱਥੋਂ ਐਮ ਐਲ ਏ ਅਤੇ ਸੂਬੇ ਦੀ ਟਰੇਡ/ਇਮਿਗ੍ਰੇਸ਼ਨ/ਮਲਟੀਕਲਚਰਲਿਜ਼ਮ ਮੰਤਰੀ ਰਾਜਨ ਸਾਹਨੀ ਨੇ 'ਨਿੱਜੀ ਕਾਰਨਾਂ' ਦਾ ਹਵਾਲਾ ਦਿੰਦਿਆਂ ਚੋਣ ਨਾ ਲੜਣ ਦਾ ਐਲਾਨ ਕਰ ਦਿੱਤਾ। ਪਰ ਪ੍ਰੀਮੀਅਰ ਨੇ ਉਸ ਨੂੰ ਗ਼ੈਰ-ਪੰਜਾਬੀ ਵਸੋਂ ਦੀ ਬਹੁਲਤਾ ਵਾਲੇ ਵਿਧਾਨਸਭਾ ਖੇਤਰ ਕੈਲਗਰੀ ਨੌਰਥ-ਵੈਸਟ ਵਿੱਚ ਉਮੀਦਵਾਰ ਬਣਾ ਦਿੱਤਾ। ਬਹੁਤ ਸਾਰੇ ਸਵਾਲ ਖੜ੍ਹੇ ਹਨ ਕਿ ਇੱਥੇ ਆਖ਼ਰ ਹੋਇਆ ਕੀ ਸੀ ? ਇਹ ਵੀ ਕਿਹਾ ਜਾ ਰਿਹਾ ਹੈ ਕਿ ਪਾਰਟੀ ਦੇ ਅੰਦਰੂਨੀ ਲੋਕਾਂ ਵੱਲੋਂ ਹੀ ਉਸ ਨੂੰ ਠਿੱਬੀ ਮਾਰੀ ਗਈ ਤੇ ਪਾਰਟੀ ਦਾ ਇਹ ਆਪਸੀ ਝਗੜਾ ਐਨ ਡੀ ਪੀ ਨੂੰ ਲਾਭ ਪਹੁੰਚਾ ਸਕਦਾ ਹੈ।

ਐਨ ਡੀ ਪੀ ਦੇ ਕੈਲਗਰੀ-ਭੁੱਲਰ-ਮੈੱਕੌਲ ਵਿਧਾਨਸਭਾ ਖੇਤਰ ਤੋਂ ਵਿਧਾਇਕ ਇਰਫਾਨ ਸਾਬਰ ਨੇ ਸਾਲ 2015 ਵਿੱਚ ਪਹਿਲੀ ਵਾਰ ਜਿੱਤਣ ਮਗਰੋਂ, ਸਾਲ 2019 ਵਿੱਚ ਉਸ ਵੇਲੇ ਆਪਣੀਆਂ ਹਾਸਲ ਵੋਟਾਂ ਵਿੱਚ ਵਾਧਾ ਦਰਜ ਕੀਤਾ ਸੀ ਜਦੋਂ ਕਿ ਸੂਬੇ ਵਿੱਚ ਜੇਸਨ ਕੈਨੀ ਦੀ ਲਹਿਰ ਸੀ। ਸਾਬਰ ਨੇ ਜਿੱਤ ਦਾ ਅੰਤਰ ਵੀ ਵਧਾ ਲਿਆ ਸੀ।

ਕੈਲਗਰੀ-ਫਾਲਕਨਰਿੱਜ ਵਿਧਾਨਸਭਾ ਖੇਤਰ ਵਿੱਚ ਯੂ ਸੀ ਪੀ ਉਮੀਦਵਾਰ ਦਵਿੰਦਰ ਤੂਰ ਨੂੰ ਸਿਰਫ਼ 96 ਵੋਟਾਂ ਦੇ ਫ਼ਰਕ ਨਾਲ ਜਿੱਤ ਮਿਲੀ ਸੀ ਤੇ ਉਸ ਸਾਲ (2019) ਵਿੱਚ ਸਭ ਤੋਂ ਘੱਟ ਵੋਟਾਂ ਦੇ ਅੰਤਰ ਨਾਲ ਇਹ ਇੱਕ ਮਾਤਰ ਸੀਟ ਜਿੱਤੀ ਗਈ ਸੀ।

ਇਸ ਵਾਰ ਫੈਸਲਾ ਕੈਲਗਰੀ-ਕ੍ਰੌਸ ਵਿਧਾਨਸਭਾ ਖੇਤਰ ਤੋਂ ਵੀ ਦਿਲਚਸਪ ਹੋਵੇਗਾ। ਸਾਲ 1993 ਤੋਂ 2015 ਤੱਕ ਇੱਥੋਂ ਐਮ ਐਲ ਏ ਰਹੇ ਮੋਅ ਐਮਰੀ ਦੇ ਪੁੱਤਰ, ਵਕੀਲ ਮਿਕੀ ਐਮਰੀ ਦਾ ਮੁਕਾਬਲਾ ਗੁਰਿੰਦਰ ਗਿੱਲ ਨਾਲ ਹੋਣਾ ਹੈ। ਐਮਰੀ ਸੂਬਾ ਸਰਕਾਰ ਵਿੱਚ ਮੰਤਰੀ ਹੈ ਤੇ ਇੱਕ ਵਾਰ ਚੋਣ ਜਿੱਤ ਚੁੱਕਿਆ ਹੈ। ਗੁਰਿੰਦਰ ਗਿੱਲ ਦੋ ਵਾਰ ਫੈਡਰਲ ਐਨ ਡੀ ਪੀ ਦੇ ਉਮੀਦਵਾਰ ਵੱਜੋਂ ਚੋਣ ਹਾਰ ਚੁੱਕਾ ਹੈ ਤੇ ਪੜ੍ਹਿਆ-ਲਿਖਿਆ ਨੌਜਵਾਨ ਹੈ।

ਨੌਰਥ ਈਸਟ ਵਿੱਚ ਐਨ ਡੀ ਪੀ ਦੇ ਗੁਰਿੰਦਰ (ਟੀਨੂੰ) ਬਰਾੜ ਦਾ ਮੁਕਾਬਲਾ ਯੂ ਸੀ ਪੀ ਦੇ ਇੰਦਰਜੀਤ ਗਰੇਵਾਲ ਨਾਲ ਹੋਣਾ ਹੈ। ਦੋਵੇਂ ਪਹਿਲੀ ਵਾਰ ਚੋਣ ਲੜ ਰਹੇ ਹਨ। ਯੂ ਸੀ ਪੀ ਦੀ ਅੰਦਰੂਨੀ ਖਿੱਚੋਤਾਣ ਅਤੇ ਐਨ ਡੀ ਪੀ ਦੀ ਚੋਣ ਸਰਵੇਖਣ ਵਿੱਚ ਚੜ੍ਹਤ ਇਸ ਇਲਾਕੇ ਦੀ ਚੋਣ ਨਿਰਧਾਰਿਤ ਕਰੇਗੀ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
780-258-5800
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਫ਼ੌਜੀ ਨੇ ਹੀ ਕੀਤਾ ਸੀ 4 ਫ਼ੌਜੀਆਂ ਦਾ ਕਤਲ

## ਬਠਿੰਡਾ ਕਤਲ ਕਾਂਡ 'ਚ ਹੋਇਆ ਵੱਡਾ ਖੁਲਾਸਾ

ਬਠਿੰਡਾ,(ਪੰਜਾਬੀ ਅਖ਼ਬਾਰ ਬਿਊਰੋ)- ਬਠਿੰਡਾ ਦੇ ਮਿਲਟਰੀ ਸਟੇਸ਼ਨ ਫਾਇਰਿੰਗ ਮਾਮਲੇ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆਈ ਹੈ। 4 ਫੌਜੀ ਜਵਾਨਾਂ ਦੇ ਕਤਲ ਕੇਸ 'ਚ ਵੱਡਾ ਖੁਲਾਸਾ ਹੋਇਆ ਹੈ ਕਿ ਇਹਨਾਂ 4 ਫੌਜੀਆਂ ਦਾ ਕਾਤਲ ਫੌਜੀ ਹੀ ਹੈ। ਪੁਲਿਸ ਨੇ ਫੌਜੀ ਜਵਾਨ ਗੰਨਰ ਮੋਹਨ ਦੇਸਾਈ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਜਾਣਕਾਰੀ ਅਨੁਸਾਰ ਇਸ ਜਵਾਨ ਨੇ ਹੀ ਫਾਇਰਿੰਗ ਕਰਕੇ ਚਾਰ ਜਵਾਨਾਂ ਦਾ ਕਤਲ ਕੀਤਾ ਸੀ। ਪੰਜਾਬ ਪੁਲਿਸ ਨੇ ਕੈਂਟ ਦੀ 80 ਮੀਡੀਅਮ ਰੈਜੀਮੈਂਟ ਦੇ ਚਾਰ ਜਵਾਨਾਂ ਦੇ ਕਤਲ ਦੇ ਮਾਮਲੇ ਵਿੱਚ ਘਟਨਾ ਦੇ ਚਸ਼ਮਦੀਦ ਗਵਾਹ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐਸਐਸਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਪੰਜਾਬ ਪੁਲਿਸ ਦੀ ਟੀਮ ਘਟਨਾ ਦੀ ਜਾਂਚ ਕਰ ਰਹੀ ਹੈ। ਤਫ਼ਤੀਸ਼ ਦੌਰਾਨ ਜਦੋਂ ਚਸ਼ਮਦੀਦ ਗੰਨਰ ਨੂੰ ਤਫ਼ਤੀਸ਼ ਵਿੱਚ ਸ਼ਾਮਲ ਕਰਕੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਮੁਲਜ਼ਮ ਨੇ ਆਪਣਾ ਜੁਰਮ ਕਬੂਲ ਕਰ ਲਿਆ। ਉਸ ਨੇ ਮੰਨਿਆ ਕਿ ਆਪਣੀ ਨਿੱਜੀ ਰੰਜਿਸ਼ ਕਰਕੇ ਉਸ ਨੇ ਪਹਿਲਾਂ ਚਾਰ ਜਵਾਨਾਂ ਨੂੰ ਮਾਰਨ ਲਈ ਰਾਈਫਲ ਚੋਰੀ ਕੀਤੀ, ਫਿਰ ਉਸੇ ਰਾਈਫਲ ਨਾਲ ਚਾਰਾਂ ਨੂੰ ਗੋਲੀ ਮਾਰੀ।

ਦੱਸ ਦਈਏ ਕਿ 12 ਅਪ੍ਰੈਲ ਨੂੰ ਬਠਿੰਡਾ ਦੇ ਮਿਲਟਰੀ ਸਟੇਸ਼ਨ ਵਿੱਚ ਗੋਲੀਆਂ ਮਾਰ ਕੇ ਕਤਲ ਕੀਤੇ ਗਏ ਚਾਰ ਫੌਜੀ ਜਵਾਨਾਂ ਦੇ ਮਾਮਲੇ ਦੀ ਜਾਂਚ ਫੌਜ ਤੇ ਪੁਲਿਸ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿੱਚ ਹੁਣ ਪਹਿਲੀ ਗ੍ਰਿਫਤਾਰੀ ਹੋਈ ਹੈ। ਬੀਤੇ ਦਿਨੀਂ ਫੌਜ ਨੇ 4 ਜਵਾਨਾਂ ਤੋਂ ਪੁੱਛਗਿੱਛ ਕੀਤੀ ਸੀ। ਗਨਰ ਦੇਸਾਈ ਮੋਹਨ ਹੀ ਘਟਨਾ ਦੇ ਮੁੱਖ ਗਵਾਹ ਵਜੋਂ ਸਾਹਮਣੇ ਆਇਆ ਸੀ ਜਿਸਨੇ ਦੱਸਿਆ ਸੀ ਕਿ ਉਸ ਨੇ ਦੋ ਸ਼ੱਕੀ ਬੰਦੂਕਧਾਰੀਆਂ ਨੂੰ ਜੰਗਲ ਵੱਲ ਭੱਜਦੇ ਵੇਖਿਆ ਹੈ। ਹੁਣ ਪੁਲਿਸ ਵੱਲੋਂ ਸਖ਼ਤੀ ਨਾਲ ਪੁੱਛਗਿੱਛ ਕਰਨ 'ਤੇ ਗਨਰ ਦੇਸਾਈ ਮੋਹਨ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਕਿ ਉਸ ਨੇ ਹੀ 4 ਸੁੱਤੇ ਪਏ ਫੌਜੀਆਂ ਦਾ ਕਤਲ ਕੀਤਾ ਹੈ।



# ਗਾਇਕ ਸਤਿੰਦਰ ਸਰਤਾਜ ਦੇ ਸ਼ੋਅ 'ਚ ਬੰਬ ਦੀ ਅਫ਼ਵਾਹ

## ਕਿਸੇ ਸ਼ਰਾਰਤੀ ਨੇ ਪੁਲਿਸ ਕੰਟਰੋਲ ਰੂਮ ਨੂੰ ਕੀਤਾ ਫ਼ੋਨ

ਲੁਧਿਆਣਾ,(ਪੰਜਾਬੀ ਅਖ਼ਬਾਰ ਬਿਊਰੋ)- ਬੀਤੇ ਦਿਨੀਂ ਲੁਧਿਆਣਾ ਵਿਚ ਮਸ਼ਹੂਰ ਪੰਜਾਬੀ ਗਾਇਕ ਸਤਿੰਦਰ ਸਰਤਾਜ ਦੇ ਪ੍ਰੋਗਰਾਮ ਵਿਚ ਪੁਲਿਸ ਨੂੰ ਬੰਬ ਰੱਖੇ ਹੋਣ ਦੀ ਸੂਚਨਾ ਮਿਲੀ, ਜਿਸ ਤੋਂ ਬਾਅਦ ਪੁਲਿਸ ਨੂੰ ਭਾਜੜਾਂ ਪੈ ਗਈਆਂ ਪਰ ਪੁਲਿਸ ਨੇ ਚੁੱਪਚਾਪ ਤਰੀਕੇ ਨਾਲ ਇਸ ਮਾਮਲੇ ਤਹਿਕੀਕਾਤ ਸ਼ੁਰੂ ਕਰ ਦਿੱਤੀ ਤਾਂ ਜੋ ਲੋਕਾਂ ਵਿਚ ਕਿਸੇ ਤਰ੍ਹਾਂ ਦੀ ਭਗਦੜ ਨਾ ਮੱਚੇ। ਪੁਲਿਸ ਨੂੰ ਜਲਦ ਹੀ ਸਾਰਾ ਸੱਚ ਪਤਾ ਚੱਲ ਗਿਆ।

ਪੰਜਾਬੀ ਗਾਇਕ ਸਤਿੰਦਰ ਸਰਤਾਜ ਦੇ ਸ਼ੋਅ ਦੌਰਾਨ ਬੰਬ ਦੀ ਸੂਚਨਾ ਮਿਲਣ ਨਾਲ ਪੁਲਿਸ ਵਿਚ ਹੜਕੰਪ ਮੱਚ ਗਿਆ। ਸਤਿੰਦਰ ਸਰਤਾਜ ਦਾ ਇਹ ਪ੍ਰੋਗਰਾਮ ਪੱਖੋਵਾਲ ਰੋਡ ਸਥਿਤ ਇਨਡੋਰ ਸਟੇਡੀਅਮ ਵਿਚ ਚੱਲ ਰਿਹਾ ਸੀ ਕਿ ਇਸੇ ਦੌਰਾਨ ਕਿਸੇ ਨੇ ਪੁਲਿਸ ਕੰਟਰੋਲ ਰੂਮ 'ਤੇ ਫ਼ੋਨ ਕਰਕੇ ਪ੍ਰੋਗਰਾਮ ਵਿਚ ਬੰਬ ਹੋਣ ਦੀ ਸੂਚਨਾ ਦਿੱਤੀ, ਇੰਨਾ ਕਹਿੰਦੇ ਹੀ ਕਾਲ ਕਰਨ ਵਾਲੇ ਫ਼ੋਨ ਕੱਟ ਦਿੱਤਾ। ਇਸ ਸੂਚਨਾ ਮਗਰੋਂ ਸਾਰਾ ਪੁਲਿਸ ਵਿਭਾਗ ਹਰਕਤ ਵਿਚ ਆ ਗਿਆ। ਪ੍ਰੋਗਰਾਮ ਸਮੇਂ ਸਟੇਡੀਅਮ ਵਿਚ ਵੱਡੀ ਗਿਣਤੀ ਵਿਚ ਲੋਕ ਮੌਜੂਦ ਸਨ ਪਰ ਪੁਲਿਸ ਨੇ ਚੰਗੀ ਕਾਰਗੁਜ਼ਾਰੀ ਦਾ ਸਬੂਤ ਦਿੰਦਿਆਂ ਚੁੱਪ ਚਾਪ ਤਰੀਕੇ ਨਾਲ ਸਟੇਡੀਅਮ ਦੇ ਆਸਪਾਸ ਸਰਚ ਅਪਰੇਸ਼ਨ ਸ਼ੁਰੂ ਕਰ ਦਿੱਤਾ ਅਤੇ ਕਾਲ ਦੀ ਜਾਂਚ ਸ਼ੁਰੂ ਕਰ ਦਿੱਤੀ ਪਰ ਪੁਲਿਸ ਨੂੰ ਜਲਦ ਹੀ ਪਤਾ ਚੱਲ ਗਿਆ ਕਿ ਇਹ ਫੇਕ ਕਾਲ ਸੀ।

ਪੁਲਿਸ ਨੇ ਕਾਲ ਕਰਨ ਵਾਲੇ ਨੰਬਰ ਨੂੰ ਟ੍ਰੇਸ ਕੀਤਾ ਤਾਂ ਪਤਾ ਚੱਲਿਆ ਕਿ ਇਹ ਕਾਲ ਜਿਸ ਨੰਬਰ ਤੋਂ ਕੀਤੀ ਗਈ ਸੀ ਉਹ ਕਿਸੇ ਆਈਸਕ੍ਰੀਮ ਦੀ ਰੇਹੜੀ ਲਗਾਉਣ ਵਾਲੇ ਦਾ ਨੰਬਰ ਸੀ। ਉਸ ਦੇ ਕੋਲ ਕੋਈ ਵਿਅਕਤੀ ਆਈਸਕ੍ਰੀਮ ਖਾਣ ਲਈ ਆਇਆ ਸੀ, ਜਿਸ ਨੇ ਕਿਸੇ ਬਹਾਨੇ ਉਸ ਦਾ ਫ਼ੋਨ ਲਿਆ ਅਤੇ ਪੁਲਿਸ ਕੰਟਰੋਲ ਰੂਮ 'ਤੇ ਫ਼ੋਨ ਕਰਕੇ ਬੰਬ ਹੋਣ ਦੀ ਗੱਲ ਆਖ ਦਿੱਤੀ। ਜਿਵੇਂ ਹੀ ਪੂਰੀ ਜਾਂਚ ਮਗਰੋਂ ਪੁਲਿਸ ਨੂੰ ਪਤਾ ਚੱਲਿਆ ਕਿ ਇਹ ਬੰਬ ਦੀ ਸੂਚਨਾ ਅਫ਼ਵਾਹ ਸੀ ਤਾਂ ਪੁਲਿਸ ਦੇ ਸਾਹ ਵਿਚ ਸਾਹ ਆਇਆ।

ਜ਼ਿਕਰ ਏ ਖ਼ਾਸ ਐ ਕਿ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਵੀ ਸਟੇਡੀਅਮ ਦੇ ਅੰਦਰ ਸਤਿੰਦਰ ਸਰਤਾਜ ਦਾ ਪ੍ਰੋਗਰਾਮ ਦੇਖ ਰਹੇ ਸਨ, ਜਿਨ੍ਹਾਂ ਨੇ ਕਿਸੇ ਨੂੰ ਵੀ ਇਸ ਗੱਲ ਦਾ ਅਹਿਸਾਸ ਨਹੀਂ ਹੋਣ ਦਿੱਤਾ ਕਿ ਇੱਥੇ ਕੋਈ ਬੰਬ ਰੱਖੇ ਹੋਣ ਦੀ ਸੂਚਨਾ ਮਿਲੀ ਐ। ਇਸ ਮਾਮਲੇ ਨੂੰ ਲੈ ਕੇ ਇਹ ਗੱਲ ਵੀ ਸਾਹਮਣੇ ਆ ਰਹੀ ਐ ਕਿ ਕੁੱਝ ਲੋਕਾਂ ਨੂੰ ਇਸ ਪ੍ਰੋਗਰਾਮ ਦੀਆਂ ਟਿਕਟਾਂ ਨਹੀਂ ਮਿਲ ਸਕੀਆਂ, ਜਿਸ ਕਰਕੇ ਸ਼ੱਕ ਜਤਾਇਆ ਜਾ ਰਿਹਾ ਏ ਕਿ ਇਸੇ ਰੰਜਿਸ਼ ਵਿਚ ਕਿਸੇ ਸ਼ਰਾਰਤੀ ਨੇ ਇਹ ਹਰਕਤ ਕੀਤੀ ਤਾਂ ਜੋ ਪ੍ਰੋਗਰਾਮ ਖ਼ਰਾਬ ਕੀਤਾ ਜਾ ਸਕੇ। ਏਡੀਸੀਪੀ ਸਮੀਰ ਵਰਮਾ ਦਾ ਕਹਿਣਾ ਏ ਕਿ ਪੁਲਿਸ ਵੱਲੋਂ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਐ, ਜਿਸ ਵੱਲੋਂ ਇਹ ਕਾਲ ਕੀਤੀ ਗਈ ਸੀ।



# ਕੋਚੇਲਾ 'ਚ ਪੇਸ਼ਕਾਰੀ ਦੇਣ ਵਾਲਾ ਪਹਿਲਾ ਪੰਜਾਬੀ ਗਾਇਕ ਬਣਿਆ ਦਿਲਜੀਤ ਦੋਸਾਂਝ

ਲਾਸ ਏਂਜਲਸ (ਪੰਜਾਬੀ ਅਖਬਾਰ ਬਿਊਰੋ)– ਪੰਜਾਬੀ ਗਾਇੱਕ ਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਅਮਰੀਕਾ ਵਿੱਚ ਪੰਜਾਬੀ ਸੰਗੀਤ ਦੇ ਝੰਡੇ ਗੱਡ ਦਿੱਤੇ ਹਨ। ਉਹ ਕੋਚੇਲਾ ਸੰਗੀਤ ਸਮਾਗਮ ਵਿੱਚ ਪੇਸ਼ਕਾਰੀ ਦੇਣ ਵਾਲਾ ਪਹਿਲਾ ਪੰਜਾਬੀ ਗਾਇੱਕ ਬਣ ਗਿਆ ਹੈ। ਦਿਲਜੀਤ ਦੇ ਜਿਵੇਂ ਹੀ ਅਮਰੀਕਾ ਦੇ ਕੋਚੇਲਾ ਸੰਗੀਤ ਸਗਾਗਮ ਵਿੱਚ ਪੇਸ਼ਕਾਰੀ ਦੇਣ ਦੀਆਂ ਖ਼ਬਰਾਂ ਆਈਆਂ ਤਾਂ ਸੋਸ਼ਲ ਮੀਡੀਆ 'ਤੇ ਬੌਲੀਵੁੱਡ ਅਦਾਕਾਰਾਂ ਤੋਂ ਇਲਾਵਾ ਉਸ ਦੇ ਵੱਡੀ ਗਿਣਤੀ ਪ੍ਰਸ਼ੰਸਕਾਂ ਨੇ ਉਸ ਦੀ ਤੁਲਨਾ ਮਹਾਨ ਕਲਾਕਾਰ ਵਜੋਂ ਕੀਤੀ ਹੈ। ਇਹ ਸਮਾਗਮ ਕੈਲੇਫ਼ੋਰਨੀਆ ਦੇ ਇੰਡੀਓ ਦੀ ਕੋਚੇਲਾ ਵੈਲੀ ਵਿੱਚ ਹੋ ਰਿਹਾ ਹੈ। ਇਸ ਵਿੱਚ ਬਲੈਕਪਿੰਕ, ਚਾਰਲੀ, ਲੈਬ੍ਰਿੰਥ ਅਤੇ ਕਿਡ ਲਾਰੋਈ ਵਰਗੇ ਗਲੋਬਲ ਸੰਗੀਤ ਸਿਤਾਰਿਆਂ ਨੇ ਵੀ ਆਪਣੀ ਪੇਸ਼ਕਾਰੀ ਦਿੱਤੀ। ਪੰਜਾਬੀ ਗਾਇੱਕ ਦਿਲਜੀਤ ਨੇ ਕਾਲੇ ਕੱਪੜਿਆਂ ਨਾਲ ਕਾਲੇ ਦਸਤਾਨੇ ਤੇ ਕਾਲੀਆਂ ਐਨਕਾਂ ਪਹਿਨ ਕੇ ਆਪਣੇ ਸੁਪਰ ਹਿੱਟ ਗੀਤ ਗਾਏ। ਉਸ ਨੇ ਜਦੋਂ 'ਪਟਿਆਲਾ ਪੈੱਗ' ਗੀਤ ਸੁਣਾਇਆ ਤਾਂ ਅਮਰੀਕੀ ਸੰਗੀਤ ਨਿਰਮਾਤਾ ਡੀ.ਜੇ. ਡਿਪਲੋ ਵੀ ਨੱਚਣੋਂ ਨਾ ਰੁੱਕ ਸਕਿਆ। ਇਸ ਦੀ ਵੀਡੀਓ ਵੀ ਦਿਲਜੀਤ ਦੋਸਾਂਝ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ। ਦੋਸਾਂਝ ਨੇ ਪੰਜਾਬੀ ਵਿੱਚ ਸਟੇਜ 'ਤੇ ਕਿਹਾ, 'ਹੁਣ ਇਹ ਇਤਿਹਾਸ ਵਿੱਚ ਲਿਖਿਆ ਗਿਆ ਹੈ। ਪੰਜਾਬੀ ਆ ਗਏ ਹਮ ਕੋਚੇਲਾ (ਪੰਜਾਬੀ ਕੋਚੇਲਾ ਪਹੁੰਚ ਗਏ ਹਨ)। ਜੋ ਮੇਰੇ ਗੀਤਾਂ ਨੂੰ ਨਹੀਂ ਸਮਝਦੇ, ਉਨ੍ਹਾਂ ਨੂੰ ਵੀ ਮਿਊਜ਼ਿਕ ਤੇ ਗੀਤ ਵਧੀਆ ਲੱਗਣਗੇ।' ਇਸ ਤੋਂ ਬਾਅਦ ਦਿਲਜੀਤ ਨੇ 'ਜੱਟ ਦਾ ਪਿਆਰ' 'ਪਟਿਆਲਾ ਪੈੱਗ', 'ਪ੍ਰਾਪਰ ਪਟੋਲਾ', 'ਰਾਤ ਦੀ ਗੇੜੀ' ਆਦਿ ਗੀਤਾਂ ਨਾਲ ਸਰੋਤਿਆਂ ਨੂੰ ਖ਼ੂਬ ਨਚਾਇਆ। ਦਿਲਜੀਤ ਨੇ ਇੱਥੇ ਤਕਰੀਬਨ 45 ਮਿੰਟ ਆਪਣੇ ਲਾਈਵ ਬੈਂਡ ਅਤੇ ਭੰਗੜੇ ਨਾਲ ਅਮਰੀਕਾ ਵਾਸੀਆਂ ਦਾ ਮਨੋਰੰਜਨ ਕੀਤਾ।



# ਅਜੇ ਜੇਲ੍ਹ 'ਚ ਹੀ ਰਹਿਣਗੇ ਮਨੀਸ਼ ਸਿਸੋਦੀਆ

## ਨਿਆਂਇਕ ਹਿਰਾਸਤ 'ਚ ਹੋਇਆ ਵਾਧਾ



ਨਵੀਂ ਦਿੱਲੀ,(ਪੰਜਾਬੀ ਅਖ਼ਬਾਰ ਬਿਊਰੋ)- ਆਬਕਾਰੀ ਨੀਤੀ ਘਪਲੇ ਦੇ ਮਾਮਲੇ 'ਚ ਜੇਲ 'ਚ ਬੰਦ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਨਿਆਇਕ ਹਿਰਾਸਤ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਸੋਮਵਾਰ ਨੂੰ ਰਾਊਸ ਐਵੇਨਿਊ ਕੋਰਟ 'ਚ ਪੇਸ਼ ਕੀਤਾ ਗਿਆ, ਜਿੱਥੋਂ ਅਦਾਲਤ ਨੇ ਉਨ੍ਹਾਂ ਨੂੰ ਇਕ ਵਾਰ ਫਿਰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ।

ਦਿੱਲੀ ਦੀ ਰਾਊਸ ਐਵੇਨਿਊ ਅਦਾਲਤ ਨੇ ਸੀਬੀਆਈ ਮਾਮਲੇ ਵਿੱਚ ਮਨੀਸ਼ ਸਿਸੋਦੀਆ ਦੀ ਨਿਆਂਇਕ ਹਿਰਾਸਤ 27 ਅਪ੍ਰੈਲ ਤੱਕ ਵਧਾ ਦਿੱਤੀ ਹੈ, ਜਦੋਂ ਕਿ ਈਡੀ ਮਾਮਲੇ ਵਿੱਚ ਅਦਾਲਤ ਨੇ ਉਸ ਦੀ ਹਿਰਾਸਤ 'ਚ 29 ਅਪ੍ਰੈਲ ਤੱਕ ਵਾਧਾ ਕਰ ਦਿੱਤਾ।

ਮਨੀਸ਼ ਸਿਸੋਦੀਆ ਨੂੰ ਸੀਬੀਆਈ ਨੇ 26 ਫਰਵਰੀ ਨੂੰ ਦਿੱਲੀ ਦੇ ਕਥਿਤ ਆਬਕਾਰੀ ਨੀਤੀ ਮਾਮਲੇ ਵਿੱਚ ਹਿਰਾਸਤ ਵਿੱਚ ਲਿਆ ਸੀ। ਮਨੀਸ਼ ਸਿਸੋਦੀਆ ਤੋਂ ਲੰਮੀ ਪੁੱਛ-ਪੜਤਾਲ ਮਗਰੋਂ ਉਨ੍ਹਾਂ ਨੂੰ ਹਿਰਾਸਤ 'ਚ ਲਿਆ ਗਿਆ ਸੀ। ਮਨੀਸ਼ ਫਿਲਹਾਲ ਤਿਹਾੜ ਜੇਲ 'ਚ ਬੰਦ ਹੈ। ਈਡੀ ਸ਼ਰਾਬ ਨੀਤੀ ਮਾਮਲੇ ਵਿੱਚ ਮਨੀ ਲਾਂਡਰਿੰਗ ਦੀ ਜਾਂਚ ਕਰ ਰਹੀ ਹੈ। 5 ਅਪ੍ਰੈਲ ਨੂੰ ਅਦਾਲਤ ਨੇ ਮਨੀਸ਼ ਸਿਸੋਦੀਆ ਦੀ ਈਡੀ ਦੀ ਹਿਰਾਸਤ 17 ਅਪ੍ਰੈਲ ਤੱਕ ਵਧਾ ਦਿੱਤੀ ਸੀ। ਇਸ ਦੇ ਨਾਲ ਹੀ ਇਸ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਮੁਸੀਬਤ 'ਚ ਘਿਰਦੇ ਨਜ਼ਰ ਆ ਰਹੇ ਹਨ। ਬੀਤੇ ਦਿਨ ਸੀਬੀਆਈ ਨੇ ਅਰਵਿੰਦ ਕੇਜਰੀਵਾਲ ਤੋਂ ਲਗਭਗ 9 ਘੰਟੇ ਪੁੱਛ-ਪੜਤਾਲ ਕੀਤੀ ਸੀ।

# ਆਸਟਰੇਲੀਆ 'ਚ ਕੱਢਿਆ ਗਿਆ ਦਸਤਾਰ ਜਾਗਰੂਕਤਾ ਮਾਰਚ

## ਸਿੱਖ ਮੋਟਰਸਾਈਕਲ ਕਲੱਬ ਵੱਲੋਂ ਰਾਈਡ ਦਾ ਆਯੋਜਨ

ਮੈਲਬੌਰਨ,(ਪੰਜਾਬੀ ਅਖ਼ਬਾਰ ਬਿਊਰੋ)- ਸਿੱਖ ਮੋਟਰਸਾਇਕਲ ਕਲੱਬ ਆਸਟ੍ਰੇਲੀਆ ਵਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਿਪਤ ਦਸਤਾਰ ਜਾਗਰੂਕਤਾ ਮਾਰਚ ਕੱਢਿਆ ਗਿਆ ਜੋ ਕਿ ਮੈਲਬੌਰਨ ਦੇ ਦੱਖਣ ਪੂਰਬ 'ਚ ਸਥਿਤ ਗੁਰੂਦੁਆਰਾ ਕੀਜ਼ਬਰੋ ਤੋਂ ਸ਼ੁਰੂ ਹੋ ਕੇ ਉੱਤਰ ਪੱਛਮ 'ਚ ਸਥਿਤ ਦਲ ਬਾਬਾ ਬਿਧੀ ਚੰਦ ਜੀ ਖਾਲਸਾ ਛਾਉਣੀ ਪਲੰਪਟਨ ਵਿਖੇ ਸਮਾਪਤ ਹੋਇਆ। 80 ਦੇ ਕਰੀਬ ਮੋਟਰ ਸਾਈਕਲ ਸਵਾਰਾਂ ਨੇ ਪਹਿਲਾਂ ਗੁਰਦੁਆਰਾ ਸਾਹਿਬ ਕੀਜਬਰੋ ਵਿਖੇ ਅਰਦਾਸ ਮਗਰੋਂ ਇਹ ਮਾਰਚ ਸ਼ੁਰੂ ਕੀਤਾ ਤੇ ਕਰੀਬ ਇਕ ਘੰਟੇ ਤੋਂ ਉਪਰ ਦਾ ਸਮਾਂ ਤੈਅ ਕਰਦਿਆਂ ਮੈਲਬੌਰਨ ਦੇ ਵੱਖ-ਵੱਖ ਹਿਸਿਆਂ 'ਚੋਂ ਹੁੰਦੇ ਹੋਏ ਇਹ ਮਾਰਚ ਦਲ ਬਾਬਾ ਬਿਧੀ ਚੰਦ ਜੀ ਖਾਲਸਾ ਛਾਉਣੀ ਪਲਮਪਟਨ ਵਿਖੇ ਪੁੱਜਿਆ। ਜਿੱਥੇ ਖਾਲਸਾ ਛਾਉਣੀ ਪਲੰਪਟਨ ਦੇ ਮੁੱਖ ਸੇਵਾਦਾਰ ਗਿਆਨੀ ਅਵਤਾਰ ਸਿੰਘ ਜੀ ਨੇ ਸਿੱਖ ਮੋਟਸਾਈਕਲ ਸੁਆਰਾਂ ਦੇ ਜਥੇ ਨੂੰ ਜੀ ਆਇਆਂ ਕਿਹਾ।

ਇਸ ਮੌਕੇ ਮੈਲਟਨ ਹਲਕੇ ਤੋਂ ਸਟੇਟ ਮੈਂਬਰ ਪਾਰਲੀਮੈਂਟ ਸਟੀਵ ਮੈਕਈ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਉਨ੍ਹਾਂ ਜਿੱਥੇ ਖਾਲਸਾ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਮੁਬਾਰਕਾਂ ਦਿੱਤੀਆਂ, ਉੱਥੇ ਹੀ ਸਿੱਖ ਮੋਟਰਸਾਈਕਲ ਕਲੱਬ ਦੇ ਮੈਬਰਾਂ ਨੂੰ ਵੀ ਮਿਲੇ ਤੇ ਉਨ੍ਹਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਮੋਟਰਸਾਈਕਲ ਕਲੱਬ ਦੇ ਮੈਬਰਾਂ ਨੇ ਸਾਂਝੇ ਰੂਪ ਵਿੱਚ ਦੱਸਿਆ ਕਿ ਇਹ ਮਾਰਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸੀ ਤੇ ਅੱਜ ਦੇ ਦਿਨ ਹੀ ਦਸਤਾਰ ਮੁਹਿੰਮ ਨੂੰ ਵੀ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਜੋ ਆਸਟ੍ਰੇਲੀਆ 'ਚਦਸਤਾਰ ਬੰਨ੍ਹ ਕੇ ਮੋਟਰਸਾਈਕਲ ਚਲਾਉਣ ਦੀ ਇਜਾਜ਼ਤ ਦਿੱਤੀ ਜਾਵੇ ਤੇ ਹੈਲਮਟ ਪਾਉਣ ਤੋਂ ਛੋਟ ਦਿੱਤੀ ਜਾਵੇ। ਇਸ ਬਾਬਤ ਇਕ ਪਟੀਸ਼ਨ ਵੀ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਖਾਲਸਾ ਛਾਉਣੀ ਵਿਖੇ ਵਿੱਖੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਰਾਗੀ ਸਿੰਘਾਂ ਵਲੋ ਰਸਭਿੰਨਾ ਕੀਰਤਨ ਕੀਤਾ ਗਿਆ ਉਪਰੰਤ ਗਤਕੇ ਦੇ ਜੌਹਰ ਵੀ ਵਿਖਾਏ ਗਏ।




# ਬਾਹੂਬਲੀ ਅਤੀਕ ਅਹਿਮਦ ਨੇ ਡਿਗਣੋਂ ਬਚਾਈ ਸੀ ਯੂਪੀਏ ਸਰਕਾਰ?

## 'ਬਾਹੂਬਲੀਜ਼ ਆਫ਼ ਦਿ ਇੰਡੀਅਨ ਪਾਲੀਟਿਕਸ' ਕਿਤਾਬ 'ਚ ਖ਼ੁਲਾਸਾ

ਚੰਡੀਗੜ੍ਹ,(ਪੰਜਾਬੀ ਅਖ਼ਬਾਰ ਬਿਊਰੋ)-: ਯੂਪੀ ਦੇ ਮਾਫ਼ੀਆ ਡੌਨ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਦੀ ਬੀਤੇ ਦਿਨੀਂ ਪੁਲਿਸ ਹਿਰਾਸਤ ਵਿਚ ਤਿੰਨ ਲੋਕਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਕੋਈ ਸਮਾਂ ਸੀ ਜਦੋਂ ਗੈਂਗਸਟਰ ਤੋਂ ਸਿਆਸਤਦਾਨ ਬਣੇ ਅਤੀਕ ਦਾ ਪੂਰੀ ਯੂਪੀ ਵਿਚ ਸਿੱਕਾ ਚਲਦਾ ਸੀ ਪਰ ਸਾਲ 2008 ਵਿਚ ਜਦੋਂ ਅਮਰੀਕਾ ਨਾਲ ਪ੍ਰਮਾਣੂ ਸਮਝੌਤੇ ਕਾਰਨ ਉਸ ਸਮੇਂ ਯੂਪੀਏ ਸਰਕਾਰ 'ਤੇ ਸੰਕਟ ਦੇ ਬੱਦਲ ਮੰਡਰਾ ਰਹੇ ਸਨ ਤਾਂ ਅਤੀਕ ਅਹਿਮਦ ਨੇ ਸਰਕਾਰ ਨੂੰ ਬਚਾਉਣ ਵਿਚ ਵੱਡੀ ਭੂਮਿਕਾ ਨਿਭਾਈ ਸੀ। ਸੋ ਆਓ ਦੱਸਦੇ ਆਂ, ਕੀ ਐ ਪੂਰੀ ਖ਼ਬਰ?

ਗੈਂਗਸਟਰ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਦਾ ਬੀਤੇ ਦਿਨੀਂ ਪੁਲਿਸ ਹਿਰਾਸਤ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਪਰ ਯੂਪੀ ਦੇ ਇਸ ਬਾਹੂਬਲੀ ਦੇ ਨਾਲ ਕਾਫ਼ੀ ਸਾਰੇ ਕਿੱਸੇ ਜੁੜੇ ਹੋਏ ਨੇ। ਸਾਲ 2008 ਦੀ ਗੱਲ ਜਦੋਂ ਉਸ ਸਮੇਂ ਦੀ ਯੂਪੀਏ ਸਰਕਾਰ ਅਮਰੀਕਾ ਨਾਲ ਹੋਏ ਪ੍ਰਮਾਣੂ ਸਮਝੌਤੇ ਕਾਰਨ ਸੰਕਟ ਵਿਚ ਘਿਰੀ ਹੋਈ ਸੀ ਤਾਂ ਅਤੀਕ ਅਹਿਮਦ ਨੇ ਸਰਕਾਰ ਨੂੰ ਬਚਾਉਣ ਵਿਚ ਮੁੱਖ ਰੋਲ ਨਿਭਾਇਆ ਸੀ। ਇਹ ਦਾਅਵਾ ਇਕ ਕਿਤਾਬ 'ਬਾਹੂਬਲੀਜ਼ ਆਫ਼ ਦਿ ਇੰਡੀਅਨ ਪਾਲੀਟਿਕਸ : ਫਰਾਮ ਬੁਲੇਟ ਟੂ ਬੈਲਟ' ਵਿਚ ਕੀਤਾ ਗਿਆ ਏ। ਮਾਮਲਾ ਕੁੱਝ ਇਸ ਤਰ੍ਹਾਂ ਸੀ ਕਿ ਵਿਰੋਧੀ ਧਿਰ ਨੇ ਤਤਕਾਲੀ ਮਨਮੋਹਨ ਸਿੰਘ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਲਿਆਂਦਾ ਸੀ ਅਤੇ ਯੂਪੀਏ ਸਰਕਾਰ ਅਤੇ ਅਮਰੀਕਾ ਨਾਲ ਪਰਮਾਣੂ ਸਮਝੌਤਾ ਦਾਅ 'ਤੇ ਲੱਗਿਆ ਹੋਇਆ ਸੀ। ਕਿਤਾਬ ਮੁਤਾਬਕ ਅਤੀਕ ਅਹਿਮਦ ਸਮੇਤ ਛੇ ਅਪਰਾਧੀ ਸੰਸਦ ਮੈਂਬਰਾਂ ਨੂੰ 48 ਘੰਟਿਆਂ ਦੇ ਅੰਦਰ ਵੱਖ ਵੱਖ ਜੇਲ੍ਹਾਂ ਤੋਂ ਫਰਲੋ 'ਤੇ ਰਿਹਾਅ ਕਰ ਦਿੱਤਾ ਗਿਆ ਸੀ ਤਾਂ ਜੋ ਇਹ ਸਰਕਾਰ ਦੇ ਹੱਕ ਵਿਚ ਵੋਟ ਪਾ ਸਕਣ। ਇਨ੍ਹਾਂ ਵਿਚ ਸਮਾਜਵਾਦੀ ਪਾਰਟੀ ਦਾ ਤਤਕਾਲੀ ਲੋਕ ਸਭਾ ਮੈਂਬਰ ਅਤੀਕ ਅਹਿਮਦ ਵੀ ਸ਼ਾਮਲ ਸੀ ਜੋ ਉਸ ਸਮੇਂ ਇਲਾਹਾਬਾਦ ਦੇ ਫੂਲਪੁਰ ਹਲਕੇ ਦੀ ਨੁਮਾਇੰਦਗੀ ਕਰ ਰਿਹਾ ਸੀ।

ਰਾਜੇਸ਼ ਸਿੰਘ ਵੱਲੋਂ ਲਿਖੀ ਅਤੇ ਰੂਪਾ ਪਬਲੀਕੇਸ਼ਨਜ਼ ਵੱਲੋਂ ਪ੍ਰਕਾਸ਼ਤ ਕੀਤੀ ਗਈ ਇਸ ਕਿਤਾਬ ਵਿਚ ਜ਼ਿਕਰ ਕੀਤਾ ਗਿਆ ਏ ਕਿ ਅਤੀਕ ਉਨ੍ਹਾਂ ਬਾਹੂਬਲੀਆਂ ਵਿਚੋਂ ਇਕ ਸੀ, ਜਿਸ ਨੇ ਯੂਪੀਏ ਸਰਕਾਰ ਨੂੰ ਡਿੱਗਣ ਤੋਂ ਬਚਾਇਆ ਸੀ। ਖੱਬੇ ਪੱਖੀ ਪਾਰਟੀਆਂ ਨੇ ਸਿਵਲ ਪਰਮਾਣੂ ਸਮਝੌਤਾ ਕਰਨ ਦੇ ਸਰਕਾਰ ਦੇ ਫ਼ੈਸਲੇ 'ਤੇ 2008 ਦੇ ਅੱਧ ਵਿਚ ਸਰਕਾਰ ਨੂੰ ਆਪਣਾ ਬਾਹਰੀ ਸਮਰਥਨ ਵਾਪਸ ਲੈ ਲਿਆ ਸੀ। ਕਿਤਾਬ ਦੀ ਲਿਖਤ ਮੁਤਾਬਕ ''ਯੂਪੀਏ ਦੇ ਲੋਕ ਸਭਾ ਵਿਚ 228 ਮੈਂਬਰ ਸਨ ਅਤੇ ਸਰਕਾਰ ਕੋਲ ਬੇਭਰੋਸਗੀ ਮਤੇ ਨੂੰ ਪਾਰ ਕਰਨ ਲਈ 44 ਵੋਟਾਂ ਘਟ ਰਹੀਆਂ ਸਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਹਾਲਾਂਕਿ ਭਰੋਸਾ ਜ਼ਾਹਿਰ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਸੱਤਾ ਵਿਚ ਰਹੇਗੀ ਪਰ ਇਹ ਜਲਦੀ ਹੀ ਸਪੱਸ਼ਟ ਹੋ ਗਿਆ ਕਿ ਭਰੋਸੇ ਦਾ ਵੋਟ ਕਿੱਥੋਂ ਆਇਆ ਸੀ?

ਕਿਤਾਬ ਦੇ ਮੁਤਾਬਕ ਉਦੋਂ ਸਮਾਜਵਾਦੀ ਪਾਰਟੀ, ਅਜੀਤ ਸਿੰਘ ਅਗਵਾਲੀ ਵਾਲੇ ਰਾਸ਼ਟਰੀ ਲੋਕ ਦਲ ਅਤੇ ਐਚਡੀ ਦੇਵਗੌੜਾ ਦੇ ਜਨਤਾ ਦਲ ਸੈਕੁਲਰ ਨੇ ਯੂਪੀਏ ਸਰਕਾਰ ਨੂੰ ਆਪਣਾ ਸਮਰਥਨ ਦਿੱਤਾ ਸੀ। ਯੂਪੀ ਦਾ ਇਹ ਬਾਹੂਬਲੀ ਨੇਤਾ ਅਤੀਕ ਅਹਿਮਦ ਵੀ ਯੂਪੀਏ ਦਾ ਸਮਰਥਨ ਕਰਨ ਵਾਲੇ ਹੋਰਾਂ ਸੰਸਦ ਮੈਂਬਰਾਂ ਵਿਚ ਸ਼ਾਮਲ ਸੀ। ਕਿਤਾਬ ਵਿਚ ਕਿਹਾ ਗਿਆ ਏ ਕਿ ਵੋਟ ਤੋਂ 48 ਘੰਟੇ ਪਹਿਲਾਂ ਸਰਕਾਰ ਨੇ ਦੇਸ਼ ਦੇ ਛੇ ਕਾਨੂੰਨ ਤੋੜਨ ਵਾਲਿਆਂ ਨੂੰ ਫਰਲੋ 'ਤੇ ਜੇਲ੍ਹ ਵਿਚੋਂ ਬਾਹਰ ਕੱਢਿਆ ਸੀ, ਜਿਵੇਂ ਹੁਣ ਰਾਮ ਰਹੀਮ ਵਰਗੇ ਕਾਤਲ ਅਤੇ ਬਲਾਤਕਾਰੀਆਂ ਨੂੰ ਕੱਢਿਆ ਜਾ ਰਿਹਾ ਏ। ਇਨ੍ਹਾਂ ਬਾਹੂਬਲੀ ਸੰਸਦ ਮੈਂਬਰਾਂ ਦੇ ਵਿਰੁੱਧ ਅਗਵਾ, ਕਤਲ, ਜ਼ਬਰੀ ਵਸੂਲੀ, ਅਗਜ਼ਨੀ ਸਮੇਤ ਕੁੱਲ 100 ਤੋਂ ਵੱਧ ਮਾਮਲੇ ਦਰਜ ਸਨ।

ਦੱਸ ਦਈਏ ਕਿ ਅਤੀਕ ਅਤੇ ਉਸ ਦੇ ਭਰਾ ਅਸ਼ਰਫ਼ ਦੀ ਸ਼ਨੀਵਾਰ ਰਾਤ ਪ੍ਰਯਾਗਰਾਜ ਦੇ ਇਕ ਹਸਪਤਾਲ ਦੇ ਬਾਹਰ ਹੱਤਿਆ ਕਰ ਦਿੱਤੀ ਗਈ ਸੀ। ਦੋਵੇਂ ਭਰਾਵਾਂ ਨੂੰ ਮੈਡੀਕਲ ਜਾਂਚ ਦੇ ਲਈ ਹਸਪਤਾਲ ਲਿਆਂਦਾ ਗਿਆ ਸੀ, ਜਿੱਥੇ ਮੀਡੀਆ ਕਰਮੀਆਂ ਦੇ ਭੇਸ ਵਿਚ ਆਏ ਹਮਲਾਵਰਾਂ ਨੇ ਦੋਵਾਂ ਨੂੰ ਗੋਲੀਆਂ ਮਾਰ ਦਿੱਤੀਆਂ ਅਤੇ ਫਿਰ ਧਾਰਮਿਕ ਨਾਅਰੇ ਲਗਾਉਣ ਲੱਗੇ। ਫਿਲਹਾਲ ਹੁਣ ਇਸ ਮਾਮਲੇ ਲਿੱਪਾ ਪੋਚੀ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਐ।



# ਜਲੰਧਰ 'ਚ ਆਮ ਆਦਮੀ ਪਾਰਟੀ ਦਾ ਸ਼ਕਤੀ ਪ੍ਰਦਰਸ਼ਨ

ਜਲੰਧਰ,(ਪੰਜਾਬੀ ਅਖ਼ਬਾਰ ਬਿਊਰੋ)- : ਜਲੰਧਰ ਜ਼ਿਮਨੀ ਚੋਣ ਲਈ ਵੱਖ ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾ ਰਹੇ ਨੇ, ਜਿਸ ਦੇ ਚਲਦਿਆਂ ਬੀਤੇ ਦਿਨੀਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਕਈ ਮੰਤਰੀ ਵਿਧਾਇਕ ਪੁੱਜੇ ਹੋਏ ਸਨ। ਸੁਸ਼ੀਲ ਕੁਮਾਰ ਰਿੰਕੂ ਨੇ ਮੁੱਖ ਮੰਤਰੀ ਨਾਲ ਇਕ ਵੱਡੇ ਕਾਫ਼ਲੇ ਦੇ ਰੂਪ ਵਿਚ ਚੋਣ ਦਫ਼ਤਰ ਪਹੁੰਚ ਕੇ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ। ਇਸ ਮੌਕੇ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਆਮ ਆਦਮੀ ਪਾਰਟੀ ਵਿਕਾਸ ਕਰਵਾਉਣ ਵਾਲੀ ਪਾਰਟੀ ਐ, ਕਾਂਗਰਸੀ ਤਾਂ ਇਕ ਦੂਜੇ ਨੂੰ ਮਨਾਉਣ ਵਿਚ ਲੱਗੇ ਹੋਏ ਨੇ, ਉਨ੍ਹਾਂ ਨੇ ਲੋਕਾਂ ਦਾ ਕੋਈ ਵਿਕਾਸ ਨਹੀਂ ਕਰਨਾ।

ਦੱਸ ਦਈਏ ਕਿ ਜਲੰਧਰ ਦੀ ਲੋਕ ਸਭਾ ਜ਼ਿਮਨੀ ਚੋਣ ਜਿੱਤਣ ਲਈ ਭਾਵੇਂ ਕਿ ਸਾਰੀਆਂ ਪਾਰਟੀਆਂ ਨੇ ਜ਼ੋਰ ਲਗਾਇਆ ਹੋਇਆ ਏ ਪਰ ਮੁੱਖ ਟੱਕਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਾਲੇ ਹੀ ਹੁੰਦੀ ਨਜ਼ਰ ਆ ਰਹੀ ਐ।

ਦੂਜੀਆਂ ਪਾਰਟੀਆਂ ਦੁਆਰਾ ਵੀ ਆਪਣਾ ਪੂਰਾ ਜ਼ੋਲ ਲਗਾਇਆ ਜਾ ਰਿਹਾ ਹੈ। ਅਕਾਲੀ ਦਲ ਵਲੋਂ ਡਾ. ਸੁਖਵਿੰਦਰ ਸੁੱਖੀ ਅਤੇ ਭਾਜਪਾ ਵਲੋਂ ਇੰਦਰ ਇਕਬਾਲ ਸਿੰਘ ਵਲੋਂ ਉਮੀਦਵਾਰ ਹੋਣਗੇ। ਦੱਸ ਮਈ ਨੂੰ ਇਥੇ ਵੋਟਾਂ ਪੈਣਗੀਆਂ ਅਤੇ ਤੇਰ੍ਹਾਂ ਮਈ ਨੂੰ ਨਤੀਜੇ ਸਾਹਮਣੇ ਆਉਣਗੇ।



# ਯੂਕੇ ਦੇ ਗੁਰੂ ਘਰ ਦੇ ਨਾਂ 'ਤੇ ਹੋ ਰਿਹੈ ਵੀਜ਼ਾ ਫਰੌਡ

## ਸੋਸ਼ਲ ਮੀਡੀਆ 'ਤੇ ਦਿੱਤੇ ਜਾ ਰਹੇ ਨੇ ਝੂਠੇ ਇਸ਼ਤਿਹਾਰ

ਲੰਡਨ,(ਪੰਜਾਬੀ ਅਖ਼ਬਾਰ ਬਿਊਰੋ)-ਬਰਤਾਨੀਆ ਦੇ ਇੱਕ ਗੁਰੂ ਘਰ ਨੇ ਉਨ੍ਹਾਂ ਧੋਖੇਬਾਜ਼ ਏਜੰਟਾਂ ਅਤੇ ਹੋਰ ਜਾਲਸਾਜ਼ਾਂ ਵਿਰੁੱਧ ਚੇਤਾਵਨੀ ਜਾਰੀ ਕੀਤੀ ਹੈ, ਜਿਹੜੇ ਯੂਕੇ ਦਾ ਵੀਜ਼ਾ ਅਤੇ ਉੱਥੋਂ ਦੇ ਗੁਰਦੁਆਰੇ ਵਿੱਚ ਨੌਕਰੀ ਦਿਵਾਉਣ ਦਾ ਲਾਰਾ ਲਾ ਕੇ ਭਾਰਤ 'ਚ ਲੋਕਾਂ ਨਾਲ ਠੱਗੀ ਮਾਰ ਰਹੇ ਨੇ।

ਬ੍ਰਿਟੇਨ ਦੇ ਗਰੇਵਸੈਂਡ ਵਿੱਚ ਸਥਿਤ 'ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ' ਨੇ ਇਹ ਚੇਤਾਵਨੀ ਜਾਰੀ ਕੀਤੀ ਹੈ। ਗੁਰੂ ਘਰ ਵੱਲੋਂ ਆਪਣੇ ਸੋਸ਼ਲ ਮੀਡੀਆ ਪੇਜ 'ਤੇ ਚੇਤਾਵਨੀ ਜਾਰੀ ਕੀਤੀ ਗਈ ਕਿ ਭਾਰਤ ਵਿੱਚ ਕੁਝ ਏਜੰਟ ਲੋਕਾਂ ਨਾਲ ਠੱਗੀਆਂ ਮਾਰ ਰਹੇ ਨੇ। ਉਨ੍ਹਾਂ ਵੱਲੋਂ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਸੋਸ਼ਲ ਮੀਡੀਆ 'ਤੇ ਝੂਠੇ ਇਸ਼ਤਿਹਾਰ ਦਿੱਤੇ ਜਾ ਰਹੇ ਨੇ, ਜਿਨ੍ਹਾਂ ਵਿੱਚ ਗਰੇਵਸੈਂਡ ਦੇ ਗੁਰੂ ਘਰ ਦੀ ਤਸਵੀਰ ਵੀ ਲਾਈ ਗਈ ਹੈ। ਇਨ੍ਹਾਂ ਵਿੱਚ ਯੂਕੇ ਦੇ ਗੁਰਦੁਆਰਿਆਂ ਵਿੱਚ ਨੌਕਰੀ, ਮੁਫ਼ਤ ਖਾਣਾ ਅਤੇ ਵੀਜ਼ੇ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। 'ਯੂਕੇ 'ਚ ਤੁਰੰਤ ਕਾਮਿਆਂ ਦੀ ਲੋੜ' ਦੇ ਨਾਂ ਹੇਠ ਇਹ ਝੂਠੇ ਇਸ਼ਤਿਹਾਰ ਛਾਪ ਕੇ ਲੋਕਾਂ ਨਾਲ ਠੱਗੀ ਮਾਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਗਰੇਵਸੈਂਡ ਵਿੱਚ ਸਥਿਤ 'ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ' ਦੇ ਜਨਰਲ ਸਕੱਤਰ ਜਗਦੇਵ ਸਿੰਘ ਵਿਰਦੀ ਨੇ ਦੱਸਿਆ ਕਿ ਉਨ੍ਹਾਂ ਇਸ ਧੋਖਾਧੜੀ ਬਾਰੇ ਤਦ ਪਤਾ ਲੱਗਾ, ਜਦੋਂ ਪਿਛਲੇ ਹਫਤੇ ਇੱਕ ਕੁੜੀ ਇਸ ਗੁਰੂ ਘਰ ਵਿੱਚ ਆਈ ਸੀ, ਜੋ ਇੱਥੇ ਹੈ, ਪਰ ਉਸ ਦੇ ਪਿਤਾ ਭਾਰਤ ਵਿੱਚ ਰਹਿੰਦੇ ਨੇ। ਉਸ ਦੇ ਪਿਤਾ ਨੇ ਯੂਕੇ ਦੇ ਗੁਰਦੁਰਿਆਂ ਵਿੱਚ ਨੌਕਰੀ ਤੇ ਵੀਜ਼ੇ ਸਬੰਧੀ ਇਸ਼ਤਿਹਾਰ ਦੇਖਿਆ ਸੀ। ਉਹ ਇਹੀ ਦੇਖਣ ਲਈ ਗੁਰੂ ਘਰ ਵਿੱਚ ਆਈ ਕਿ ਇਸ ਇਸ਼ਤਿਹਾਰ ਵਿੱਚ ਕਿੰਨੀ ਕੁ ਸੱਚਾਈ ਹੈ?

ਇਸ ਤੋਂ ਬਾਅਦ ਲਗਭਗ ਇੱਕ ਦਰਜਨ ਲੋਕਾਂ ਨੇ ਇੰਟਰਨੈੱਟ 'ਤੇ ਪ੍ਰਸਾਰਿਤ ਇਸ਼ਤਿਹਾਰ ਬਾਰੇ ਪੁੱਛ-ਪੜਤਾਲ ਕਰਨ ਲਈ ਇਸ ਗੁਰਦੁਆਰਾ ਪ੍ਰਬੰਧਕਾਂ ਨਾਲ ਸੰਪਰਕ ਕੀਤਾ। ਇੱਥੋਂ ਤੱਕ ਕਿ ਕਈ ਲੋਕ ਤਾਂ ਇਹ ਇਸ਼ਤਿਹਾਰ ਦੇਖ ਕੇ ਇਨ੍ਹਾਂ ਝੂਠੇ ਏਜੰਟਾਂ ਨਾਲ ਆਪਣਾ ਪਾਸਪੋਰਟ ਅਤੇ ਹੋਰ ਨਿੱਜੀ ਜਾਣਕਾਰੀ ਸਾਂਝੀ ਕਰਨ ਦੀ ਪ੍ਰਕਿਰਿਆ ਵਿੱਚੋਂ ਲੰਘ ਚੁੱਕੇ ਨੇ।

ਜਗਦੇਵ ਸਿੰਘ ਵਿਰਦੀ ਨੇ ਕਿਹਾ ਕਿ ਇਨ੍ਹਾਂ ਧੋਖੇਬਾਜ਼ਾਂ ਨੇ ਗੁਰਦੁਆਰਾ ਸਾਹਿਬ ਦੀ ਤਰ੍ਹਾਂ ਇੱਕ ਵੈਬਸਾਈਟ ਡੋਮੇਨ ਅਤੇ ਈਮੇਲ ਬਣਾਈ ਹੋਈ ਹੈ। ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਨੇ ਆਪਣੀ ਵੈਬਸਾਈਟ 'ਤੇ ਪੋਸਟ ਕੀਤਾ ਕਿ ਸਾਵਧਾਨ ਰਹੋ, ਕਿਉਂਕਿ ਕੁਝ ਧੋਖੇਬਾਜ਼ਾਂ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਯੂਕੇ ਦਾ ਵੀਜ਼ਾ ਅਤੇ ਨੌਕਰੀ ਦਿਵਾਉਣ ਦਾ ਲਾਰਾ ਲਾ ਕੇ ਠੱਗੀ ਮਾਰੀ ਜਾ ਰਹੀ ਹੈ। ਕ੍ਰਿਪਾ ਕਰਕੇ ਇਹੋ ਜਿਹੇ ਏਜੰਟਾਂ ਦੇ ਮੱਕੜ ਜਾਲ ਵਿੱਚ ਨਾ ਫਸੋ। ਝੂਠੇ ਇਸ਼ਤਿਹਾਰ ਵਿੱਚ ਗਰੇਵਸੈਂਡ ਦੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਦੀ ਤਸਵੀਰ ਲਾ ਕੇ ਲੋਕਾਂ ਨੂੰ ਫਸਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਵਿਰਦੀ ਨੇ ਕਿਹਾ ਕਿ ਉਨ੍ਹਾਂ ਨੇ ਕੇਂਟ ਪੁਲਿਸ ਅਤੇ ਨੈਸ਼ਨਲ ਹੋਮ ਆਫਿਸ ਆਫ਼ ਐਕਸ਼ਨ ਫਰੌਡ ਦੋਵਾਂ ਨੂੰ ਇਸ ਧੋਖਾਧੜੀ ਸਬੰਧੀ ਸ਼ਿਕਾਇਤ ਦੇ ਦਿੱਤੀ ਹੈ। ਕੇਂਟ ਪੁਲਿਸ ਦੇ ਇੱਕ ਬੁਲਾਰੇ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਗਰੇਵਸੈਂਡ ਗੁਰਦੁਆਰਾ ਸਾਹਿਬ ਦੇ ਨਾਂ 'ਤੇ ਲੋਕਾਂ ਨਾਲ ਧੋਖਾਧੜੀ ਕਰਨ ਵਾਲਿਆਂ ਵਿਰੁੱਧ ਸ਼ਿਕਾਇਤ ਮਿਲ ਚੁੱਕੀ ਹੈ। ਇਸ ਦੇ ਚਲਦਿਆਂ ਗੁਰੂ ਦੇ ਪ੍ਰਬੰਧਕਾਂ ਨਾਲ ਸੰਪਰਕ ਰੱਖਿਆ ਜਾ ਰਿਹਾ ਹੈ ਅਤੇ ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕੀਤੀ ਜਾ ਰਹੀ ਹੈ



# ਕੈਨੇਡਾ ਦੇ ਮੂਲਨਿਵਾਸੀਆਂ ਦੀਆਂ ਕਹਾਣੀਆਂ ਵਿਚਲਾ ਸੱਚ

ਜਗਦੇਵ ਸਿੱਧੂ
403 351 1136



ਹਰੇਕ ਪੁਰਾਤਨ ਸਭਿਅਤਾ ਦੀਆਂ ਆਪਣੀਆਂ ਪੁਰਾਣੀਆਂ ਕਹਾਣੀਆਂ ਹਨ ਜਿਹੜੀਆਂ ਪੀੜ੍ਹੀਓ-ਪੀੜ੍ਹੀ ਮੂੰਹੋਂ-ਮੂੰਹੀਂ ਸੁਣਾਈਆਂ ਬਾਤਾਂ ਦੀ ਸ਼ਕਲ ਵਿਚ ਮੌਜੂਦ ਹਨ। ਇਹ ਦਿਲਚਸਪ ਵੀ ਹਨ ਅਤੇ ਕਈ ਪੱਖਾਂ ਤੋਂ ਸਭਿਅਤਾ ਬਾਰੇ ਜਾਨਣ ਲਈ ਸਹਾਈ ਵੀ ਹਨ। ਇਨ੍ਹਾਂ ਨੂੰ ਡੂੰਘਾਈ ਨਾਲ ਘੋਖਣ-ਪਰਖਣ ਤੋਂ ਇਨ੍ਹਾਂ ਵਿਚਲੀਆਂ ਕੁੱਝ ਮਹੱਤਵਪੂਰਨ ਸਚਾਈਆਂ ਦੇ ਦਰਸ਼ਨ ਹੁੰਦੇ ਹਨ।

ਅਜਿਹਾ ਹੀ ਕੈਨੇਡਾ ਦੇ ਮੂਲਨਿਵਾਸੀਆਂ ਦੀਆਂ ਪੁਰਾਤਨ ਕਹਾਣੀਆਂ ਬਾਰੇ ਕਿਹਾ ਜਾ ਸਕਦਾ ਹੈ। ਕੈਨੇਡਾ ਦੇ ਧੁਰ ਪੂਰਬ ਤੋਂ ਧੁਰ ਪੱਛਮ ਤੱਕ (ਐਟਲਾਂਟਿਕ ਕਿਨਾਰੇ ਤੋਂ ਪੈਸਿਫਿਕ ਕਿਨਾਰੇ ਤੱਕ) ਅਤੇ ਉੱਤਰੀ ਧਰੁਵ ਤੋਂ ਦੱਖਣ (49 ਸਮਾਨਾਂਤਰ) ਤੱਕ ਜਿੰਨੇ ਵੀ ਪੁਰਾਤਨ ਕਬੀਲੇ ਹਨ, ਉਨ੍ਹਾਂ ਸਾਰਿਆਂ ਦੀਆਂ ਕਹਾਣੀਆਂ ਹਨ ਜੋ ਜਾਂ ਤਾਂ ਬਿਲਕੁਲ ਵੱਖਰੀਆਂ ਹਨ, ਜਾਂ ਥੋੜ੍ਹੇ ਬਹੁਤ ਫ਼ਰਕ ਨਾਲ ਮਿਲਦੀਆਂ ਜੁਲਦੀਆਂ ਹਨ ਤੇ ਜਾਂ ਤਕਰੀਬਨ ਓਹੀ ਹਨ। ਪਹਿਲਾਂ ਸ੍ਰਿਸ਼ਟੀ ਦੀ ਸਾਜਣਾ ਬਾਰੇ ਕਹਾਣੀਆਂ ਸੁਣਦੇ ਹਾਂ।

ਪਹਿਲਾਂ ਇਹ ਧਰਤੀ ਸਿਰਫ਼ ਪਾਣੀ ਹੀ ਪਾਣੀ ਸੀ। ਉਪਰ ਕਿਤੇ ਪੁਲਾੜ ਵਿਚ ਬਹੁਤ ਪੁਰਾਤਨ ਵੱਡੀ ਸਾਰੀ ਦੁਨੀਆਂ ਵਸਦੀ ਸੀ। ਇਸ ਦੁਨੀਆਂ ਵਿਚ ਇਕ ਪਾਗਲ ਔਰਤ ਸੀ। ਅਸਲ ਵਿਚ ਉਹ ਏਨੀ ਪਾਗਲ ਤਾਂ ਨਹੀਂ ਸੀ ਪਰ ਉਸ ਨੂੰ ਜਗਿਆਸੂ ਕਹਿ ਸਕਦੇ ਹਾਂ ਜਿਹੜੀ ਕਿਸੇ ਗੱਲ ਪਿੱਛੇ ਖਹਿੜੇ ਪੈ ਜਾਂਦੀ ਸੀ। ਇਕ ਦਿਨ ਉਸ ਨੇ ਦਰਿਆ ਵਿਚ ਇਸ਼ਨਾਨ ਕਰਨ ਸਮੇਂ ਆਪਣੇ ਪੈਰਾਂ ਨੂੰ ਵੇਖਿਆ ਜਿੱਥੇ ਉਸ ਨੂੰ ਅੰਗੂਠੇ ਸਣੇ ਪੰਜੇ ਉਂਗਲ਼ੀਆਂ ਦਿੱਸੀਆਂ। ਉਸ ਨੇ ਅੰਗੂਠੇ ਨੂੰ ਪਿੱਛਿਆ ਕਿ ਤੁਸੀਂ ਪੰਜ ਹੀ ਕਿਉਂ ਹੋ, ਤਿੰਨ ਜਾਂ ਅੱਠ ਕਿਉਂ ਨਹੀਂ? ਅੰਗੂਠੇ ਨੇ ਕਿਹਾ ਤੂੰ ਪਾਗਲਪਣ ਕਰ ਰਹੀ ਹੈਂ। ਫੇਰ ਇਕ ਦਿਨ ਉਸ ਨੂੰ ਜੰਗਲ ਵਿਚ ਫਿਰਦੀ ਨੂੰ ਇਕ ਮੂਸ (ਜਾਨਵਰ) ਦਿੱਸਿਆ। ਔਰਤ ਨੇ ਉਸ ਨੂੰ ਪੁੱਛਿਆ ਤੂੰ ਮੇਰੇ ਨਾਲੋਂ ਏਨਾ ਵੱਡਾ ਕਿਉਂ ਹੈਂ? ਮੂਸ ਏਨਾ ਕਹਿ ਕੇ ਚਲਦਾ ਬਣਿਆ ਕਿ ਭਲਾ ਇਹ ਕਿਹੜੀ ਪੁੱਛਣ ਵਾਲੀ ਗੱਲ ਹੈ। ਇਕ ਦਿਨ ਉਹ ਔਰਤ ਕੁਛ ਖਾਣ ਲਈ ਬਾਹਰ ਨਿਕਲੀ। ਉਸ ਨੇ ਇਕ ਚੂਹਾ ਵੇਖਿਆ ਤੇ ਫੇਰ ਇਕ ਮੱਛੀ ਵੇਖੀ ਪਰ ਉਸ ਦਾ ਇਨ੍ਹਾਂ ਨੂੰ ਖਾਣ ਦਾ ਜੀਅ ਨਾ ਕੀਤਾ। ਉਨ੍ਹਾਂ ਨੂੰ ਸਗੋਂ ਪੁੱਛਿਆ ਕਿ ਮੈਨੂੰ ਪਤਾ ਨਹੀਂ ਲਗਦਾ ਕਿ ਮੈਂ ਕੀ ਖਾਵਾਂ।ਚੂਹੇ ਨੇ ਕਿਹਾ ਕਿ ਜੇ ਇਹ ਗੱਲ ਹੈ ਤਾਂ ਤੂੰ ਜ਼ਰੂਰ ਗਰਭਵਤੀ ਹੋਵੇਂਗੀ, ਤੈਨੂੰ ਕਿਸੇ ਪੁਰਾਣੇ ਦਰਖਤ ਦੀ ਲਾਲ ਜੜ੍ਹ ਖਾਣੀ ਚਾਹੀਦੀ ਹੈ। ਇਹ ਸੁਣ ਕੇ ਉਹ ਇਕ ਪੁਰਾਣੇ ਦਰਖਤ ਦੇ ਆਲੇ-ਦੁਆਲਿਓਂ ਮਿੱਟੀ ਪੱਟਣ ਲੱਗੀ ਤਾਂ ਕਿ ਜੜ੍ਹ ਨੰਗੀ ਕਰ ਲਵੇ। ਉਸ ਨੂੰ ਅਜਿਹਾ ਕਰਦੀ ਨੂੰ ਵੇਖ ਕੇ ਬਿੱਜੂ ਨੇ ਉਸ ਨੂੰ ਕਿਹਾ ਕਿ ਬਹੁਤਾ ਡੂੰਘਾ ਟੋਆ ਨਾ ਪੱਟੀਂ। ਔਰਤ ਕਹਿੰਦੀ, ਜਾ ਪਰੇ, ਆਪਣਾ ਕੰਮ ਕਰ। ਪੱਟਦੀ ਪੱਟਦੀ ਨੇ ਏਨਾ ਡੂੰਘਾ ਟੋਆ ਪੱਟ ਧਰਿਆ ਕਿ ਉਪਰਲੀ ਦੁਨੀਆਂ ਦਾ ਹੇਠਲਾ ਪਾਸਾ ਆ ਗਿਆ। ਉਸ ਨੇ ਉਸ ਟੋਏ ਵਿਚ ਧੌਣ ਪਾ ਕੇ ਵੇਖਣਾ ਚਾਹਿਆ ਤਾਂ ਦੂਜੇ ਪਾਸੇ ਹੇਠਾਂ ਡਿੱਗ ਪਈ।

ਉਹ ਖੁੱਲ੍ਹੇ ਆਕਾਸ਼ ਵਿਚ ਡਿੱਕ-ਡੋਲੇ ਖਾਂਦੀ ਰਹੀ, ਹੇਠਾਂ ਹੀ ਹੇਠਾਂ ਆਉਂਦੀ ਰਹੀ, ਗੇੜੇ ਖਾਂਦੀ ਆਕਾਸ਼ ਵਿਚ ਤੈਰਦੀ ਰਹੀ। ਦੂਰ ਜਿੱਥੋਂ ਤੱਕ ਨਿਗਾਹ ਜਾਂਦੀ ਸੀ, ਇਕ ਨੀਲੇ ਰੰਗ ਦਾ ਬਿੰਦੂ ਤੈਰਦਾ ਦਿੱਸਿਆ। ਜਿਉਂ ਜਿਉਂ ਉਹ ਉਸ ਵੱਲ ਡਿਗਦੀ ਗਈ, ਬਿੰਦੂ ਵੱਡਾ ਹੁੰਦਾ ਗਿਆ। ਇਹ ਬਿੰਦੂ ਤਾਂ ਧਰਤੀ ਸੀ ਜੋ ਉਸ ਸਮੇਂ ਸਿਰਫ਼ ਪਾਣੀ ਦੀ ਸ਼ਕਲ ਵਿਚ ਸੀ। ਇਸ ਉੱਤੇ ਉਸ ਸਮੇਂ ਪਾਣੀ ਦੇ ਜਾਨਵਰ ਟੁੱਬੀਆਂ ਲਾਉਂਦੇ, ਤੈਰਦੇ ਤੇ ਮਸਤੀ ਵਿਚ ਅਠਖੇਲੀਆਂ ਕਰ ਰਹੇ ਸਨ। ਬੱਤਖਾਂ ਪਾਣੀ ਪਾਣੀ ਦੀ ਰੱਟ ਲਾ ਰਹੀਆਂ ਸਨ। ਜਿਉਂ ਹੀ ਉਨ੍ਹਾਂ ਦੀ ਨਿਗਾਹ ਉਪਰ ਨੂੰ ਪਈ ਤਾਂ ਔਰਤ ਹੇਠਾਂ ਆ ਰਹੀ ਦਿੱਸੀ। ਜਦੋਂ ਉਹ ਚੰਦ ਦੇ ਦੁਆਲੇ ਆਈ ਤਾਂ ਇਹ ਪਾਣੀ ਦੇ ਜਾਨਵਰ ਆਪਣੇ ਹਿਸਾਬ ਨਾਲ ਕਿਆਫ਼ੇ ਲਾਉਣ ਲੱਗੇ। ਬੱਤਖਾਂ ਨੇ ਅੰਦਾਜ਼ਾ ਲਾਇਆ ਕਿ ਉਸ ਔਰਤ ਦਾ ਭਾਰ ਐਨਾ ਹੋਵੇਗਾ, ਊਦ ਬਿੱਲੇ (ਬੀਵਰ) ਦੇ ਅੰਦਾਜ਼ੇ ਮੁਤਾਬਕ ਉਹ ਤੇਜ਼ੀ ਨਾਲ ਹੇਠਾਂ ਆ ਰਹੀ ਸੀ - ਧਰਤੀ ਦੀ ਖਿੱਚ ਦੀ ਗਤੀ ਨਾਲ। ਵ੍ਹੇਲ ਮੱਛੀਆਂ ਨੂੰ ਪਤਾ ਸੀ ਕਿ ਪਾਣੀ ਸਿਕੁੜਦਾ ਨਹੀਂ, ਜਦੋਂ ਕਿ ਡੌਲਫਿਨ ਨੂੰ ਪਤਾ ਸੀ ਕਿ ਪਾਣੀ ਵਿਚ ਜਦੋਂ ਕੋਈ ਚੀਜ਼ ਡਿਗਦੀ ਹੈ ਤਾਂ ਓਨਾ ਹੀ ਪਾਣੀ ਪਾਸੇ ਹੋ ਜਾਂਦਾ ਹੈ। ਹੁਣ ਸਮੱਸਿਆ ਇਹ ਖੜ੍ਹੀ ਹੋਈ ਕਿ ਜੇ ਔਰਤ ਪਾਣੀ ਤੇ ਪੂਰੀ ਰਫ਼ਤਾਰ ਨਾਲ ਡਿੱਗੀ ਤਾਂ ਬਹੁਤ ਵੱਡੀ ਲਹਿਰ (ਜਵਾਰਭਾਟਾ) ਉੱਠੇਗੀ ਜਿਹੜੀ ਉਨ੍ਹਾਂ ਦਾ ਸਾਰਾ ਮਜ਼ਾ ਖ਼ਰਾਬ ਕਰ ਸਕਦੀ ਹੈ। ਉਨ੍ਹਾਂ ਸਾਰੇ ਜਾਨਵਰਾਂ ਨੇ ਇਕੱਠੇ ਹੋ ਕੇ ਆਪਣੇ ਜਿਸਮ ਨਾਲੋ-ਨਾਲ ਜੋੜ ਕੇ ਵੱਡਾ ਸਾਰਾ ਆਲ੍ਹਣਾ ਬਣਾ ਲਿਆ। ਇਉਂ ਉਨ੍ਹਾਂ ਨੇ ਉਸ ਔਰਤ ਨੂੰ ਪਾਣੀ ਵਿਚ ਸਿੱਧਾ ਡਿੱਗਣ ਤੋਂ ਬੱਚ ਲਿਆ ਅਤੇ ਸਹਿਜੇ ਹੀ ਪਾਣੀ ਦੀ ਸਤਹਿ ਤੇ ਠਹਿਰਾ ਦਿੱਤਾ।

ਸ਼ਾਰਕ ਦੇ ਪੁੱਛਣ ਤੇ ਔਰਤ ਨੇ ਕਿਹਾ ਕਿ ਉਹ ਤੈਰਨਾ ਨਹੀਂ ਜਾਣਦੀ। ਪਣ-ਘੋੜਿਆਂ ਦੇ ਪੁੱਛਣ ਤੇ ਉਸ ਨੇ ਕਿਹਾ ਕਿ ਉਹ ਮਸਾਂ ਇਕ-ਦੋ ਮਿੰਟ ਤਕ ਆਪਣਾ ਸਾਹ ਰੋਕ ਸਕਦੀ ਹੈ। ਫਿਰ ਉਸ ਨੇ ਦੱਸਿਆ ਕਿ ਉਸ ਨੂੰ ਕਿਸੇ ਪੱਧਰੇ ਤੇ ਵੱਡੇ ਥਾਂ ਉੱਤੇ ਰੱਖ ਸਕਦੇ ਹਨ। ਏਥੇ ਤਾਂ ਚਾਰ ਚੁਫੇਰੇ ਪਾਣੀ ਹੀ ਪਾਣੀ ਸੀ। ਇਸ ਤਰ੍ਹਾਂ ਦੀ ਸੁੱਕੀ ਜਗਾਹ ਤਾਂ ਸਿਰਫ਼ ਇਕ ਹੀ ਹੋ ਸਕਦੀ ਸੀ ਤੇ ਉਹ ਸੀ ਕੱਛੂ ਦੀ ਪਿੱਠ। ਕੱਛੂ ਇਸ ਸ਼ਰਤ ਤੇ ਉਸ ਔਰਤ ਨੂੰ ਆਪਣੀ ਪਿੱਠ ਉੱਤੇ ਬਿਠਾਉਣ ਲਈ ਤਿਆਰ ਹੋ ਗਿਆ ਕਿ ਜੇ ਕੋਈ ਹੋਰ ਔਰਤ ਆਈ ਤਾਂ ਉਹ ਉਸ ਨੂੰ ਨਹੀਂ ਬਿਠਾਏਗਾ। ਸੋ ਉਸ ਔਰਤ ਨੂੰ ਕੱਛੂ ਤੇ ਬਿਠਾ ਦਿੱਤਾ ਗਿਆ। ਹੁਣ ਉਸ ਔਰਤ ਦੇ ਜਣੇਪੇ ਦਾ ਸਮਾਂ ਆ ਰਿਹਾ ਸੀ। ਨਵੇਂ ਜੰਮਣ ਵਾਲ਼ੇ ਜੀਅ ਨੂੰ ਬਿਠਾਉਣ ਲਈ ਕੋਈ ਥਾਂ ਨਹਾਂ ਸੀ। ਔਰਤ ਨੇ ਇਸ ਦਾ ਹੱਲ ਇਉਂ ਸੁਝਾਇਆ ਕਿ ਕੋਈ ਜਣਾ ਪਾਣੀ ਵਿਚ ਡੂੰਘਾ ਉਤਰ ਕੇ ਹੇਠਲੀ ਤਹਿ ਤੋਂ ਥੋੜ੍ਹਾ ਜਿਹਾ ਗਾਰਾ ਲੈ ਆਵੇ। ਸਭ ਤੋਂ ਪਹਿਲਾਂ ਬਗਲਾ ਉੱਡਿਆ, ਉੱਚੀ ਉਡਾਰੀ ਲਾਈ ਤੇ ਜ਼ੋਰ ਸਵਾਇਆ ਸਿੱਧਾ ਪਾਣੀ ਵਿਚ ਡੂੰਘਾ ਉੱਤਰ ਗਿਆ। ਜਦੋਂ ਕਾਫ਼ੀ ਸਮੇਂ ਬਾਦ ਬਾਹਰ ਆਇਆ ਤਾਂ ਉਸ ਕੋਲ ਗਾਰਾ ਨਹੀਂ ਸੀ। ਉਹ ਕਹਿੰਦਾ ਓਥੇ ਤਾਂ ਬਹੁਤ ਠੰਢ ਅਤੇ ਹਨੇਰਾ ਸੀ। ਫਿਰ ਵਾਲਰਸ ਨੇ ਟੁੱਬੀ ਲਾਈ ਪਰ ਕੁਛ ਹੀ ਦੇਰ ਬਾਦ ਬਿਨਾ ਗਾਰੇ ਤੋਂ ਵਾਪਸ ਆ ਗਈ। ਇਸ ਤਰ੍ਹਾਂ ਇਕ ਇਕ ਕਰ ਕੇ ਪਾਣੀ ਦੇ ਸਾਰੇ ਜਾਨਵਪ ਪਾਣੀ ਵਿਚ ਹੇਠਾਂ ਜਾਂਦੇ ਰਹੇ ਪਰ ਬਿਨਾ ਗਾਰੇ ਤੋਂ ਵਾਪਸ ਆਉਂਦੇ ਰਹੇ। ਅਖੀਰ ਤੇ ਉਦ (ਔਟਰ) ਨਾਂ ਦਾ ਜਾਨਵਰ ਰਹਿ ਗਿਆ। ਉਸ ਨੇ ਔਰਤ ਨੂੰ ਗਾਰੇ ਬਾਰੇ ਇਹ ਪਿੱਛਿਆ ਕਿ ਕੀ ਇਸ ਨਾਲ ਖੇਡਿਆ ਜਾ ਸਕਦਾ ਹੈ ਜਾਂ ਇਸ ਨੂੰ ਖਾਧਾ ਜਾ ਸਕਦਾ ਹੈ। ਤਾਂ ਔਰਤ ਨੇ ਕਿਹਾ ਕਿ ਇਹ ਤਾਂ ਜਾਦੂ ਦੀ ਖੇਡ ਹੈ। ਊਦ ਨੂੰ ਇਹੋ ਪਸੰਦ ਸੀ। ਸੋ ਲਾਈ ਟੁੱਬੀ ਤੇ ਉੱਤਰ ਗਿਆ ਡੂੰਘੇ ਪਾਣੀ ਅੰਦਰ। ਕਈ ਦਿਨ ਬਾਹਰ ਨਾ ਆਇਆ। ਚੌਥੇ ਦਿਨ ਸਵੇਰੇ ਸਵੇਰੇ ਜਦੋਂ ਸੂਰਜ ਅਜੇ ਉੱਚਾ ਹੋ ਰਿਹਾ ਸੀ ਤਾਂ ਊਦ ਦਾ ਜਿਸਮ ਪਾਣੀ ਤੇ ਤੈਰਦਾ ਦਿੱਸਿਆ। ਉਸ ਨੂੰ ਮਰਿਆ ਸਮਝ ਕੇ ਜਾਨਵਰਾਂ ਨੇ ਕੱਛੂ ਦੀ ਪਿੱਠ ਤੇ ਟਿਕਾ ਦਿੱਤਾ। ਜਦੋਂ ਊਦ ਦੇ ਪੰਜਿਆਂ ਨੂੰ ਖੋਲ੍ਹਿਆ ਤਾਂ ਵਿੱਚੋਂ ਕੁੱਝ ਗਾੜ੍ਹਾ ਜਿਹਾ ਦਿੱਸਿਆ। ਔਰਤ ਨੇ ਦੱਸਿਆ ਕਿ ਇਹੋ ਗਾਰਾ ਹੈ। ਊਦ ਨੂੰ ਵੀ ਹੋਸ਼ ਆ ਗਈ ਤੇ ਉਸ ਨੇ ਵੀ ਗਾਰਾ ਲਿਆਉਣ ਦੀ ਤਸਦੀਕ ਕੀਤੀ।

ਔਰਤ ਨੇ ਗਾਰੇ ਦਾ ਥੋਬਾ ਕੱਛੂ ਦੀ ਪਿੱਠ ਤੇ ਧਰਿਆ। ਉਹ ਜਿਉਂ ਹੀ ਗਾਉਣ ਤੇ ਨੱਚਣ ਲੱਗੀ ਦੂਜੇ ਜਾਨਵਰ ਵੀ ਨਾਚ-ਗਾਣੇ ਵਿਚ ਸ਼ਾਮਲ ਹੋ ਗਏ। ਗਾਰੇ ਦਾ ਥੋਬਾ ਹੌਲ਼ੀ ਹੌਲ਼ੀ ਵੱਡਾ ਹੁੰਦਾ ਗਿਆ, ਪਸਰਦਾ ਪਸਰਦਾ ਏਨਾ ਵੱਡਾ ਹੋ ਗਿਆ ਕਿ ਉਸ ਦਾ ਇਕ ਹਿੱਸਾ ਪਾਣੀ ਨਾਲ ਢਕਿਆ ਗਿਆ ਤੇ ਬਾਕੀ ਸਾਰਾ ਗਾਰੇ ਨਾਲ। ਹੁਣ ਇਹ ਬਿਲਕੁਲ ਵੱਖਰੀ ਦੁਨੀਆਂ ਦਾ ਰੂਪ ਧਾਰ ਗਿਆ। ਕਿਉਂਕਿ ਕੁੱਝ ਹਿੱਸਾ ਗਾਰੇ ਨਾਲ ਢਕਿਆ ਹੋਣ ਕਰ ਕੇ ਪਾਣੀ ਘੱਟ ਰਹਿ ਗਿਆ, ਇਸ ਲਈ ਹੁਣ ਸਾਰੇ ਜਾਨਵਰਾਂ ਦੇ ਰਹਿਣ ਦੀ ਸਮੱਸਿਆ ਖੜ੍ਹੀ ਹੋ ਗਈ। ਉਨ੍ਹਾਂ ਵਿੱਚੋਂ ਕਈਆਂ ਨੂੰ ਪਾਣੀ ਵਿਚ ਪਰ ਕਈਆਂ ਨੂੰ ਪਾਣੀ ਤੋਂ ਬਾਹਰ ਦੇ ਹਿੱਸੇ ਵਿਚ ਰਹਿਣਾ ਪੈਣਾ ਸੀ। ਏਨੇ ਨੂੰ ਔਰਤ ਨੇ ਦੋ ਜੌੜੇ ਬੱਚਿਆਂ ਨੂੰ ਜਨਮ ਦਿੱਤਾ - ਇਕ ਮੁੰਡਾ ਇਕ ਕੁੜੀ, ਮੁੰਡਾ ਗੋਰਾ ਤੇ ਕੁੜੀ ਕਾਲ਼ੀ, ਮੁੰਡਾ ਸੱਜੂ ਤੇ ਕੁੜੀ ਖੱਬਚੂ। ਮੁੰਡੇ ਨੇ ਗਾਰੇ ਦੇ ਸਾਰੇ ਉੱਘੜ-ਦੁੱਘੜੇ ਢੇਰਾਂ ਨੂੰ ਪੱਧਰਾ ਕਰ ਦਿੱਤਾ। ਜਾਨਵਰਾਂ ਨੇ ਅਜੇ ਇਸ ਨਵੀਂ ਜਗਾਹ ਤੇ ਵਿਚਰਨਾ ਸਿੱਖਣਾ ਸੀ। ਹੁਣ ਖੱਬਚੂ ਕੁੜੀ ਗਾਰੇ ਵਿਚ ਜਾ ਵੜੀ, ਗਾਰਾ ਪੱਟ ਕੇ ਏਧਰ ਓਧਰ ਥਪਦੀ ਰਹੀ ਜਿਸ ਨਾਲ ਕਿਤੇ ਡੂਘੀਆਂ ਵਾਦੀਆਂ ਅਤੇ ਕਿਤੇ ਉੱਚੇ ਪਹਾੜ ਹੋਂਦ ਵਿਚ ਆ ਗਏ। ਜਾਨਵਰ ਅਜੇ ਵਸੇਬਾ ਕਰਨ ਲਈ ਤਿਆਰ ਹੋ ਹੀ ਰਹੇ ਸਨ ਕਿ ਸੱਜੂ ਜੌੜੇ ਮੁੰਡੇ ਨੇ ਸਿੱਧੀਆਂ ਖਾਈਆਂ ਪੱਟ ਕੇ ਪਾਣੀ ਨਾਲ ਭਰ ਦਿੱਤੀਆਂ ਤੇ ਕਿਹਾ ਕਿ ਇਹ ਦਰਿਆ ਹਨ ਅਤੇ ਆਵਾਜਾਈ ਦੀ ਸਹੂਲਤ ਅਤੇ ਆਸਾਨੀ ਲਈ ਇਨ੍ਹਾਂ ਦਾ ਵਹਿਣ ਦੋਵੀਂ ਪਾਸੀਂ ਰਹੇਗਾ। ਉਹ ਅਜੇ ਦੱਸ ਹੀ ਰਿਹਾ ਸੀ ਕਿ ਉਸ ਦੀ ਖੱਬਚੂ ਭੈਣ ਨੇ ਦਰਿਆਵਾਂ ਨੂੰ ਵਿੰਗੇ-ਟੇਢੇ ਕਰ ਦਿੱਤਾ ਅਤੇ ਵਿਚ ਵਿਚ ਚਟਾਨਾਂ ਸਿੱਟ ਕੇ ਪਾਣੀ ਦਾ ਵਹਿਣ ਇਕ ਪਾਸੇ ਕਰ ਦਿੱਤਾ। ਜਾਨਵਰਾਂ ਦੀ ਮੰਗ ਤੇ ਉਸ ਕੁੜੀ ਨੇ ਝਰਨੇ ਵੀ ਬਣਾ ਦਿੱਤੇ। ਫਿਰ ਸੱਜੂ ਮੁੰਡੇ ਨੇ ਜੰਗਲ ਬਣਾ ਧਰੇ ਜਿੱਥੇ ਦਰਖਤ ਸਿਆਧੀਆਂ ਕਤਾਰਾਂ ਵਿਚ ਹੋ ਗਏ। ਹੁਣ ਅਣਜਕੀ ਖੱਬਚੂ ਕੁੜੀ ਨੇ ਜੰਗਲ ਦੇ ਦਰਖਤਾਂ ਨੂੰ ਅਜਿਹਾ ਝੰਜੋੜਿਆ ਕਿ ਕੁੱਝ ਸੰਘਣੇ ਜੰਗਲ ਬਣ ਗਏ ਅਤੇ ਬਾਕੀ ਕੁੱਝ ਹਿੱਸੇ ਤੇ ਵਿਰਲੇ ਦਰਖਤਾਂ ਵਾਲੇ ਜੰਗਲ ਬਣ ਗਏ। ਜਾਨਵਰਾਂ ਨੇ ਮੰਗ ਕੀਤੀ ਕਿ ਭੁੱਖ ਲੱਗਣ ਤੇ ਖਾਣ ਲਈ ਫਲਾਂ ਅਤੇ ਸੁੱਕੇ ਮੇਵਿਆਂ ਦਾ ਇੰਤਜ਼ਾਮ ਕੀਤਾ ਜਾਵੇ। ਸੱਜੂ ਨੇ ਫਲਾਂ ਅਤੇ ਸੁੱਕੇ ਮੇਵਿਆਂ ਦੇ ਦਰਖਤ ਅਤੇ ਝਾੜ ਵੀ ਪੈਦਾ ਕਰ ਦਿੱਤੇ। ਨਾਲ ਹੀ ਫੁੱਲਾਂ ਵਾਸਤੇ ਗੁਲਾਬ ਪੈਦਾ ਕਰ ਦਿੱਤੇ। ਖੱਬਚੂ ਨੇ ਟਹਿਣੀਆਂ ਉਪਰ ਕੰਡੇ ਉਗਾ ਦਿੱਤੇ। ਸੱਜੂ ਨੇ ਗਰਮੀ ਦੀ ਰੁੱਤ ਲੈ ਆਂਦੀ ਤਾਂ ਖੱਬਚੂ ਨੇ ਸਰਦੀ ਦੀ ਰੁੱਤ ਬਣਾ ਧਰੀ। ਸੱਜੂ ਨੇ ਧੁੱਪ ਪੈਦਾ ਕਰੀ ਤਾਂ ਖੱਬਚੂ ਨੇ ਛਾਵਾਂ ਤੇ ਪਰਛਾਵੇਂ ਉਲੀਕ ਦਿੱਤੇ। ਫਿਰ ਜਾਨਵਰਾਂ ਨੇ ਮਨੁੱਖੀ ਪ੍ਰਾਣੀਆਂ ਦੀ ਮੰਗ ਕੀਤੀ। ਲਓ ਜੀ, ਸੱਜੂ ਨੇ ਔਰਤਾਂ ਅਤੇ ਖੱਬਚੂ ਨੇ ਆਦਮੀ ਸਿਰਜਣ ਦੀ ਪ੍ਰਕਿਰਿਆ ਮੁਕੰਮਲ ਕਰ ਦਿੱਤੀ। ਉਨ੍ਹਾਂ ਸਾਰਿਆਂ ਨੇ ਇਸ ਨਵੀਂ ਸਿਰਜਣਾ ਤੇ ਨਵੀਂ ਦੁਨੀਆਂ ਨੂੰ ਵੇਖ ਕੇ ਖ਼ੁਸ਼ੀ ਨਾਲ ਉਚਾਰਨ ਕੀਤਾ - ਕਿੰਨੀ ਖ਼ੂਬਸੂਰਤ ਦੁਨੀਆਂ ਹੈ।



ਸਿਰਜਣਾ ਦੀ ਇਸ ਕਹਾਣੀ ਦੀ ਦੂਜੀਆਂ ਧਾਰਮਿਕ ਧਾਰਨਾਵਾਂ ਤੋਂ ਵਿਲੱਖਣਤਾ ਇਸ ਕਰ ਕੇ ਹੈ ਕਿ ਇਸ ਵਿਚ ਕੋਈ ਰੱਬ, ਆਦਮੀ, ਪਸ਼ੂ, ਪੌਦੇ, ਨਿਯਮ, ਕਾਇਦੇ-ਕਾਨੂੰਨ ਅਤੇ ਸਰਕਾਰਾਂ ਦੀ ਵਿਰਾਸਤੀ ਲੜੀ ਨਹੀਂ ਹੈ ਸਗੋਂ ਇਸ ਮੁਤਾਬਕ ਬ੍ਰਹਿਮੰਡ ਦਾ ਪ੍ਰਬੰਧ ਸਹਿਕਾਰੀ ਤਰਤੀਬ ਨਾਲ ਹੁੰਦਾ ਹੈ - ਔਰਤ, ਜੌੜੇ ਮੁੰਡਾ ਕੁੜੀ, ਜਾਨਵਰ, ਇਨਸਾਨ - ਇਹ ਸਾਰੇ ਰਲ ਮਿਲ ਕੇ ਬਰਾਬਰੀ ਅਤੇ ਸਾਵਾਂਪਣ ਸਿਰਜਦੇ ਹਨ। ਇਹ ਨੇਟਿਵ ਕਹਾਣੀਆਂ ਜੈਨੇਸਿਸ ਵਾਂਗ ਨਹੀਂ ਕਿ ਆਦਮ ਅਤੇ ਈਵ ਹੇਠਾਂ ਆਏ ਤੇ ਉਤਪਤੀ ਹੋਈ, ਸਗੋਂ ਔਰਤ, ਉਸ ਦੇ ਜੌੜੇ ਪੁੱਤ ਧੀ, ਅਤੇ ਕਈ ਤਰ੍ਹਾਂ ਦੇ ਜਾਨਵਰਾਂ ਨੇ ਰਲ ਮਿਲ ਕੇ ਹੌਲ਼ੀ ਹੌਲ਼ੀ, ਆਪਸੀ ਵਾਰਤਾਲਾਪ ਕਰ ਕੇ ਨਿਰਾਕਾਰ, ਰੂਪਹੀਣ ਦੁਨੀਆਂ ਤੋਂ ਇਕ ਦੁਨੀਆਂ ਸਿਰਜੀ, ਜਿਸ ਵਿਚ ਅਨੇਕਤਾ ਹੈ, ਜਿਹੜੀ ਗੁੰਝਲਦਾਰ ਵੀ ਹੈ ਪਰ ਮੁਕੰਮਲ ਹੈ। ਜੈਨੇਸਿਸ ਮੁਤਾਬਕ ਰੱਬ ਅਤੇ ਸ਼ੈਤਾਨ ਦਰਮਿਆਨ ਜੰਗ ਹੈ ਪਰ ਨੇਟਿਵ ਕਹਾਣੀਆਂ ਮੁਤਾਬਕ ਅਮਨ ਚੈਨ ਹੈ, ਬੁਰਾਈ ਉੱਤੇ ਭਲਾਈ ਦੀ ਜਿੱਤ ਦੀ ਬਜਾਏ ਬੜਾ ਸੁੰਦਰ ਕੁਦਰਤੀ ਸੰਤੁਲਨ ਹੈ। ਇਸ ਮੁਤਾਬਕ ਇਹ ਦੁਨੀਆਂ ਕਿਸੇ ਇਕੱਲੇ ਦੀ ਪੈਦਾ ਕੀਤੀ ਦੁਨੀਆਂ ਨਹੀਂ ਸਗੋਂ ਸਾਰੇ ਜੀਵਾਂ ਦੇ ਸਹਿਯੋਗ ਨਾਲ ਬਣੀ ਹੈ। ਇਹ ਵੀ ਇਸ ਕਹਾਣੀ ਦਾ ਸੱਚ ਹੈ ਕਿ ਪਰਬਤ, ਵਾਦੀਆਂ, ਜੰਗਲ, ਦਰਿਆ ਆਦਿ ਉਸੇ ਤਰ੍ਹਾਂ ਦੇ ਹਨ ਜਿਸ ਤਰ੍ਹਾਂ ਦਰਸਾਏ ਗਏ ਹਨ ਭਾਵੇਂ ਇਨ੍ਹਾਂ ਨੂੰ ਸਿਰਜਣ ਦੀ ਪ੍ਰਕਿਰਿਆ ਮਿਥਿਹਾਸਕ ਹੈ। ਜੌੜੇ ਬੱਚੇ ਪੈਦਾ ਹੋਣਾ, ਰੰਗ ਗੋਰਾ ਜਾਂ ਕਾਲ਼ਾ ਹੋਣਾ, ਸੱਜੂ ਜਾਂ ਖੱਬਚੂ ਹੋਣਾ ਸਭ ਕੁਦਰਤੀ ਵਰਤਾਰੇ ਹਨ। ਇਹ ਵੀ ਮੌਕਾ ਮੇਲ ਹੀ ਸਮਝੋ ਕਿ ਜਦੋਂ ਪਹਿਲੀ ਵਾਰ ਯੂਰਪੀਅਨ ਖੋਜੀ ਸਮੁੰਦਰੀ ਰਸਤੇ ਆਏ ਤਾਂ ਇਸ ਧਰਤੀ ਨੂੰ ਵੇਖ ਕੇ ਕੱਛੂ-ਭੋਇੰ (ਟਰਟਲ ਲੈਂਡ) ਦਾ ਨਾਂ ਦਿੱਤਾ ਸੀ।ਅਗਲੀ ਕਹਾਣੀ ਕੋਯੋਟ (ਇਕ ਜਾਨਵਰ) ਅਤੇ ਬੱਤਖਾਂ ਦੀ ਹੈ। ਇਹ ਉਸ ਵੇਲੇ ਦੀ ਗੱਲ ਹੈ ਜਦੋਂ ਸਿਰਜਣ ਪ੍ਰਕਿਰਿਆ ਸ਼ੁਰੂ ਹੋਈ ਸੀ, ਅਜੇ ਜਾਨਵਰਾਂ ਅਤੇ ਮਨੁੱਖਾਂ ਦਰਮਿਆਨ ਬੋਲ-ਚਾਲ ਜਾਰੀ ਸੀ। ਓਦੋਂ ਕੋਯੋਟ ਦੀ ਜੱਤ ਬੜੀ ਸੁੰਦਰ ਸੀ ਜਿਸਦਾ ਉਸ ਨੂੰ ਗੁਮਾਨ ਵੀ ਸੀ। ਜਦੋਂ ਉਹ ਦਰਿਆ ਦੇ ਪਾਣੀ ਵਿਚ ਆਪਣਾ ਪ੍ਰਛਾਵਾਂ ਦੇਖਦਾ ਤਾਂ ਆਪਣੀ ਸੁੰਦਰ ਜੱਤ ਦਾ ਇਜ਼ਹਾਰ ਕਰਦਾ। ਇੱਕ ਦਿਨ ਉਸ ਨੇ ਵੇਖਿਆ ਦਰਿਆ ਵਿਚ ਛੇ ਬੱਤਖਾਂ ਗਾਉਂਦੀਆਂ, ਨੱਚਦੀਆਂ ਅਤੇ ਚੱਕਰ ਕਟਦੀਆਂ ਤੈਰ ਰਹੀਆਂ ਸਨ। ਉਨ੍ਹਾਂ ਦੇ ਬੜੇ ਸੁਹਣੇ ਲੰਮੇ ਲੰਮੇ ਪੰਖ ਸੂਰਜ ਦੀ ਧੁੱਪ ਵਿਚ ਧਰੁਵੀ ਰੌਸ਼ਨੀਆਂ (ਨਾਰਦਰਨ ਲਾਈਟਸ) ਵਾਂਗ ਚਮਕਦੇ ਅਤੇ ਝਲਕਾਰੇ ਮਾਰਦੇ ਸਨ। ਨੱਚਣ ਗਾਉਣ ਮਗਰੋਂ ਉਹ ਹਰੇਕ ਪੰਖ ਨੂੰ ਸਾਫ਼ ਕਰ ਕੇ ਸਿੱਧਾ ਕਰਦੀਆਂ ਅਤੇ ਫੜਫੜਾਉਂਦੀਆਂ ਤਾਂ ਜੋ ਇਹ ਪਹਿਲਾਂ ਨਾਲੋਂ ਵੀ ਵੱਧ ਚਮਕ ਉੱਠਣ। ਬੱਤਖਾਂ ਨੇ ਕੋਯੋਟ ਨੂੰ ਦੱਸਿਆ ਕਿ ਅਸੀਂ ਕੁਦਰਤ ਦੀ ਹਰੇਕ ਚੀਜ਼ ਅੰਦਰ ਤਵਾਜ਼ਨ ਕਾਇਮ ਕਰਨ ਲਈ ਗਾਉਂਦੀਆਂ ਹਾਂ, ਅਮਨ ਅਤੇ ਉਦਾਰਪੁਣੇ ਲਈ ਨਚਦੀਆਂ ਹਾਂ ਅਤੇ ਧਰਤੀ ਨਾਲ ਆਪਣੇ ਕਰੀਬੀ ਸੰਬੰਧ ਨੂੰ ਤਾਜ਼ਾ ਕਰਨ ਲਈ ਚੱਕਰ ਕਟਦੀਆਂ ਹੋਈਆਂ ਤੈਰਦੀਆਂ ਹਾਂ। ਕੋਯੋਟ ਨੇ ਉਨ੍ਹਾਂ ਤੋਂ ਇਕ ਪੰਖ ਮੰਗਵਾਂ ਲੈ ਕੇ ਆਪਣੇ ਖੱਬੇ ਪਾਸੇ ਕੰਨਪਟੀ ਪਿੱਛੇ ਟਿਕਾ ਲਿਆ। ਆਪਣੇ ਦੋਸਤ ਜਾਨਵਰਾਂ ਕੋਲ ਜਾ ਕੇ ਇਸ ਦੀ ਸੁੰਦਰਤਾ ਬਾਰੇ ਆਪਣੀ ਵਡਿਆਈ ਕਰਨ ਲੱਗਾ। ਉਸ ਆਪਣੇ ਮੂੰਹੋਂ ਮੀਆਂਮਿੱਠੂ ਬਣਨ ਵਾਲੇ ਕੋਯੋਟ ਨੂੰ ਰਿੱਛ ਨੇ ਮਿਹਣਾ ਮਾਰਿਆ ਕਿ ਇਹ ਤਾਂ ਇੱਕੋ ਪੰਖ ਹੈ, ਸੋ ਬਹੁਤ ਓਪਰਾ ਅਤੇ ਬੁਰਾ ਲੱਗ ਰਿਹਾ ਹੈ। ਕੋਯੋਟ ਫਿਰ ਦਰਿਆ ਤੇ ਗਿਆ ਅਤੇ ਇੱਕ ਹੋਰ ਪੰਖ ਮੰਗ ਕੇ ਹੁਣ ਸੱਜੀ ਕੰਨਪਟੀ ਪਿੱਛੇ ਟੰਗ ਲਿਆ। ਕਾਲ਼ੇ ਕਾਂ ਨੇ ਕਿਹਾ ਕਿ ਪੰਖ ਤਾਂ ਸੁਹਣੇ ਹਨ ਪਰ ਤੇਰੀ ਜੱਤ ਏਨੀ ਸੁਹਣੀ ਨਹੀਂ। ਕੋਯੋਟ ਨੂੰ ਸਾਰੀ ਜੱਤ ਪੰਖਾਂ ਨਾਲ ਢਕਣ ਦੀ ਸੁੱਝੀ। ਉਸ ਨੇ ਬੱਤਖਾਂ ਤੋਂ ਹੋਰ ਪੰਖ ਇਸ ਬਹਾਨੇ ਮੰਗੇ ਕਿ ਮਨੁੱਖ ਉਨ੍ਹਾਂ ਦੇ ਪੰਖ ਖੋਹਣਾ ਚਾਹੁੰਦੇ ਹਨ। ਜੇਉਹ ਹੋਰ ਪੰਖ ਉਸ ਨੂੰ ਦੇ ਦੇਣ ਤਾਂ ਉਹ ਮਨੁੱਖਾਂ ਤੋਂ ਬਚਾ ਲਵੇਗਾ। ਨਹੀਂ ਤਾਂ ਪੰਖ ਲੈਣ ਵੇਲੇ ਮਨੁੱਖ ਉਨ੍ਹਾ ਨੂੰ ਖਾ ਜਾਣਗੇ। ਉਸ ਦੀਆਂ ਗੱਲਾਂ ਵਿਚ ਆ ਕੇ ਭੋਲ਼ੀਆਂ ਬੱਤਖਾਂ ਨੇ ਅੱਧੇ ਪੰਖ ਦੇ ਦਿੱਤੇ। ਹੁਣ ਰਿੱਛ ਨੇ ਕੋਯੋਟ ਦੀ ਖ਼ੂਬ ਵਡਿਆਈ ਕੀਤੀ। ਚਾਂਭਲ਼ਿਆ ਹੋਇਆ ਅਭਿਮਾਨੀ ਕੋਯੋਟ ਪਾਡਵਾਈ ਵਿਚ ਆਕੇ ਪੰਖਾਂ ਦੀ ਨੁਮਾਇਸ਼ ਕਰਨ ਲਈ ਲੱਗਿਆ ਉਡਾਰੀਆਂ ਭਰਨ, ਕਦੇ ਜੰਗਲਾਂ ਵਿਚ, ਕਦੇ ਪਹਾੜਾਂ ਉਪਰ ਤੇ ਕਦੇ ਵਾਦੀਆਂ ਅੰਦਰ। ਨਾਲ਼ੇ ਕਹੀ ਜਾਵੇ - ਦੇਖੋ ਮੈਂ ਕਿੰਨਾ ਸੁਹਣਾ ਹਾਂ। ਪਰ ਉਸ ਨੇ ਨਾ ਤਾਂ ਪੰਖਾਂ ਨੂੰ ਸਾਫ਼ ਕੀਤਾ, ਨਾ ਸਿੱਧੇ ਕੀਤੇ ਅਤੇ ਨਾ ਹੀ ਬੱਤਖਾਂ ਵਾਂਗ ਪੰਖਾਂ ਨੂੰ ਫੜਫੜਾਇਆ। ਕੁਛ ਹੀ ਹਫ਼ਤਿਆਂ ਬਾਦ ਪੰਖ ਗੰਦੇ ਅਤੇ ਵਿੰਗੇ ਹੋ ਗਏ। ਉਨ੍ਹਾਂ ਵਿਚ ਉਹ ਚਮਕ ਨਾ ਰਹੀ। ਕੋਯੋਟ ਨੇ ਪੰਖ ਲਾਹ ਕੇ ਸੁੱਟ ਦਿੱਤੇ।

ਹੁਣ ਕੋਯੋਟ ਦਰਿਆ ਤੇ ਜਾ ਕੇ ਹੋਰ ਵੱਡਾ ਝੂਠ ਬੋਲਿਆ ਕਿ ਜਦੋਂ ਉਹ ਸੁੱਤਾ ਪਿਆ ਸੀ ਤਾਂ ਮਨੁੱਖ ਸਾਰੇ ਪੰਖ ਲੈ ਗਏ। ਉਸ ਨੇ ਹੋਰ ਪੰਖ ਮੰਗੇ ਤਾਂ ਬੱਤਖਾਂ ਨੇ ਕੋਰਾ ਜਵਾਬ ਦੇ ਦਿੱਤਾ। ਹੁਣ ਫੇਰ ਮਨੁੱਖਾਂ ਦੁਆਰਾ ਮਾਰੇ ਜਾਣ ਦਾ ਡਰ ਵਿਖਾ ਕੇ ਕੋਯੋਟ ਨੇ ਬੜੀ ਚਲਾਕੀ ਨਾਲ ਕਿਹਾ ਕਿ ਆਪਾਂ ਇਕੱਠੇ ਹੋ ਕੇ ਮਨੁੱਖਾਂ ਨਾਲ ਲੜਾਂਗੇ। ਬੱਤਖਾਂ ਨੇ ਸੋਚਿਆ ਕਿ ਨਾ ਤਾਂ ਉਹ ਬਹੁਤੀ ਉੱਚੀ-ਲੰਮੀ ਉਡਾਰੀ ਭਰ ਸਕਦੀਆਂ ਹਨ, ਨਾ ਹੀ ਬਹੁਤਾ ਤੁਰ ਸਕਦੀਆਂ ਹਨ ਅਤੇ ਤੈਰ ਕੇ ਵੀ ਕਿੱਥੇ ਜਾਣਗੀਆਂ। ਚਤੁਰ ਕੋਯੋਟ ਨੇ ਸੁਝਾਅ ਦਿੱਤਾ ਕਿ ਮਨੁੱਖ ਤਾਂ ਪੰਖ ਲੈਣ ਖਾਤਰ ਤੁਹਾਨੂੰ ਮਾਰਨਾ ਚਾਹੁੰਦੇ ਹਨ ਪਰ ਜੇ ਤੁਸੀਂ ਸਾਰੇ ਪੰਖ ਮੈਨੂੰ ਦੇ ਦਿਓ ਤਾਂ ਉਹ ਤੁਹਾਨੂੰ ਕੁਛ ਨਹੀਂ ਕਹਿਣਗੇ ਸਗੋਂ ਮੈਂ ਹੁਣ ਖ਼ਬਰਦਾਰ ਰਹਿ ਕੇ ਪੰਖਾਂ ਨੂੰ ਸੰਭਾਲ਼ ਕੇ ਬਚਾ ਲਵਾਂਗਾ। ਸੋ ਉਨ੍ਹਾਂ ਵਿਚਾਰੀਆਂ ਨੇ ਰਹਿੰਦੇ ਸਾਰੇ ਪੰਖ ਕੋਯੋਟ ਨੂੰ ਦੇ ਦਿੱਤੇ। ਖ਼ੈਰ, ਬੱਤਖਾਂ ਦੇ ਨਵੇਂ ਪੰਖ ਆ ਤਾਂ ਗਏ ਪਰ ਉਹ ਬਹੁਤ ਛੋਟੇ ਸਨ, ਨਾ ਹੀ ਪਹਿਲਾਂ ਵਾਂਗ ਚਮਕਦਾਰ ਸਨ ਤੇ ਨਾ ਹੀ ਝਲਕਾਰੇ ਮਾਰਦੇ ਸਨ। ਕੋਯੋਟ ਸਾਰੇ ਪੰਖ ਲੈਣ ਮਗਰੋਂ ਹੁਣ ਬੱਤਖਾਂ ਕੋਲੋਂ ਕੁਛ ਵੀ ਲੈਣ ਜੋਗਾ ਨਹੀਂ ਸੀ ਰਿਹਾ। ਉਸ ਨੇ ਬੱਤਖਾਂ ਨੂੰ ਉਨ੍ਹਾਂ ਦੇ ਹਾਲ ਤੇ ਮਰਨ ਕਿਨਾਰੇ ਛੱਡ ਦਿੱਤਾ।

ਇਸ ਕਹਾਣੀ ਦੀ ਸਚਾਈ ਇਹ ਹੈ ਕਿ ਇਹ ਇੱਥੋਂ ਦੇ ਮੂਲਨਿਵਾਸੀਆਂ (ਬੱਤਖਾਂ) ਉਪਰ ਪੂਰੀ ਢੁਕਦੀ ਹੈ। ਯੂਰਪੀਨ ਵਪਾਰੀਆਂ ਅਤੇ ਆਬਾਦਕਾਰਾਂ (ਕੋਯੋਟਾਂ) ਨੇ ਇਨ੍ਹਾਂ ਤੋਂ ਜ਼ਮੀਨਾਂ ਖੋਹੀਆਂ, ਇਨ੍ਹਾਂ ਦਾ ਜੀਵਨ-ਨਿਰਬਾਹ ਬੀਵਰ ਵਰਗੇ ਜਾਨਵਰ ਜੱਤਾਂ ਖ਼ਾਤਰ ਮਾਰ ਮੁਕਾਏ। ਰਿਹਾਇਸ਼ੀ ਸਕੂਲਾਂ ਅੰਦਰ ਬੱਚਿਆਂ ਨੂੰ ਤਾੜ ਕੇ ਇੰਡੀਅਨ ਨਾਂ ਦਾ ਖੁਰਾ ਖੋਜ ਮਿਟਾਉਣ ਦੀ ਕੋਝੀ ਚਾਲ ਚੱਲੀ। ਚਤੁਰਾਈ ਨਾਲ ਸੰਧੀਆਂ ਕਰ ਕੇ, ਵਿਧਾਨ ਘੜ ਕੇ, ਕਾਨੂੰਨ ਬਣਾ ਕੇ ਤੇ ਆਪਣੇ ਹੱਕ ਵਿਚ ਅਦਾਲਤੀ ਫੈਸਲਿਆਂ ਦੁਆਰਾ ਇਨ੍ਹਾਂ ਵਿਚਾਰਿਆਂ ਦੇ ਰਹਿੰਦੇ-ਖੂੰਹਦੇ ਅਧਿਕਾਰ, ਸਾਰੀਆਂ ਜਾਇਦਾਦਾਂ, ਇਨ੍ਹਾਂ ਦੀ ਜ਼ਬਾਨ, ਰੀਤੀ ਰਿਵਾਜ, ਨਾਚ-ਗਾਣੇ ਰੂਪੀ ਸਾਰੇ ਪੰਖ ਲਾਹ ਲਏ। ਬੱਤਖਾਂ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਪੰਖ-ਰਹਿਤ (ਗੰਜੇ) ਕਰ ਕੇ ਰਿਜ਼ਰਵਾਂ ਅੰਦਰ ਡੱਕ ਦਿੱਤਾ ਗਿਆ ਤੇ ਪੰਖ-ਰਹਿਤ ਬੱਤਖਾਂ ਵਾਂਗ ਮਰਨ ਕਿਨਾਰੇ ਛੱਡ ਦਿੱਤਾ ਗਿਆ। ਹੁਣ ਜਦੋਂ ਬੱਤਖਾਂ ਦੇ ਨਵੇਂ ਖੰਭ ਆਉਣ ਵਾਂਗ ਇਹ ਸੰਭਲਣ ਲੱਗੇ ਹਨ ਤਾਂ ਇਨ੍ਹਾਂ ਦੇ ਰਿਜ਼ਰਵਾਂ ਅੰਦਰ ਪਾਈਪ ਲਾਈਨਾਂ ਵਿਛਾਉਣ ਤੇ ਵਿਕਾਸ ਦੇ ਨਾਂ ਤੇ ਕਾਬਜ਼ ਸਰਕਾਰ ਅਤੇ ਲਾਭ ਦੇ ਲੋਭੀ ਕਾਰਪੋਰੇਟ ਅਦਾਰੇ ਕੋਯੋਟ ਬਣ ਕੇ ਇਹ ਨਵੇਂ ਪੰਖ (ਜ਼ਮੀਨਦੋਜ਼ ਖਣਿਜ ਵਗੈਰਾ) ਖੋਹਣ ਲਈ ਵੀ ਮੱਕਾਰੀ ਭਰੇ ਦਾਅ-ਪੇਚ ਵਰਤ ਰਹੇ ਹਨ। ਇਨ੍ਹਾਂ ਕੋਯੋਟਾਂ ਦੀਆਂ ਲਲਚਾਈਆਂ ਅੱਖਾਂ ਹਰ ਸਮੇਂ ਇਨ੍ਹਾਂ ਬੱਤਖਾਂ ਦੇ ਬਚੇ-ਖੁਚੇ ਪੰਖ ਨੋਚਣ ਵੱਲ ਟਿਕੀਆਂ ਰਹਿੰਦੀਆਂ ਹਨ। ਸੰਨ 1876 ਦੇ ਇੰਡੀਅਨ ਐਕਟ ਨੇ ਤਾਂ ਇਨ੍ਹਾਂ ਦੀ ਹੋਂਦ ਦਾ ਨਿਰਣਾ ਵੀ ਆਪਣੇ ਹੱਥ ਲੈ ਲਿਆ ਸੀ। ਪਰ ਬੱਤਖਾਂ ਹੁਣ ਕੋਯੋਟਾਂ ਦੀਆਂ ਸਭ ਚਾਲਾਂ ਤੋਂ ਖ਼ਬਰਦਾਰ ਹੋ ਚੁੱਕੀਆਂ ਹਨ ਤੇ ਨਵੇਂ ਪੰਖ ਸਾਂਭਣ ਜੋਗੀਆਂ ਹੋ ਰਹੀਆਂ ਹਨ।

ਇਹ ਹੈ ਮਿਥਿਹਾਸਕ ਕਹਾਣੀਆਂ ਦਾ ਸੱਚ।

# ਆਨਲਾਈਨ ਠੱਗੀਆਂ ਦੇ ਨਵੇਂ ਢੰਗ-ਤਰੀਕੇ

ਨੈੱਟਵਰਕਿੰਗ ਸਾਈਟਾਂ ਤੇ ਨਕਦ-ਰਹਿਤ ਖ਼ਰੀਦਦਾਰੀ ਦੇ ਵੱਧਦੇ ਰੁਝਾਨ ਦੇ ਚੱਲਦਿਆਂ ਇਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਸ਼ੰਕੇ ਹਨ। ਇਹ ਤਾਂ ਆਪਾਂ ਸਾਰੇ ਭਲੀਭਾਂਤ ਜਾਣਦੇ ਹਾਂ ਕਿ ਕਿਸੇ ਵੀ ਨੈੱਟਵਰਕਿੰਗ ਸਾਈਟ ਦੀ ਆਈ.ਡੀ. ਦਾ ਪਾਸਵਰਡ ਨਾਂ, ਗੋਤ, ਜਨਮ ਮਿਤੀ, ਮੋਬਾਈਲ ਨੰਬਰ, ਰੋਲ ਨੰਬਰ, ਬੈਂਕ ਖਾਤਾ ਨੰਬਰ, ਪਾਸਪੋਰਟ ਨੰਬਰ ਜਾਂ ਪੈਨ ਕਾਰਡ ਨੰਬਰ ਆਦਿ ਨਾਲ਼ ਮਿਲਦਾ-ਜੁਲਦਾ ਨਹੀਂ ਹੋਣਾ ਚਾਹੀਦਾ। ਆਪਣੇ ਮੋਬਾਈਲ ਦੇ ਇਨ-ਬਾਕਸ ਵਿੱਚ ਆਏ ਇੱਕ ਵਾਰੀ ਵਾਲ਼ੇ ਪਿਨਕੋਡ (ਓ.ਟੀ.ਪੀ.) ਕਿਸੇ ਵੀ ਹਾਲਤ ਕਿਸੇ ਨੂੰ ਵੀ ਨਹੀਂ ਦੱਸਣਾ, ਕਿਉਂਕਿ ਬੈਂਕ ਵੱਲੋਂ ਕਦੇ ਵੀ ਕਿਸੇ ਗਾਹਕ ਦੇ ਏ.ਟੀ.ਐਮ. ਕਾਰਡ ਦਾ ਨੰਬਰ ਜਾਂ ਪਿਨ-ਕੋਡ ਨਹੀਂ ਮੰਗਿਆ ਜਾਂਦਾ। ਪਰ ਫਿਰ ਵੀ ਭੋਲੇ-ਭਾਲੇ ਲੋਕ ਇਹਨਾਂ ਠੱਗਾਂ ਵਲੋਂ ਝੂਠੇ ਸਬਜ਼ਬਾਗ ਦਿਖਾਏ ਜਾਣ 'ਤੇ ਆਪਣਾ ਆਰਥਿਕ ਨੁਕਸਾਨ ਕਰਵਾ ਬੈਠਦੇ ਹਨ। ਇਸ ਤਰਾਂ ਦੇ ਠੱਗ ਲੋਕਾਂ ਨੂੰ ਕੋਈ ਵੱਡੀ ਲਾਟਰੀ ਨਿਕਲਣ ਬਾਰੇ ਈ-ਮੇਲਜ਼ ਵੀ ਭੇਜਦੇ ਹਨ। ਉਸ ਵੱਡੀ ਰਕਮ ਨੂੰ ਲੈਣ ਲਈ ਪਹਿਲਾਂ ਗਾਹਕ ਨੂੰ ਇਕ ਨਿਰਧਾਰਿਤ ਰਕਮ ਠੱਗਾਂ ਦੇ ਖਾਤੇ ਵਿਚ ਜਮਾਂ ਕਰਵਾਉਣੀ ਹੁੰਦੀ ਹੈ। ਗਾਹਕ ਵਲੋਂ ਲਾਲਚ ਹਿੱਤ ਪੈਸੇ ਠੱਗਾਂ ਦੇ ਖਾਤੇ 'ਚ ਜਮਾਂ ਕਰਵਾਉਣ ਤੋਂ ਤੁਰੰਤ ਬਾਅਦ ਉਹ ਠੱਗ ਆਪਣੇ ਮੋਬਾਈਲ ਫ਼ੋਨ ਬੰਦ ਕਰ ਦਿੰਦੇ ਹਨ। ਕਈ ਚਿੱਟ-ਫੰਡ ਕੰਪਨੀਆਂ ਵੀ ਲੋਕਾਂ ਨੂੰ ਉਨ੍ਹਾਂ ਦੇ ਪੈਸੇ ਬਹੁਤ ਹੀ ਘੱਟ ਸਮੇਂ ਵਿਚ ਦੁੱਗਣੇ ਜਾਂ ਤਿਗਣੇ ਕਰਨ ਦਾ ਲਾਲਚ ਦੇ ਰਹੀਆਂ ਹਨ। ਕਈ ਚਲਾਕ ਲੋਕ ਏ.ਟੀ.ਐਮ. 'ਚੋਂ ਪੈਸੇ ਕਢਵਾਉਣ ਆਏ ਕਿਸੇ ਵਿਅਕਤੀ ਨੂੰ ਗੱਲਾਂ 'ਚ ਲਾ ਕੇ ਉਸ ਦਾ ਏ.ਟੀ.ਐਮ. ਕਾਰਡ ਬਦਲ ਲੈਂਦੇ ਹਨ ਤੇ ਕੁਝ ਦੇਰ ਬਾਅਦ ਉਕਤ ਵਿਅਕਤੀ ਨੂੰ ਬੈਂਕ ਵੇਲੋਂ ਪੈਸੇ ਨਿਕਲਣ ਦੇ ਮੈਸੇਜ ਆਉਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਢੰਗ ਤਰੀਕਿਆਂ ਬਾਬਤ ਜ਼ਿਆਦਾਤਰ ਲੋਕ ਜਾਗਰੂਕ ਹੋ ਗਏ ਹਨ, ਜਿਸ ਦੇ ਚੱਲਦਿਆਂ ਡਿਜੀਟਲ ਠੱਗੀਆਂ ਮਾਰਨ ਵਾਲੇ ਠੱਗ ਹੋਰ ਵਧੇਰੇ ਚੌਕਸ ਹੋ ਗਏ ਹਨ ਤੇ ਠੱਗੀਆਂ ਦੇ ਨਵੇਂ ਢੰਗ ਤਰੀਕੇ ਅਪਨਾ ਰਹੇ ਹਨ।

ਅੱਜਕੱਲ੍ਹ ਠੱਗਾਂ ਵਲੋਂ 'ਸਿੰਮ ਕਲੋਨਿੰਗ' ਦਾ ਢੰਗ ਅਪਨਾਇਆ ਜਾ ਰਿਹਾ ਹੈ। ਬੇਸ਼ੱਕ ਇਸ ਦੇ ਮੌਕੇ ਘੱਟ ਹਨ ਤੇ ਇਹ ਢੰਗ ਔਖਾ ਵੀ ਹੈ ਪਰ ਪੇਸ਼ਾਵਰ ਠੱਗ ਇਸ ਦੀ ਵਰਤੋ ਕਰ ਕੇ ਲੋਕਾਂ ਦੇ ਬੈਂਕ ਖਾਤੇ ਖ਼ਾਲੀ ਕਰ ਰਹੇ ਹਨ। ਅਜਿਹੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਸਭ ਤੋਂ ਪਹਿਲਾਂ ਠੱਗ ਬੈਂਕ ਦੇ ਕਿਸੇ ਖਾਤਾ ਧਾਰਕ ਨੂੰ ਫ਼ੋਨ ਕਰਦਾ ਹੈ। ਇੱਥੇ ਕਾਲ ਕਰਨ ਵਾਲਾ ਵਿਅਕਤੀ ਆਪਣੇ ਆਪ ਨੂੰ ਉਸੇ ਕੰਪਨੀ ਦਾ ਐਗਜ਼ੀਕਿਊਟਿਵ ਦੱਸਦਾ ਹੈ, ਜਿਹੜਾ ਸਿੰਮ ਕਾਰਡ ਤੁਸੀਂ ਚਲਾ ਰਹੇ ਹੋ। ਗੱਲਾਂ-ਗੱਲਾਂ 'ਚ ਉਹ ਗਾਹਕ ਤੋਂ ਸਾਰੀ ਜਾਣਕਾਰੀ ਲੈ ਲੈਂਦਾ ਹੈ। ਉਹ ਗਾਹਕ ਨੂੰ ਉਲਝਾਉਣ ਲਈ ਕਹਿੰਦਾ ਹੈ ਕਿ ਤੁਹਾਡੇ ਨੰਬਰ ਨੂੰ ਬੰਦ ਕਰਨ ਦੀ ਬੇਨਤੀ ਆਈ ਹੈ, ਕਿਉਂਕਿ ਤੁਹਾਡਾ ਸਿੰਮ ਗੁਆਚ ਗਿਆ ਹੈ। ਤੁਸੀਂ ਉਸ ਨੂੰ ਕਹੋਗੇ ਕਿ ਸਿੰਮ ਤਾਂ ਮੇਰੇ ਕੋਲ ਹੀ ਹੈ ਪਰ ਉਹ ਤੁਹਾਨੂੰ ਗੱਲਾਂ-ਬਾਤਾਂ 'ਚ ਯਕੀਨ ਦਿਵਾ ਕੇ ਸੁਰੱਖਿਆ ਕਾਰਨਾਂ ਦੇ ਮੱਦੇਨਜ਼ਰ ਦੱਸ ਕੇ ਤੁਹਾਡੇ ਕੋਲੋਂ ਡਿਟੇਲਜ਼ ਲੈ ਲਵੇਗਾ। ਇਸ ਤਰਾਂ ਕੁਝ ਦੇਰ ਬਾਅਦ ਤੁਹਾਡਾ ਸਿੰਮ ਬੰਦ ਹੋ ਜਾਵੇਗਾ ਅਤੇ ਉਹ ਸ਼ਾਤਰ ਦਿਮਾਗ਼ ਬਿਨਾ ਸਮਾਂ ਗਵਾਏ ਕੰਪਨੀ ਤੋਂ ਤੁਹਾਡੇ ਉਹੀ ਨੰਬਰ ਦਾ ਡੁਪਲੀਕੇਟ ਸਿੰਮ ਜਾਰੀ ਕਰਵਾ ਲਵੇਗਾ। ਹੁਣ ਜਦਕਿ ਬਾਕੀ ਡਿਟੇਲ ਉਹ ਤੁਹਾਡੇ ਕੋਲੋਂ ਪਹਿਲਾਂ ਹੀ ਪ੍ਰਾਪਤ ਕਰ ਚੁੱਕਾ ਹੈ, ਬੈਂਕ ਟਰਾਂਸਜੈਕਸ਼ਨ ਕਰਨ ਲਈ ਅਖੀਰਲਾ ਸੁਰੱਖਿਆ ਚੈੱਕ ਯਾਨੀ ਕਿ ਓ.ਟੀ.ਪੀ. ਵੀ ਸਿੱਧਾ ਉਸੇ ਨਵੇਂ ਡੁਪਲੀਕੇਟ ਸਿੰਮ 'ਚ ਜਾਵੇਗਾ। ਜਦੋਂ ਤੱਕ ਤੁਸੀਂ ਕੰਪਨੀ ਦੇ ਕਸਟਮਰ ਕੇਅਰ 'ਤੇ ਕਾਲ ਕਰ ਕੇ ਜਾਂ ਕੰਪਨੀ ਦੇ ਦਫ਼ਤਰ 'ਚ ਜਾ ਕੇ ਸ਼ਿਕਾਇਤ ਦਰਜ ਕਰਵਾਓਗੇ, ਉਦੋਂ ਤੱਕ ਉਹ ਠੱਗ ਓ.ਟੀ.ਪੀ. ਦੀ ਮਦਦ ਨਾਲ ਤੁਹਾਡੇ ਖਾਤੇ ਨੂੰ ਸਾਫ਼ ਕਰ ਚੁੱਕਿਆ ਹੋਵੇਗਾ। ਇੱਥੇ ਦੱਸਣਯੋਗ ਹੈ ਕਿ ਭਾਵੇਂ ਮੋਬਾਈਲ ਸਿੰਮ ਚਲਾਉਣ ਵਾਲੀਆਂ ਕੰਪਨੀਆਂ ਆਪਣੇ ਗਾਹਕਾਂ ਦੀ ਸੁਰੱਖਿਆ ਪ੍ਰਤੀ ਬਹੁਤ ਇਹਤਿਆਤ ਵਰਤਦੀਆਂ ਹਨ ਪਰ ਠੱਗੀ ਦੇ ਇਸ ਢੰਗ 'ਚ ਤੁਹਾਡੇ ਸਿੰਮ ਕਾਰਡ ਕੰਪਨੀ ਦੇ ਕਿਸੇ ਮੁਲਾਜ਼ਮ ਦੀ ਮਿਲੀਭੁਗਤ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਸਾਈਬਰ ਠੱਗਾਂ ਵਲੋਂ ਅੱਜਕੱਲ੍ਹ ਇਕ ਨਵੇਂ ਤੇ ਲੁਭਾਉਣੇ ਢੰਗ ਦੀ ਵਰਤੋ ਕੀਤੀ ਜਾ ਰਹੀ ਹੈ। ਇਸ ਦਾ ਬੈਂਤ ਖਾਤੇ, ਏ.ਟੀ.ਐਮ., ਸਿੰਮ ਆਦਿ ਨਾਲ ਕੋਈ ਸਬੰਧ ਨਹੀਂ ਹੈ। ਦਰਅਸਲ ਅਚਾਨਕ ਫੇਸਬੁੱਕ 'ਤੇ ਤੁਹਾਨੂੰ ਕਿਸੇ ਬਹੁਤ ਹੀ ਸੋਹਣੀ ਦਿੱਖ ਵਾਲੀ ਅਤਿ ਮਾਡਰਨ ਲੜਕੀ ਦੇ ਪ੍ਰੋਫਾਈਲ ਤੋਂ ਫਰੈਂਡ ਰਿਕੁਐਸਟ ਆਉਂਦੀ ਹੈ। ਤੁਹਾਡੇ ਵਲੋਂ ਬੇਨਤੀ ਮਨਜ਼ੂਰ ਕਰਨ ਉਪਰੰਤ ਚੈਟ ਸ਼ੁਰੂ ਹੋ ਜਾਂਦੀ ਹੈ। 2-4 ਦਿਨਾਂ 'ਚ ਮੋਬਾਈਲ ਨੰਬਰ ਐਕਸਚੇਂਜ ਹੋ ਜਾਂਦੇ ਹਨ। ਫਿਰ ਵਟਸਐਪ ਜਾਂ ਫੇਸਬੁੱਕ ਮੈਸੰਜਰ 'ਤੇ ਕਾਲਾਂ ਦੀ ਸ਼ੁਰੂਆਤ ਹੋ ਜਾਂਦੀ ਹੈ। ਜ਼ਿਆਦਾਤਰ ਵਿਦੇਸ਼ੀ ਨਾਂ ਜਿਵੇਂ ਕਿ ਐਂਜਲ, ਬਰਾਊਨ ਐਂਡਰਸਨ, ਸੋਫੀਆ ਨਾਂ ਦੇ ਪ੍ਰੋਫਾਈਲ ਵਾਲੀਆਂ ਲੜਕੀਆਂ ਇਸ ਦੌਰਾਨ ਵਟਸਐਪ ਜਾਂ ਫੇਸਬੁੱਕ 'ਤੇ ਆਪਣੀਆਂ ਜਾਂ ਫ਼ਰਜ਼ੀ ਉਤੇਜਿਤ ਤੇ ਭੜਕਾਊ ਫ਼ੋਟੋਆਂ ਅੱਪਲੋਡ ਕਰਦੀਆਂ ਰਹਿੰਦੀਆਂ ਹਨ। ਉਹ ਆਪਣੇ ਆਪ ਨੂੰ ਬਹੁਤ ਹੀ ਜ਼ਿਆਦਾ ਰਈਸ ਦਰਸਾਉਂਦੀਆਂ ਹਨ। ਹੌਲੀ-ਹੌਲੀ ਦੋਸਤੀ ਤੇ ਫਿਰ ਪਿਆਰ ਦਾ ਇਜ਼ਹਾਰ ਕਰਦੀਆਂ ਹਨ। ਪੂਰੇ ਵਿਸ਼ਵਾਸ 'ਚ ਲੈਣ ਉਪਰੰਤ ਉਹ ਤੁਹਾਨੂੰ ਕਿਸੇ ਵੱਡੇ ਗਿਫ਼ਟ ਦੇਣ ਦੇ ਇਵਜ਼ ਵੱਜੋਂ ਤੁਹਾਡਾ ਐਡਰੈੱਸ ਮੰਗਦੀਆਂ ਹਨ, ਤਾਂ ਕਿ ਉਹ ਗਿਫ਼ਟ (ਜਿਸ ਦੀ ਕੀਮਤ ਉਹ ਕਈ-ਕਈ ਲੱਖ ਦੱਸਦੀਆਂ ਹਨ) ਕੋਰੀਅਰ ਕੀਤਾ ਜਾ ਸਕੇ। ਤੁਸੀਂ ਖ਼ੁਸ਼ੀ ਤੇ ਲਾਲਚ ਦੇ ਮਾਰੇ ਸਾਰਾ ਕੁਝ ਦੱਸਦੇ ਜਾਂਦੇ ਹੋ। ਇਸ ਦੌਰਾਨ ਉਨ੍ਹਾਂ ਵਲੋਂ ਕਾਲ ਆਉਂਦੀ ਹੈ ਕਿ ਉਨ੍ਹਾਂ ਦਾ ਬੈਂਕ ਖਾਤਾ ਟੈਕਸ ਜਾਂ ਕਿਸੇ ਹੋਰ ਕਾਰਨਾਂ ਕਰ ਕੇ ਕੁਝ ਦਿਨਾਂ ਲਈ ਬੰਦ ਕਰ ਦਿੱਤਾ ਗਿਆ ਹੈ, ਇਸ ਲਈ ਉਹ ਤੁਹਾਡੇ ਕੋਲੋਂ ਉਧਾਰ ਪੈਸੇ ਦੀ ਮੰਗ ਕਰਦੀਆਂ ਹਨ ਅਤੇ ਆਪਣੇ ਪਿਆਰ ਦਾ ਵਾਸਤਾ ਪਾ ਕੇ ਵਿਸ਼ਵਾਸ ਦਿਵਾਉਂਦੀਆਂ ਹਨ ਕਿ ਖਾਤਾ ਚੱਲਦੇ ਹੀ ਸਾਰੇ ਪੈਸੇ ਵਾਪਸ ਭੇਜ ਦੇਣਗੀਆਂ। ਇਸ ਤਰਾਂ ਤੁਸੀਂ ਪਿਆਰ-ਪਿਆਰ 'ਚ ਲੁੱਟ ਦਾ ਸ਼ਿਕਾਰ ਹੋ ਜਾਂਦੇ ਹੋ ਤੇ ਤੁਹਾਨੂੰ ਇਸ ਦਾ ਕਈ ਦਿਨਾਂ ਤੱਕ ਪਤਾ ਵੀ ਨਹੀਂ ਲੱਗਦਾ।

**ਅਮਰਬੀਰ ਸਿੰਘ ਚੀਮਾ**

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142





CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !



# ਪੰਥ ਦੇ ਮਹਾਨ ਵਿਦਵਾਨ ਪਦਮ ਸ੍ਰੀ ਭਾਈ ਨਿਰਮਲ ਸਿੰਘ ਜੀ ਖਾਲਸਾ...

ਜਦ ਵੀ ਜਿੱਥੇ ਵੀ ਸੁਰਤਾਲ ਅਤੇ ਰਾਗਾਂ ਵਿਚ ਕੀਰਤਨ ਕਰਨ ਦੀ ਗੱਲ ਚੱਲੇਗੀ ਤਾਂ ਮਹਾਨ ਸ਼ਖਸ਼ੀਅਤ ਗੁਰੂ ਘਰ ਦੇ ਸੇਵਕ ਗੁਰੂ ਜੀ ਦੀ ਉਪਮਾ ਕਰਨ ਵਾਲੇ ਸਿੱਖ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀ ਗੁਰ ਲੜ ਲਾਉਣ ਵਾਲੇ ਭਾਈ ਨਿਰਮਲ ਸਿੰਘ ਖਾਲਸਾ ਜੀ ਦਾ ਨਾਮ ਆਪ ਮੁਹਾਰੇ ਹੀ ਜੁਬਾਨ ਤੇ ਆ ਜਾਵੇਗਾ।

ਭਾਈ ਨਿਰਮਲ ਸਿੰਘ ਖਾਲਸਾ ਜੀ ਦਾ ਜਨਮ ਪਿੰਡ ਜੰਡਵਾਲਾ ਭੀਮਸ਼ਾਹ ਜਿਲ੍ਹਾ ਫਿਰੋਜਪੁਰ ਵਿਚ ਸ੍. ਚੰਨਣ ਸਿੰਘ ਦੇ ਘਰ ਸ੍ਰੀ ਮਤੀ ਗੁਰਦੇਵ ਕੌਰ ਦੀ ਕੁਖੋਂ ਹੋਇਆ।

1958 ਵਿਚ ਇਹ ਪਰੀਵਾਰ ਪਿੰਡ ਮੰਡਾਲਾ ਜਿਲ੍ਹਾ ਜਲੰਧਰ ਦੇ ਮੰਡ ਖੇਤਰ ਵਿਚ ਜਮੀਨ ਅਲਾਟ ਹੋਣ ਕਰਕੇ ਉੱਥੇ ਆ ਵੱਸਿਆ।ਘਰ ਵਿਚ ਗਰੀਬੀ ਹੋਣ ਕਰਕੇ ਇਹ ਪਿੰਡ ਦੇ ਸਕੂਲ ਤੋਂ ਪੰਜ ਜਮਾਤਾਂ ਹੀ ਪਾਸ ਕਰ ਸਕੇ।ਪਿਤਾ ਪੁਰਖੀ ਖੇਤੀਬਾੜੀ ਦਾ ਕੰਮ ਧੰਦਾ ਹੋਣ ਕਰਕੇ ਇਹਨਾਂ ਨੂੰ ਕੁਝ ਸਮਾਂ ਖੇਤਾਂ ਵਿਚ ਕੰਮ ਕਰਨਾ ਪਿਆ।

ਭਾਈ ਨਿਰਮਲ ਸਿੰਘ ਛੋਟੇ ਹੁੰਦਿਆਂ ਪਿੰਡ ਦੇ ਪੰਚਾਇਤੀ ਰੇਡੀਓ ਤੋਂ ਪਾਕਿਸਤਾਨ ਦੇ ਪਰੋਗਰਾਮਾਂ ਵਿਚ ਪੰਜਾਬੀ ਦਰਬਾਰ ਅਤੇ ਸ਼ਾਮ ਏ ਗਜਲ ਬੜੀ ਰੀਝ ਨਾਲ ਸੁਣਦੇ ਗੁਲਾਮ ਅਲੀ ਖਾਨ, ਨੂਰ ਜਹਾਂ, ਮੇਂਹਦੀ ਹਸਨ ,ਰੇਸ਼ਮਾਂ ਨੂੰ ਬੜੀ ਰੀਝ ਨਾਲ ਸੁਣਦੇ ਅਤੇ ਭਾਈ ਮਰਦਾਨੇ ਦੀ ਵੰਸ ਵਿਚੋਂ
ਭਾਈ ਲਾਲ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਅਤੇ ਭਾਈ ਚਾਂਦ ਸਿੰਘ ਆਦਿ ਰਾਗੀਆਂ ਦੇ ਸ਼ਬਦ ਸੁਣਦੇ ਰਹਿੰਦੇ ਸਨ।

ਭਾਈ ਨਿਰਮਲ ਸਿੰਘ ਨੂੰ ਗਾਉਣ ਦਾ ਸ਼ੌਂਕ ਪਹਿਲਾਂ ਹੀ ਸੀ।ਇਹ ਖੇਤਾਂ ਵਿਚ ਕੰਮ ਕਰਦੇ ਉੱਚੀ ਆਵਾਜ ਵਿਚ ਗਾਉਂਦੇ ਰਹਿੰਦੇ।ਸੱਥਾਂ ਵਿਚ ਬੈਠੇ ਬਜੁਰਗਾਂ ਨੂੰ ਲੋਕ ਗਥਾਵਾਂ ਗਾ ਕੇ ਸਣਾਉਂਦੇ ਰਹਿੰਦੇ ਪਰਿਵਾਰ ਨੇ ਇਨ੍ਹਾਂ ਦਾ ਇਹ ਸ਼ੌਂਕ ਵੇਖ ਕੇ ਇੰਨ੍ਹਾਂ ਦੇ ਕਹਿਣ ਤੇ ਇੰਨ੍ਹਾਂ ਦੇ ਚਾਚਾ ਜੀ ਭਾਈ ਗੁਰਬਚਨ ਸਿੰਘ ਜੋ ਕੀਰਤਨਏ ਸਿੰਘ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਦੀ ਗੱਡੀ ਦੇ ਡਰਾਇਵਰ ਸਨ ਉਨ੍ਹਾਂ ਨੇ ਸ਼ਹੀਦ ਸਿੱਖ ਮਸ਼ੀਨਰੀ ਕਾਲਜ (ਪੁਤਲੀ ਘਰ ਦੇ ਨਜਦੀਕ)ਅੰਮ੍ਰਿਤਸਰ ਵਿਚ ਸੰਗੀਤ ਦੇ ਪ੍ਰੋਫੈਸਰ ਅਵਤਾਰ ਸਿੰਘ ਨਾਜ ਕੋਲ ਦਾਖਲਾ ਦਿਵਾ ਦਿੱਤਾ।ਉੱਥੇ ਇੰਨ੍ਹਾਂ ਸੰਗੀਤਕ ਸੁਰਾਂ ਨੂੰ ਬਰੀਕੀ ਨਾਲ ਜਾਚਿਆ ਅਤੇ ਦੋ ਸਾਲ ਦਾ ਡਿਪਲੋਮਾ 1976 ਵਿਚ ਪਾਸ ਕੀਤਾ।

ਇਹ ਸਭ ਤੋਂ ਪਹਿਲਾਂ ਰਾਗੀ ਦੇ ਤੌਰ ਤੇ ਬੰਗਲਾ ਸਾਹਿਬ ਰੋਹਤਕ ਵਿਖੇ ਨਿਯੁਕਤ ਹੋਏ। ਕੁਝ ਸਮਾਂ ਰਿਸ਼ੀਕੇਸ਼, ਤਰਨ ਤਾਰਨ ਵਿਚ ਵੀ ਡਿਊਟੀ ਕੀਤੀ।1978 ਵਿਚ ਕੁਝ ਸਮਾਂ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਕੰਡਕਟਰ ਦੇ ਤੌਰ ਤੇ ਨੌਕਰੀ ਵੀ ਕੀਤੀ।ਸ਼ਹੀਦ ਸਿੱਖ ਮਿਸਨਰੀ ਕਾਲਜ ਬੁੱਢਾ ਜੋਹੜ(ਰਾਜਸਤਾਨ) ਵਿਖੇ ਦੋ ਸਾਲ ਗੁਰਮਤਿ ਸੰਗੀਤ
ਦੀ ਵਿੱਦਿਆ ਵਿਦਿਆਰਥੀਆਂ ਨੂੰ ਦਿੱਤੀ।



1979 ਵਿਚ ਭਾਈ ਨਿਰਮਲ ਸਿੰਘ ਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਹਾਇਕ ਰਾਗੀ ਵਜੋਂ ਨਿਯੁਕਤੀ ਹੋ ਗਈ ਅਤੇ ਇਹ 1985 ਤੱਕ ਭਾਈ ਗੁਰਮੇਜ ਸਿੰਘ ਜੀ ਨਾਲ ਸਹਾਇਕ ਰਾਗੀ ਵਜੋਂ ਸੇਵਾ ਨਿਭਾਉਂਦੇ ਰਹੇ।1986 ਵਿਚ ਆਪਣਾ ਰਾਗੀ ਜੱਥਾ ਬਣਾ ਲਿਆ ਅਤੇ ਲੰਬਾ ਸਮਾਂ ਭਾਈ ਦਰਸ਼ਨ ਸਿੰਘ ਸਹਾਇਕ ਰਾਗੀ ਅਤੇ ਭਾਈ ਕਰਤਾਰ ਸਿੰਘ ਤਬਲੇ ਤੇ ਇਹਨਾਂ ਨਾਲ ਸੇਵਾ ਨਿਭਾਉਂਦੇ ਰਹੇ ਹਨ।1987 ਵਿਚ ਸਰਕਾਰ ਵਲੋਂ ਕੀਤੇ ਗਏ ਬਲੈਕ ਥੰਡਰ ਦੌਰਾਨ ਪੁਲੀਸ ਤਸ਼ੱਦਦ ਵੀ ਝੱਲਣਾ ਪਿਆ।

ਉਹਨਾਂ ਵਲੋਂ ਗਾਇਆ ਜਾਂਦਾ ਸ਼ਬਦ 'ਬੰਬੀਹਾ ਅੰਮ੍ਰਿਤ ਵੇਲੇ ਬੋਲਿਆ' ਨੂੰ ਸੰਗਤਾਂ ਵਾਰ ਵਾਰ ਸਰਵਣ ਕਰਦੀਆਂ ਰਹਿੰਦੀਆਂ। ਭਾਈ ਨਿਰਮਲ ਸਿੰਘ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦੀ ਮੁਹਾਰਤ ਰੱਖਦੇ ਸਨ।ਇਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿਚ ਸ਼ਬਦ ਗਾ ਕੇ ਪੁਰਾਤਨ ਕੀਰਤਨ ਸੈਲੀ ਬਹਾਲ ਕੀਤੀ।ਉਹ ਗੁਰਬਾਣੀ ਪੁਰਾਤਨ ਰੀਤਾਂ ਅਨੁਸਾਰ ਤੰਤੀ ਸਾਜਾਂ ਨਾਲ ਗਾਉਂਦੇ ਸਨ।

ਭਾਈ ਨਿਰਮਲ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਰਚਨਾਂ ਸ੍ਰੀ ਸੁਖਮਨੀ ਸਾਹਿਬ ਜੀ ਨੂੰ ਗਾਉੜੀ ਰਾਗ ਵਿਚ ਗਾਇਆ।ਇਹਨਾਂ ਨੇ ਬਾਬਾ ਫਰੀਦ ਜੀ ਦੇ ਸਲੋਕਾਂ ਨੂੰ ਵੀ ਸੁਫੀਆਨਾ ਅੰਨਦਾਜ ਵਿਚ ਗਾਇਆ।ਉਹ ਕੀਰਤਨੀਏ ਤੋਂ ਇਲਾਵਾ ਵਧੀਆ ਲਿਖਾਰੀ ਵੀ ਸਨ।ਉਹਨਾਂ ਦੇ ਲੇਖ ਵੱਖ ਵੱਖ ਅਖਬਾਰਾਂ ਅਤੇ ਮੈਗਜੀਨਾਂ ਵਿਚ ਛਪਦੇ ਰਹਿੰਦੇ।ਉਹਨਾਂ ਦੀਆਂ ਦੋ ਪੁਸਤਕਾਂ 'ਗੁਰਮਤਿ ਸੰਗੀਤ ਦੇ ਔਨਮੋਲ ਰਤਨ ' ਅਤੇ 'ਪ੍ਰਸਿੱਧ ਕੀਰਤਨਕਾਰ ਬੀਬੀਆਂ' ਵੀ ਛਪੀਆਂ।

ਭਾਈ ਨਿਰਮਲ ਸਿੰਘ ਖਾਲਸਾ ਇਕੋ ਇਕ ਰਾਗੀ ਸਨ ਜਿੰਨਾਂ ਨੂੰ ਪੰਜੇ ਤਖਤ ਸਾਹਿਬਾਨਾਂ ਤੇ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। 1999 ਨੂੰ ਵਿਸਾਖੀ ਤੇ ਤਿੰਨ ਸੋ ਸਾਲਾ ਸਤਾਬਦੀ ਨੂੰ 50 ਤੋਂ ਵੱਧ ਮੁੱਖ ਸੰਗੀਤ ਕੰਪਨੀਆਂ ਨੇ ਇਹਨਾਂ ਦੇ ਕੀਰਤਨ ਦੀਆਂ ਐਲਬਮਾਂ ਰਿਕਾਰਡ ਕੀਤੀਆਂ।ਭਾਈ ਨਿਰਮਲ ਸਿੰਘ ਖਾਲਸਾ ਨੂੰ ਬਹੁਤ ਸਾਰੇ ਐਵਾਰਡ ਪ੍ਰਾਪਤ ਹੋਏ 1999 ਵਿਚ ਹੀ ਇੰਡੀਅਨ ਮਿਊਜੀਕਲ ਇੰਡਸਟਰੀ ਮੁੰਬਈ ਦੁਆਰਾ ਦੀਵਾ ਨੈਸ਼ਨਲ ਐਵਾਰਡ ਮਿਲਿਆ।1999 ਵਿਚ ਹੀ ਖਾਲਸਾ ਫਤਿਹ ਜੰਗ ਦੁਆਰਾ ਗੋਲਡ ਮੈਡਲ ਅਤੇ ਸ਼੍ਰੋਮਣੀ ਰਾਗੀ ਐਵਾਰਡ ਮਿਲਿਆ।2004 ਵਿਚ ਭਾਈ ਹੀਰਾ ਸਿੰਘ ਅਨੰਦ ਐਵਾਰਡ ਮਿਲਿਆ।2006 ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੁਆਰਾ ਸ਼੍ਰੋਮਣੀ ਐਵਾਰਡ ਪ੍ਰਾਪਤ ਹੋਇਆ। 2009 ਨੂੰ ਪਦਮ ਸ਼੍ਰੀ ਐਵਾਰਡ ਨਾਲ ਨਿਵਾਜਿਆ ਗਿਆ।

ਉਹਨਾਂ ਦਾ ਕਹਿਣਾ ਸੀ ਮੈਂ ਜੋ ਕੁਝ ਵੀ ਹਾਂ ਸਭ ਗੁਰੂ ਸ਼ਬਦ ਦੀ ਕਮਾਈ ਤੇ ਗੁਰਬਾਣੀ ਨੂੰ ਸਮਰਪਿਤ ਹੋਣ ਦੀ ਪ੍ਰਤੱਖ ਕਰਾਮਾਤ ਹੈ।ਮੰਡ ਖੇਤਰ ਤੋਂ ਚੱਲ ਕੇ ਰਸ਼ਟਰਪਤੀ ਭਵਨ, ਪ੍ਰਧਾਨ ਮੰਤਰੀ ਨਿਵਾਸ,ਕਨੇਡਾ ਦੀ ਪਾਰਲੀਮੈਂਟ ਤੱਕ ਦਾ ਸਫਰ ਉਸ ਗੁਰੂ ਦੀ ਮਿਹਰ ਸਦਕਾ ਹੋਇਆ।

ਸਾਲ 2020 ਵਿਚ ਭਾਈ ਨਿਰਮਲ ਸਿੰਘ ਮਹਾਂਮਾਰੀ ਕੋਵਿਡ-19 ਦੇ ਸ਼ਿਕਾਰ ਹੋ ਗਏ। ਅਪਰੈਲ 2020 ਨੂੰ ਅੰਮ੍ਰਿਤਸਰ ਵਿਚ ਦਮ ਤੋੜ ਗਏ ਸਨ। ਦੋ ਤਿੰਨ ਸਰਕਾਰੀ ਸਟਾਫ ਦੇ ਮੈਂਬਰ ਇੰਨ੍ਹਾਂ ਨੂੰ ਐਂਬੂਲਸ ਰਾਹੀ ਸਸਕਾਰ ਕਰਨ ਲਈ ਦੁਰਗਿਆਨਾਂ ਮੰਦਰ ਦੀ ਸ਼ਮਸ਼ਾਨ ਘਾਟ ਵਿਚ ਲੈ ਗਏ ਪਰ ਉੱਥੇ ਮੰਦਰ ਦੀ ਕਮੇਟੀ ਨੇ ਇੰਨ੍ਹਾਂ ਦਾ ਸਸਕਾਰ ਨਾ ਹੋਣ ਦਿੱਤਾ। ਇਹ ਵੇਰਕਾ ਪਿੰਡ ਰਹਿੰਦੇ ਹੋਣ ਕਰਕੇ ਇੰਨ੍ਹਾਂ ਨੂੰ ਸਸਕਾਰ ਲਈ ਵੇਰਕਾ ਪਿੰਡ ਲੈ ਗਏ।ਪਰ ਉਸ ਵੇਲੇ ਬਹੁਤ ਦੁੱਖ ਹੋਇਆ ਜਦ ਪਿੰਡ ਵੇਰਕਾ (ਅੰਮ੍ਰਿਤਸਰ) ਦੇ ਕੁਝ ਵਸਨੀਕਾਂ ਨੇ ਪਿੰਡ ਦੀ ਸ਼ਮਸ਼ਾਨ ਘਾਟ ਨੂੰ ਤਾਲਾ ਮਾਰ ਦਿੱਤਾ ਅਤੇ ਉਨਾਂ ਦੇ ਸਰੀਰ ਦਾ ਸਸਕਾਰ ਨਾ ਹੋਣ ਦਿੱਤਾ। ਫਿਰ ਪਿੰਡ ਵਾਲਿਆਂ ਸਿੱਖ ਜਗਤ ਦੇ ਰੋਸ ਨੂੰ ਮਹਿਸੂਸ ਕਰਦਿਆਂ ਪਿੰਡ ਦੀ ਸ਼ਾਮਲਾਟ ਵਿਚ ਉਨ੍ਹਾਂ ਦਾ ਸਸਕਾਰ ਕਰਨ ਦੀ ਆਗਿਆ ਦਿੱਤੀ। ਰਾਤ ਦੇ ਹਨੇਰੇ ਉਨਾਂ ਦੇ ਸਰੀਰ ਦਾ ਸਸਕਾਰ ਕੀਤਾ ਗਿਆ।ਕਰੋਨਾ ਵਾਇਰਸ ਦੇ ਭੈਅ ਕਾਰਨ ਕਰਫਿ?ਊ ਲਗਿਆ ਹੋਣ ਕਰਕੇ ਕੋਈ ਸਿੱਖ ਉਹਨਾਂ ਦੇ ਅੰਤਿਮ ਦਰਸ਼ਨ ਨਾ ਕਰ ਸਕਿਆ। ਸਿਰਫ ਸਸਕਾਰ ਵੇਲੇ ਉਹਨਾਂ ਦਾ ਪੁੱਤਰ ਹੀ ਹਾਜਰ ਸੀ ਉਸ ਨੇ ਚਿੱਖਾ ਨੂੰ ਅਗਨੀ ਵਿਖਾਈ।

ਕਈ ਦਿਨਾਂ ਬਾਅਦ ਉਨਾਂ ਦੇ ਫੁੱਲ ਚੁਗਣ ਦੀ ਰਸਮ ਨਿਭਾਈ ਗਈ। ਇਤਨੇ ਸਿੱਖ ਕੌਮ ਦੇ ਮਹਾਨ ਕੀਰਤਨੀਏ ਦੇ ਸਰੀਰ ਦੀ ਬੇਅਦਬੀ ਹੋਣੀ ਇੰਨਸਾਨੀਅਤ ਨੂੰ ਸ਼ਰਮਸਾਰ ਕਰਦੀ ਹੈ ਨਾ ਉਨਾਂ ਨੂੰ ਕੋਈ ਅੰਤਿਮ ਵਦਾਇਗੀ ਦਿੱਤੀ ਗਈ ਅਤੇ ਨਾ ਉਨਾਂ ਦੀ ਕੋਈ ਸਮਾਜ ਨੇ ਇੱਕਠੇ ਹੋ ਕੇ ਸਮਾਜਿਕ ਰਸਮ ਕੀਤੀ। ਸ਼੍ਰੋਮਣੀ ਕਮੇਟੀ ਨੇ ਵੀ ਆਪਣਾ ਬਣਦਾ ਫਰਜ ਪੂਰਾ ਨਾ ਕੀਤਾ।ਇਹ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਨਿਰਮਲ ਸਿੰਘ ਜੀ ਖਾਲਸਾ ਆਪਣੀ ਆਵਾਜ ਕਰਕੇ ਸਾਡੇ ਵਿਚ ਸਦਾ ਹੀ ਜਿਊਂਦੇ ਰਹਿਣਗੇ ਅਤੇ ਉਹਨਾਂ ਦਾ ਰਸ ਭਿੰਨਾ ਕੀਰਤਨ ਸਾਡੇ ਕੰਨਾਂ ਵਿਚ ਰਸ ਘੋਲਦਾ ਰਹੇਗਾ।

**ਸੁਖਵਿੰਦਰ ਸਿੰਘ ਮੁੱਲਾਂਪੁਰ**

# ਬ੍ਰੇਨ ਕੈਂਸਰ ਤੋਂ ਪੀੜ੍ਹਤ ਨੇ ਸਾਇਕਲ 'ਤੇ ਅਮਰੀਕਾ ਗਾਹਣ ਦੀ ਠਾਣੀ




ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਕੈਂਸਰ ਦਾ ਸ਼ਬਦ ਸੁਣਦਿਆਂ ਹੀ ਮਨ 'ਚ ਸਭ ਤੋਂ ਪਹਿਲਾਂ ਡਰ ਪੈਦਾ ਹੁੰਦਾ ਹੈ। ਘਬਰਾਹਟ 'ਚ ਮਰੀਜ਼ ਤਾਂ ਮੌਤ ਤੋਂ ਪਹਿਲਾਂ ਹੀ ਦਹਿਸ਼ਤ ਨਾਲ ਤਿਲ-ਤਿਲ ਨਾਲ ਜਿਊਂਦੇ ਹਨ, ਪਰ ਕਈ ਲੋਕ ਅਜਿਹੇ ਹਨ ਜਿਨ੍ਹਾਂ ਨੇ ਆਪਣੇ ਹੌਂਸਲੇ ਦੇ ਦਮ 'ਤੇ ਕੈਂਸਰ ਨੂੰ ਹਰਾਇਆ ਹੈ। ਅਜਿਹੇ ਲੋਕ ਕੈਂਸਰ ਪੀੜਤਾਂ ਲਈ ਪ੍ਰੇਰਨਾ ਸਰੋਤ ਬਣੇ ਰਹਿੰਦੇ ਹਨ। ਅਜਿਹਾ ਹੀ ਕੁੱਝ ਅਮਰੀਕਾ ਦੇ ਈਐਨ ਲਿਆਮ ਵਾਰਡ ਦਾ ਵੀ ਹੈ।

ਉਸ ਨੂੰ ਬ੍ਰੇਨ ਕੈਂਸਰ ਵਰਗੀ ਗੰਭੀਰ ਬੀਮਾਰੀ ਹੈ। ਹਾਲਾਂਕਿ ਉਹ ਆਪਣੇ ਕੂਲ ਲਾਈਫ਼ਸਟਾਈਲ ਲਈ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਆਪਣੀ ਬੀਮਾਰੀ ਬਾਰੇ ਪਤਾ ਲੱਗਣ ਤੋਂ ਬਾਅਦ ਦਾ ਕਿੰਗ ਔਫ਼ ਕੇਮੋ ਦੇ ਨਾਂ ਨਾਲ ਮਸ਼ਹੂਰ ਈਐਨ ਨੇ ਪੂਰੇ ਅਮਰੀਕਾ 'ਚ ਸਾਇਕਲ ਚਲਾਉਣ ਦਾ ਫ਼ੈਸਲਾ ਕੀਤਾ ਹੈ। ਉਸ ਨੇ ਆਪਣੇ ਇੱਕ ਦੋਸਤ ਨਾਲ ਇਸ ਨੂੰ ਸ਼ੁਰੂ ਵੀ ਕਰ ਦਿੱਤਾ ਹੈ। ਇੰਨਾ ਹੀ ਨਹੀਂ ਉਹ ਆਪਣੇ ਇਲਾਜ ਦੇ ਨਾਲ-ਨਾਲ ਕੈਂਸਰ ਤੋਂ ਪੀੜਤ ਲੋਕਾਂ ਲਈ ਵੀ ਪੈਸਾ ਇਕੱਠਾ ਕਰ ਰਿਹਾ ਹੈ।

ਦਰਅਸਲ, ਸਾਲ 2020 'ਚ ਈਐਨ ਨੂੰ ਪਤਾ ਲੱਗਾ ਕਿ ਉਸ ਨੂੰ ਬ੍ਰੇਨ ਕੈਂਸਰ ਹੈ। ਉਸ ਦਾ ਕੈਂਸਰ ਆਖਰੀ ਪੜਾਅ 'ਤੇ ਹੈ। ਡਾਕਟਰਾਂ ਨੇ ਈਐਨ ਨੂੰ ਦੱਸਿਆ ਹੈ ਕਿ ਉਸ ਕੋਲ ਜਿਊਣ ਲਈ ਲਗਭਗ ਪੰਜ ਸਾਲ ਬਾਕੀ ਹਨ। ਅਜਿਹੇ 'ਚ ਈਐਨ ਦਾ ਇਲਾਜ ਚੱਲ ਰਿਹਾ ਹੈ ਹਾਲਾਂਕਿ ਇੰਨੀ ਗੰਭੀਰ ਬੀਮਾਰੀ ਤੋਂ ਪੀੜਤ ਹੋਣ ਦੇ ਬਾਵਜੂਦ ਈਐਨ ਮਸਤਮੌਲਾ ਜ਼ਿੰਦਗੀ ਬਿਤਾਉਂਦਾ ਹੈ।

ਬ੍ਰੇਨ ਕੈਂਸਰ ਦੇ ਆਖਰੀ ਪੜਾਅ 'ਤੇ ਹੋਣ ਦੇ ਬਾਵਜੂਦ ਈਐਨ ਦੇ ਚਿਹਰੇ 'ਤੇ ਕਿਸੇ ਤਰ੍ਹਾਂ ਦਾ ਤਨਾਅ ਨਹੀਂ ਦਿਖਾਈ ਦਿੰਦਾ। ਈਐਨ ਓਦੋਂ ਤੋਂ ਪੈਸੇ ਇੱਕੱਠੇ ਕਰ ਰਿਹਾ ਹੈ ਜਦੋਂ ਉਸ ਨੂੰ ਬੀਮਾਰੀ ਦਾ ਪਤਾ ਲੱਗਾ ਸੀ। ਉਹ ਇਕੱਠਾ ਹੋਇਆ ਪੈਸਾ ਕੈਂਸਰ ਪੀੜਤਾਂ ਲਈ ਦਾਨ ਕਰਨਾ ਚਾਹੁੰਦਾ ਹੈ। ਉਹ ਇਸ ਵੇਲੇ ਇੱਕ ਦੋਸਤ ਐਡੀ ਫ਼ੈਲਨ ਨਾਲ ਪੂਰੇ ਅਮਰੀਕਾ 'ਚ ਸਾਈਕਲ ਚਲਾ ਰਿਹਾ ਹੈ।

ਈਐਨ ਲਿਆਮ ਵਾਰਡ ਸੋਸ਼ਲ ਮੀਡੀਆ 'ਤੇ ਕਾਫ਼ੀ ਮਸ਼ਹੂਰ ਹੈ। ਇੱਥੇ ਉਹ ਆਪਣੀ ਜ਼ਿੰਦਗੀ ਅਤੇ ਸਫ਼ਰ ਨਾਲ ਜੁੜੀਆਂ ਗੱਲਾਂ ਸਾਂਝੀਆਂ ਕਰਦਾ ਹੈ। ਹਾਲ ਹੀ 'ਚ ਫ਼ਾਲੋਅਰਜ਼ ਦੀ ਲਿਸਟ 'ਚ ਕਾਫ਼ੀ ਵਾਧਾ ਹੋਇਆ ਹੈ। ਟਿੱਕਟੌਕ 'ਤੇ ਦਾ ਕਿੰਗ ਔਫ਼ ਕੇਮੋ 'ਦੇ ਕਰੀਬ ਪੰਜ ਮਿਲੀਅਨ ਫ਼ੌਲੋਅਰਜ਼ ਹਨ। ਇਸ ਦੇ ਨਾਲ ਹੀ ਇਨਸਟਾਗ੍ਰੈਮ 'ਤੇ ਉਸ ਦੇ ਨੌਂ ਲੱਖ ਤੋਂ ਵੱਧ ਫ਼ਾਲੋਅਰਜ਼ ਹਨ। ਸੋਸ਼ਲ ਮੀਡੀਆ 'ਤੇ, ਈਐਨ ਅਜਿਹੀਆਂ ਪੋਸਟਾਂ ਪੋਸਟ ਕਰਦਾ ਰਹਿੰਦਾ ਹੈ ਜੋ ਦੂਜਿਆਂ ਨੂੰ ਹਸਾਉਣ ਅਤੇ ਪ੍ਰੇਰਿਤ ਕਰਨ ਵਾਲੀਆਂ ਹੋਣ।

# ਵਿਦਿਆਰਥੀਆਂ ਦੇ ਜਿਣਸੀ ਸ਼ੋਸ਼ਣ ਦੇ ਇਲਜ਼ਾਮਾਂ ਹੇਠ ਦੋ ਦਿਨਾਂ 'ਚ ਛੇ ਮਹਿਲਾ ਅਧਿਆਪਕ ਗ੍ਰਿਫ਼ਤਾਰ

ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਦੁਨੀਆਂ ਭਰ 'ਚ ਅਧਿਆਪਕ ਨੂੰ ਰੱਬ ਤੋਂ ਵੀ ਉੱਚਾ ਦਰਜਾ ਦਿੱਤਾ ਜਾਂਦਾ ਹੈ, ਪਰ ਅਮਰੀਕਾ ਤੋਂ ਇੱਕ ਹੈਰਾਨ ਕਰਨ ਵਾਲੀ ਇੱਕ ਖ਼ਬਰ ਸਾਹਮਣੇ ਆ ਰਹੀ ਹੈ। ਅਮਰੀਕਾ 'ਚ ਪਿਛਲੇ ਦੋ ਦਿਨਾਂ 'ਚ ਘੱਟੋ-ਘੱਟ ਛੇ ਮਹਿਲਾ ਅਧਿਆਪਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ 'ਤੇ ਵਿਦਿਆਰਥੀਆਂ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਡੈਨਵਿਲ ਦੀ ਐਲਨ ਸ਼ੈੱਲ ਨਾਂ ਦੀ 38 ਸਾਲਾ ਅਧਿਆਪਕਾ 'ਤੇ ਥਰਡ ਡਿਗਰੀ ਬਲਾਤਕਾਰ ਦਾ ਦੋਸ਼ ਲੱਗਾ ਹੈ। ਮਾਮਲੇ 'ਚ ਦਰਜ ਇੱਕ ਅਪਰਾਧਿਕ ਸ਼ਿਕਾਇਤ ਦੇ ਅਨੁਸਾਰ ਸ਼ੈੱਲ 'ਤੇ ਦੋ 16 ਸਾਲ ਦੇ ਲੜਕਿਆਂ ਨਾਲ ਤਿੰਨ ਵਾਰ ਜਿਣਸੀ ਸਬੰਧ ਬਣਾਉਣ ਦਾ ਦਾ ਦੋਸ਼ ਹੈ। ਸ਼ੈੱਲ ਜਰਾਰਡ ਕਾਊਂਟੀ ਜ਼ਿਲ੍ਹਾ ਅਦਾਲਤ 'ਚ ਪੇਸ਼ ਹੋਈ।



38 ਸਾਲਾ ਐਲਨ ਸ਼ੈੱਲ ਜੋ ਕਿ ਵੁਡਲਾਅਨ ਐਲੀਮੈਂਟਰੀ ਸਕੂਲ 'ਚ ਅਧਿਆਪਕਾ ਵਜੋਂ ਕੰਮ ਕਰ ਰਹੀ ਸੀ, ਉਸ 'ਤੇ ਦੋ ਨਾਬਾਲਗ ਵਿਦਿਆਰਥੀਆਂ ਦਾ ਥਰਡ-ਡਿਗਰੀ ਬਲਾਤਕਾਰ ਕਰਨ ਦਾ ਦੋਸ਼ ਹੈ। ਸ਼ੈੱਲ ਜਰਾਰਡ ਕਾਊਂਟੀ ਜ਼ਿਲ੍ਹਾ ਅਦਾਲਤ 'ਚ ਪੇਸ਼ ਹੋਈ। ਇੱਕ ਹੋਰ ਅਧਿਆਪਕਾ ਹੀਥਰ ਹੇਅਰ, ਜੋ ਆਰਕਨਸੌ 'ਚ ਅਧਿਆਪਕ ਵਜੋਂ ਕੰਮ ਕਰ ਰਹੀ ਸੀ, 'ਤੇ ਫ਼ਸਟ ਡਿਗਰੀ ਦੀ ਕੈਟੇਗਰੀ ਦੇ ਬਲਾਤਕਾਰ ਦਾ ਦੋਸ਼ ਹੈ। ਉਹ ਇੱਕ ਨਾਬਾਲਗ ਵਿਦਿਆਰਥੀ ਨਾਲ ਨਾਜਾਇਜ਼ ਸਬੰਧ ਬਣਾ ਰਹੀ ਸੀ। ਇਸ ਮਹਿਲਾ ਅਧਿਆਪਕ ਨੇ ਆਤਮ ਸਮਰਪਣ ਕਰਨਾ ਸੀ, ਪਰ ਉਸ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਅਜੇ ਤਕ ਅਦਾਲਤ 'ਚ ਪੇਸ਼ ਨਹੀਂ ਹੋਈ।

ਓਕਲਾਹੋਮਾ ਦੀ 26 ਸਾਲਾ ਐਮਿਲੀ ਹੈਨਕੌਕ ਨੂੰ ਵੀ 13 ਅਪ੍ਰੈਲ ਨੂੰ ਸਥਾਨਕ ਪੁਲੀਸ ਨੂੰ ਇੱਕ ਵਿਦਿਆਰਥੀ ਨਾਲ ਉਸ ਦੇ ਗ਼ੈਰ-ਕਾਨੂੰਨੀ ਸਬੰਧਾਂ ਦੀ ਸੂਚਨਾ ਮਿਲਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਹੈਨਕੌਕ ਪਿਛਲੇ ਸਾਲ ਅਕਤੂਬਰ ਤੋਂ ਸਨੈਪਚੈਟ 'ਤੇ ਇੱਕ ਨਾਬਾਲਗ ਵਿਦਿਆਰਥੀ ਨਾਲ ਗੱਲ ਕਰ ਰਹੀ ਸੀ। ਉਸ 'ਤੇ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨਾਲ ਅਸ਼ਲੀਲ ਜਾਂ ਅਸ਼ਲੀਲ ਚੀਜ਼ਾਂ ਜਾਂ ਹਰਕਤਾਂ ਸਮੇਤ ਕਈ ਧਾਰਾਵਾਂ ਤਹਿਤ ਟੈਕਨੌਲੋਜੀ ਦੀ ਵਰਤੋਂ ਕਰਦੇ ਹੋਏ ਨਾਬਾਲਗ ਨੂੰ ਅਸ਼ਲੀਲ ਜਾਂ ਅਸ਼ਲੀਲ ਲਿਖਤ ਜਾਂ ਨਗਨ ਫ਼ੋਟੋਆਂ ਭੇਜਣ ਅਤੇ ਜਿਣਸੀ ਸਬੰਧ ਬਣਾਉਣ ਬਾਰੇ ਪੁੱਛਣ ਅਤੇ ਗੱਲ ਕਰਨ ਦਾ ਦੋਸ਼ ਹੈ। ਇੱਥੇ ਬਦਲਵੀਂ ਅਧਿਆਪਕ ਵਜੋਂ ਆਈ ਵੈਲਸਟਨ ਪਬਲਿਕ ਸਕੂਲ ਦੀ ਮਹਿਲਾ ਅਧਿਆਪਕ ਐਮਾ ਡਲੈਨੀ ਹੈਨਕੌਕ 'ਤੇ ਸਕੂਲ ਦੇ ਅੰਦਰ ਇੱਕ ਨਾਬਾਲਗ ਬੱਚੇ ਨਾਲ ਜਿਣਸੀ ਸਬੰਧ ਬਣਾਉਣ ਅਤੇ ਸਨੈਪਚੈਟ 'ਤੇ ਸੈਕਸ ਚੈਟ ਕਰਨ ਦਾ ਵੀ ਦੋਸ਼ ਹੈ।

ਆਈਓਵਾ ਦੇ ਇੱਕ ਸਕੂਲ 'ਚ ਇੱਕ ਅੰਗਰੇਜ਼ੀ ਅਧਿਆਪਿਕਾ 36 ਸਾਲਾ ਕ੍ਰਿਸਟਨ ਗੈਂਟ ਡੇਸ ਮੋਇਨੇਸ 'ਤੇ ਵੀ ਇੱਕ ਨਾਬਾਲਗ ਵਿਦਿਆਰਥੀ ਨਾਲ ਆਪਣੇ ਸਕੂਲ ਦੇ ਅੰਦਰ ਅਤੇ ਬਾਹਰ ਕਈ ਵਾਰ ਜਿਣਸੀ ਸਬੰਧ ਬਣਾਉਣ ਦਾ ਦੋਸ਼ ਲਗਾਇਆ ਗਿਆ ਹੈ। ਉਸ ਨੂੰ ਵੀ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ। ਉਸਨੇ ਆਪਣੇ ਸਕੂਲ ਦੇ ਅੰਦਰ ਅਤੇ ਬਾਹਰ ਇੱਕ ਨੌਜਵਾਨ ਵਿਦਿਆਰਥੀ ਨਾਲ ਪੰਜ ਵਾਰ ਜਿਣਸੀ ਸਬੰਧ ਬਣਾਏ। ਕਈ ਵਾਰ ਉਸ ਨੂੰ ਅਤੇ ਵਿਦਿਆਰਥੀ ਨੂੰ ਇਕੱਠੇ ਕਲਾਸ 'ਚ ਜਾਂਦੇ 33"꞊ 'ਚ ਦੇਖਿਆ ਗਿਆ। ਜੇਮਜ਼ ਮੈਡੀਸਨ ਹਾਈ ਸਕੂਲ ਦੀ 33 ਸਾਲਾ ਮਹਿਲਾ ਅਧਿਆਪਿਕਾ ਅਲੀਹ ਖੇਰਦਾਮੰਦ 'ਤੇ ਵੀ ਇੱਕ ਵਿਦਿਆਰਥੀ ਨਾਲ ਕਈ ਮਹੀਨਿਆਂ ਤੋਂ ਨਾਜਾਇਜ਼ ਸਬੰਧ ਬਣਾਉਣ ਦਾ ਦੋਸ਼ ਹੈ।

## ਨਵਾਜ਼ ਸ਼ਰੀਫ਼ ਲੰਡਨ ਤੋਂ ਪਰਤ ਕੇ ਚੋਣ ਪ੍ਰਚਾਰ ਦੀ ਕਰਨਗੇ ਨਿਗਰਾਨੀ - ਸਨਾਉੱਲਾ

ਇਸਲਾਮਾਬਾਦ (ਪੰਜਾਬੀ ਅਖਬਾਰ ਬਿਊਰੋ)-ਪਾਕਿਸਤਾਨ ਦੇ ਗ੍ਰਹਿ ਮੰਤਰੀ ਰਾਣਾ ਸਨਾਉੱਲਾ ਨੇ ਕਿਹਾ ਕਿ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਸੁਪਰੀਮੋ ਨਵਾਜ਼ ਸ਼ਰੀਫ਼ ਆਮ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਹੋਣ 'ਤੇ ਜਲਦੀ ਹੀ ਲੰਡਨ ਤੋਂ ਦੇਸ਼ ਪਰਤਣਗੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਗਵਾਈ ਵਾਲੀ ਵਿਰੋਧੀ ਧਿਰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੀਆਂ ਭਰਪੂਰ ਕੋਸ਼ਿਸ਼ਾਂ ਦੇ ਬਾਵਜੂਦ ਸਿਆਸੀ ਤੌਰ 'ਤੇ ਅਹਿਮ ਪੰਜਾਬ ਸੂਬੇ 'ਚ ਚੋਣਾਂ 14 ਮਈ ਨੂੰ ਨਹੀਂ ਹੋਣਗੀਆਂ।

ਜੀਓ ਨਿਊਜ਼ ਨੇ ਪਾਰਟੀ ਦੇ ਇੱਕ ਸੀਨੀਅਰ ਨੇਤਾ ਦੇ ਹਵਾਲੇ ਨਾਲ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼, ਜੋ ਇਸ ਸਮੇਂ ਲੰਡਨ 'ਚ ਰਹਿ ਰਹੇ ਹਨ, ਵਾਪਿਸ ਆਉਣਗੇ ਅਤੇ PML-N ਦੀ ਚੋਣ ਮੁਹਿੰਮ ਦੀ ਨਿਗਰਾਨੀ ਕਰਨਗੇ। ਨਵਾਜ਼ (73) ਨਵੰਬਰ 2019 ਤੋਂ ਇਲਾਜ ਲਈ ਲੰਡਨ 'ਚ ਰਹਿ ਰਹੇ ਹਨ। ਸੁਪਰੀਮ ਕੋਰਟ ਨੇ ਉਸ ਨੂੰ ਸਜ਼ਾ 'ਚ ਚਾਰ ਹਫ਼ਤਿਆਂ ਦੀ ਰਾਹਤ ਦਿੱਤੀ ਸੀ। ਲੰਡਨ ਜਾਣ ਤੋਂ ਪਹਿਲਾਂ ਉਹ ਅਲ-ਅਜ਼ੀਜ਼ੀਆ ਭ੍ਰਿਸ਼ਟਾਚਾਰ ਮਾਮਲੇ 'ਚ ਲਾਹੌਰ ਦੀ ਕੋਟ ਲੱਖਪਤ ਜੇਲ੍ਹ 'ਚ ਸੱਤ ਸਾਲ ਦੀ ਸਜ਼ਾ ਕੱਟ ਰਿਹਾ ਸੀ। ਸੂਬਾਈ ਚੋਣਾਂ ਕਰਵਾਉਣ ਦਾ ਮੁੱਦਾ ਪਾਕਿਸਤਾਨ ਦੀ ਸਿਆਸਤ 'ਤੇ ਹਾਵੀ ਰਿਹਾ ਹੈ। ਇਮਰਾਨ ਖ਼ਾਨ ਪੰਜਾਬ ਅਤੇ ਖ਼ੈਬਰ ਪਖ਼ਤੂਨਖਵਾ ਸੂਬਿਆਂ 'ਚ ਮੱਧਕਾਲੀ ਚੋਣਾਂ ਕਰਵਾਉਣ 'ਤੇ ਜ਼ੋਰ ਦੇ ਰਹੇ ਹਨ।ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਪੰਜਾਬ 'ਚ ਚੋਣਾਂ 8 ਅਕਤੂਬਰ ਤਕ ਮੁਲਤਵੀ ਕਰਨ ਦੇ ਚੋਣ ਕਮਿਸ਼ਨ ਦੇ ਫ਼ੈਸਲੇ ਨੂੰ 5 ਅਪ੍ਰੈਲ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੱਤਾ ਸੀ ਅਤੇ ਸੂਬੇ 'ਚ ਚੋਣਾਂ ਦੀ ਤਰੀਕ 14 ਮਈ ਤੈਅ ਕੀਤੀ ਸੀ।













## ਅਮਰੀਕਾ 'ਚ ਟੀਨੇਜਰ ਲੜਕੀ ਦੇ ਜਨਮ ਦਿਨ ਦੀ ਪਾਰਟੀ 'ਚ ਹੋਈ ਗੋਲੀਬਾਰੀ - 4 ਜਣਿਆਂ ਦੀ ਮੌਤ , 28 ਜ਼ਖਮੀਂ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਵਿੱਚ ਹਰ ਵਾਪਰਦੀਆਂ ਘਟਨਾਵਾਂ ਤੋਂ ਇਸ ਤਰਾਂ ਲਗਦਾ ਹੈ ਕਿ ਜਦੋਂ ਤਕ ਅਮਰੀਕਾ ਦੀ ਸਰਕਾਰ ਹਥਿਆਰਾਂ ਸਬੰਧੀ ਕੋਈ ਸਖਤ ਕਾਨੂੰਨ ਨਹੀਂ ਬਣਾਉਂਦੀ ਉਦੋਂ ਤੱਕ ਅਮਰੀਕਾ ਦੇ ਵਿਚ ਬੇਗੁਨਾਹ ਲੋਕਾਂ ਦੀਆਂ ਜਾਨਾਂ ਗੋਲੀਬਾਰੀ ਵਿਚ ਜਾਂਦੀਆਂ ਹੀ ਰਹਿਣਗੀਆਂ। ਹੁਣ ਇਸੇ ਤਰ੍ਹਾਂ ਦੀ ਇੱਕ ਹੋਰ ਵਾਰਦਾਤ ਨੇ ਅਮਰੀਕਾ ਵਾਸੀਆਂ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਹੈ ।ਬੀਤੇ ਦਿਨੀ ਇੱਕ ਟੀਨੇਜਰ ਲੜਕੀ ਦੇ ਜਨਮ ਦਿਨ ਦੀ ਪਾਰਟੀ ਚੱਲ ਰਹੀ ਸੀ ਤਾਂ ਉਸ ਦੌਰਾਨ ਹੋਈ ਗੋਲੀਬਾਰੀ ਵਿੱਚ ਚਾਰ ਜਣਿਆਂ ਦੀ ਮੌਤ ਦੀ ਸੂਚਨਾ ਹੈ ਜਦੋਂ ਕਿ 28 ਜਣੇ ਜ਼ਖ਼ਮੀ ਹੋਏ ਹਨ। ਇਹ ਵਾਰਦਾਤ ਇੱਕ ਛੋਟੇ ਜਿਹੇ ਸ਼ਹਿਰ ਵਿੱਚ ਵਾਪਰੀ ਹੈ।

## ਕਲਾਈਮੇਟ ਐਕਸਨ ਇਨਸੈਂਟਿਵ ਰਿਬੇਟ ਤਹਿਤ ਕੈਨੇਡਾ ਵਾਸੀਆਂ ਦੇ ਖਾਤਿਆਂ ਵਿੱਚ ਹੋਰ ਮੱਦਦ ਭੇਜੀ ਗਈ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਫੈਡਰਲ ਸਰਕਾਰ ਵੱਲੋਂ ਕਲਾਈਮੇਟ ਐਕਸਨ ਇਨਸੈਂਟਿਵ ਰਿਬੇਟ ਦੀ ਕਿਸ਼ਤ ਦੇਸ਼ ਦੇ ਸੈਂਕੜੇ ਲੋਕਾਂ ਦੇ ਖਾਤਿਆਂ ਵਿੱਚ ਪਾਈ ਜਾ ਰਹੀ ਹੈ ਉਨ੍ਹਾਂ ਆਖਿਆ ਕਿ ਤੁਸੀਂ ਭਾਵੇਂ ਉਨਟੈਰੀ- ਮੈਨੀਟੋਬਾ ਸਸਕੈਚਵਨ ਜਾਂ ਅਲਬਰਟਾ ਵਿੱਚ ਕਿਤੇ ਵੀ ਕਹਿੰਦੇ ਹੋ ਇਹ ਰਿਬੇਟ ਤੁਹਾਡੇ ਖਾਤਿਆਂ ਵਿਚ ਜਮ੍ਹਾਂ ਹੋਈ ਨੋਟ ਕੀਤੀ ਜਾ ਸਕਦੀ ਹੈ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਤੁਹਾਡੇ ਤੋਂ ਇਹ ਰਿਬੇਟ ਵਾਪਸ ਲੈਣਾ ਲੈਣਾ ਚਾਹੁੰਦੀ ਹੈ ਪਰ ਅਸੀਂ ਵਾਤਾਵਰਨ ਤਬਦੀਲੀ ਨਾਲ ਲੜਾਈ ਦੇ ਨਾਲ ਨਾਲ ਦੇਸ਼ ਦੇ ਲੋਕਾਂ ਨੂੰ ਹੋਰ ਮਦਦ ਦੇਣੀ ਵੀ ਜਾਰੀ ਰੱਖਾਂਗੇ

## ਬੈਂਕ ਆਫ਼ ਕੈਨੇਡਾ ਨੇ ਵਿਆਜ਼ ਦਰਾਂ 4.5 ਫੀਸਦ 'ਤੇ ਸਥਿਰ ਰੱਖੀਆਂ ਅਤੇ ਮਹਿੰਗਾਈ ਡਰ 2 ਫ਼ੀਸਦ 'ਤੇ ਲਿਆਉਣ ਦਾ ਟੀਚਾ ਮਿਥਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜਿਸ ਤਰ੍ਹਾਂ ਕਿ ਉਮੀਦ ਕੀਤੀ ਜਾ ਰਹੀ ਸੀ ਬੈਂਕ ਆਫ ਕੈਨੇਡਾ ਨੇ ਉਸੇ ਤਰਾਂ ਦਾ ਐਲਾਨ ਕਰ ਦਿੱਤਾ ਹੈ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ ਦਰਾਂ ਸਾਢੇ ਚਾਰ ਫੀਸਦੀ ਹੀ ਸਥਿਰ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ। ਬੈਂਕ ਆਫ ਕੈਨੇਡਾ ਦੇ ਗਵਰਨਰ ਨੇ ਆਖਿਆ ਕਿ ਬੈਂਕ ਵੱਲੋਂ ਚੁੱਕੇ ਗਏ ਕਦਮਾਂ ਸਦਕਾ ਮਹਿੰਗਾਈ ਦਰ ਵਿੱਚ ਕਮੀ ਆ ਰਹੀ ਹੈ ਅਤੇ ਉਮੀਦ ਹੈ ਕਿ ਇਨ੍ਹਾਂ ਗਰਮੀਆਂ ਵਿੱਚ ਮਹਿੰਗਾਈ ਦਰ ਘੱਟ ਕੇ ਤਿੰਨ ਫੀਸਦੀ 'ਤੇ ਆ ਜਾਵੇਗੀ । ਪਰ ਉਨ੍ਹਾਂ ਨਾਲ ਇਹ ਆਖਿਆ ਕਿ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਆਪਣੀ ਮੰਜ਼ਿਲ ਤੱਕ ਪਹੁੰਚ ਗਏ ਹਨ ਉਨ੍ਹਾਂ ਆਖਿਆ ਕਿ ਅਸੀਂ ਇਸ ਮਹਿੰਗਾਈ ਦਰ ਨੂੰ ਦੋ ਪਰਸੈਂਟ ਤਕ ਲਿਆਉਣ ਦਾ ਟੀਚਾ ਮੁਕੰਮਲ ਕਰਨਾ ਹੈ।

## ਵਿਦਿਆਰਥੀ ਕਰਜ਼ਿਆਂ ਉੱਪਰ ਲੱਗਣ ਵਾਲਾ ਵਿਆਜ਼ ਸਥਾਈ ਤੌਰ 'ਤੇ ਹਟਾਇਆ ਗਿਆ - ਜਸਟਿਨ ਟਰੂਡੋ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਨੀਪੈਗ ਸਥਿਤ ਯੂਨੀਵਰਸਿਟੀ ਆਫ ਮੈਨੀਟੋਬਾ ਵਿਖੇ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਫੈਡਰਲ ਸਰਕਾਰ ਦਾ ਇਸ ਸਾਲ ਦਾ ਬਜ਼ਟ ਕੈਨੇਡਾ ਦੀ ਆਰਥਿਕਤਾ ਨੂੰ ਕਲੀਨ ਫਿਊਚਰ ਵੱਲ ਲੈ ਕੇ ਜਾਣ ਦਾ ਰਸਤਾ ਹੈ। ਪ੍ਰਧਾਨ ਮੰਤਰੀ ਨੇ ਆਖਿਆ ਕਿ ਅਸੀਂ ਵਿਦਿਆਰਥੀਆਂ ਦੀ ਮੱਦਦ ਵਾਸਤੇ ਵਧੇਰੇ ਯਤਨ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਅਸੀਂ ਸਟੂਡੈਂਟਸ ਗਰਾਂਟ ਨੂੰ 40 ਫੀਸਦੀ ਵਧਾ ਰਹੇ ਹਾਂ ਇਸ ਤੋਂ ਇਲਾਵਾ ਸਟੂਡੈਂਟਸ ਲੋਅਨ ਦੀ ਲਿਮਟ ਵੀ ਵਧਾਈ ਜਾ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਕਰਜ਼ਿਆਂ ਉੱਪਰ ਵਿਆਜ਼ ਸਥਾਈ ਤੌਰ ਤੇ ਹਟਾ ਦਿੱਤਾ ਗਿਆ।

## ਕਿੰਗ ਚਾਰਲਸ ਦੀ ਤਾਜਪੋਸੀ 6 ਮਈ ਨੂੰ ਹੋਵੇਗੀ ਪਰ ਪ੍ਰਿੰਸ ਹੈਰੀ ਦੀ ਪਤਨੀ ਮੇਗਨ ਨਹੀਂ ਜਾਵੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਰਤਾਨੀਆ ਦੇ ਕਿੰਗ ਚਾਰਲਸ ਦੀ ਤਾਜਪੋਸ਼ੀ 6 ਮਈ ਨੂੰ ਪੂਰੇ ਸ਼ਾਹੀ ਅੰਦਾਜ਼ ਵਿਚ ਹੋ ਰਹੀ ਹੈ ਇਸ ਸ਼ਾਹੀ ਸਮਾਗਮ ਵਿੱਚ ਹਿੱਸਾ ਲੈਣ ਲਈ ਦੁਨੀਆਂ ਭਰ ਤੋਂ ਹਜ਼ਾਰ ਦੇ ਕਰੀਬ ਮਹਿਮਾਨਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ ਇਸ ਤਾਜਪੋਸ਼ੀ ਵਿੱਚ ਸ਼ਾਹੀ ਪਰਵਾਰ ਨੂੰ ਅਲਵਿਦਾ ਕਹਿ ਚੁੱਕੇ ਪ੍ਰਿੰਸ ਹੈਰੀ ਜੋ ਇਸ ਵਕਤ ਅਮਰੀਕਾ 'ਚ ਰਹਿ ਰਹੇ ਹਨ ਵੀ ਸ਼ਾਮਲ ਹੋਣਗੇ ਪਰ ਉਨ੍ਹਾਂ ਦੀ ਪਤਨੀ ਪਤਨੀ ਮੇਗਨ ਇਨ੍ਹਾਂ ਸ਼ਾਹੀ ਸਮਾਗਮਾਂ ਤੋਂ ਦੂਰ ਰਹੇਗੀ

## ਕੈਨੇਡਾ ਅਤੇ ਅਮਰੀਕਾ ਵਿੱਚ ਚਲਾਏ ਸਾਂਝੇ ਆਪ੍ਰੇਸ਼ਨ ਵਿੱਚ ਟੋਰਾਂਟੋ ਪੁਲਿਸ ਨੇ 173 ਹਥਿਆਰਾਂ ਸਮੇਤ 42 ਜਣਿਆਂ ਨੂੰ ਕੀਤਾ ਗ੍ਰਿਫ਼ਤਾਰ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਟਰੰਟੋ ਪੁਲੀਸ ਦੇ ਹੱਥ ਇੱਕ ਵੱਡੀ ਕਾਮਯਾਬੀ ਲੱਗੀ ਹੈ ਜਿਸ ਵਿੱਚ 42 ਲੋਕਾਂ ਨੂੰ 173 ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ ਟਰੰਟੋ ਪੁਲੀਸ ਨੇ ਦੱਸਿਆ ਕਿ ਇਹ ਕਾਮਯਾਬੀ ਕੈਨੇਡਾ ਅਤੇ ਅਮਰੀਕਾ ਦੋਹੇਂ ਪਾਸੇ ਚਲਾਏ ਗਏ ਅਪਰੇਸ਼ਨ ਤਹਿਤ ਕੀਤੀ ਗਈ ਜਾਂਚ ਤੋਂ ਬਾਅਦ ਮਿਲੀ ਹੈ । ਇਹ ਜਾਂਚ ਇੱਕ ਸਾਲ ਦੇ ਲਗਭਗ ਚੱਲੀ ਅਤੇ ਫੜੇ ਗਏ ਹਥਿਆਰਾਂ 'ਚੋ 86 ਹਥਿਆਰ ਗ੍ਰੇਟਰ ਟੋਰਾਂਟੋ ਏਰੀਆ ਚੋਂ ਅਤੇ 87 ਹਥਿਆਰ ਅਮਰੀਕਾ ਵਾਲੇ ਪਾਸਿ-ਂ ਬਰਾਮਦ ਕੀਤੇ ਗਏ ਹਨ। ਹਥਿਆਰਾਂ ਤੋਂ ਇਲਾਵਾ ਪੁਲਿਸ ਨੇ ਲੱਖਾਂ ਡਾਲਰਾਂ ਦੀਆਂ ਡਰਗਜ਼ ਅਤੇ 1 ਲੱਖ 84 ਹਜ਼ਾਰ ਡਾਲਰ ਕੈਸ਼ ਬਰਾਮਦ ਕੀਤੇ ਹਨ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਉੱਪਰ 400 ਚਾਰਜਿਜ਼ ਲਗਾਏ ਗਏ ਹਨ।

### ਕਨੇਡੀਅਨ ਖੁੰਡ ਚਰਚਾ

## ਖੈਰ ਵਿਚਾਰ ਕਰਨਾ ਅਤੇ ਰੱਖਣਾ ਸਾਡਾ ਬੁਨਿਆਦੀ ਹੱਕ ਹੈ



ਅਸ਼ੀਸ਼ ਨਰੂਲਾ
1 204 890 5040

- ਹਾਲ ਹੀ ਵਿੱਚ ਕੇਂਦਰ ਦੀ ਸਰਕਾਰ ਵੱਲੋਂ ਪ੍ਰੇਸ ਕੀਤੇ ਬਜਟ ਬਾਰੇ ਪਾਠਕਾਂ ਦਾ ਕੀ ਵਿਚਾਰ ਹੈ ? ਗੱਲ ਵਿਚਾਰ ਕਰਨਾ ਜੇਕਰ ਚਲਵੀਂ ਜਿਹੀ ਝਾਤ ਮਾਰੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਸਿਰਫ ਤੇ ਸਿਰਫ ਇਹ ਬਜਟ ਲਿਬਰਲਾਂ ਦੀ ਪੋਲਿਟੀਕਲ ਅਪਰੋਚ ਹੀ ਜਾਪਦੀ ਹੈ । ਜਿਸ ਵਿੱਚ ਮਿਡਲ ਕਲਾਸ ਲਈ ਕੁੱਝ ਵੀ ਨਹੀਂ ਰੱਖਿਆ ਗਿਆ । ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਸਰਕਾਰ ਨੂੰ ਫੌੜੀਆ ਦਾ ਸਹਾਰਾ ਹੈ ਭਾਵ ਕਿ ਘੱਟ ਗਿਣਤੀ ਦੀ ਸਰਕਾਰ ਹੈ , ਇਹ ਵੀ ਇੱਕ ਵਜ੍ਹਾ ਹੋ ਸਕਦੀ ਹੈ , ਇੰਝ ਜਾਪਦਾ ਹੈ ਸਰਕਾਰ ਦੀ ਸਹਿਯੋਗੀ ਪਾਰਟੀ ਨੇ ਜਿੰਨੀਆਂ ਕੁ ਗਿਣਤੀ ਦੀਆਂ ਸੀਟਾਂ ਜਿੱਤੀਆ ਹਨ ਉਸਦਾ ਮੁੱਲ ਪੂਰਾ ਕਰਨ ਲਈ ਜਾਂ ਫਿਰ ਜੋ ਚੋਣ ਵਾਅਦੇ ਲੋਕਾਂ ਨਾਲ ਕੀਤੇ ਸਨ ਉਹਨਾਂ ਨੂੰ ਸਿਰੇ ਲਾਉਣ ਲਈ ਉਹਨਾ ਕੋਲ ਸਿਰਫ ਇਹੀ ਮੌਕਾ ਸੀ ਅਤੇ ਅਗਲੇਰੀ ਚੋਣ ਵਿੱਚ ਓਹਨਾਂ ਨੂੰ ਵੀ ਲੋਕਾਂ ਵਿੱਚ ਖੜਨ ਦਾ ਮੌਕਾ ਮਿਲੇ ਅਤੇ ਉਹ ਵੀ ਕਹਿ ਸਕਣ ਜੋ ਲੰਘੀਆ ਚੋਣਾ ਦੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ ਉਹ ਪੂਰਾ ਕੀਤਾ ਅਤੇ ਅੱਗੇ ਤੋਂ ਵੀ ਹੋਰ ਕਰਾਂਗੇ । ਜਦੋਂ ਸਾਡੀ ਬਹੁਮਤ ਦੀ ਸਰਕਾਰ ਆਈ। ਮੌਜੂਦਾ ਸਰਕਾਰ ਸ਼ਾਇਦ ਨੇ ਇਹ ਸੋਚਿਆ ਹੋਵੇ ਕਿ ਇਹ ਸਾਲ ਕੱਢ ਲਈਏ ਅਗਲੇ ਸਾਲ ਵੋਟਾਂ ਤੋਂ ਪਹਿਲਾਂ ਦੇਖਾਂਗੇ ਕਿ ਕੀ ਬਣੇਗਾ ? ਜਾਂ ਫਿਰ ਉਦੋਂ ਤੱਕ ਸਮਾਂ ਵੀ ਮਿਲ ਜਾਊ ਸਰਕਾਰੀ ਖਰਚੇ ਤੇ ਝੂਟੇ ਲੈਣ ਦਾ ਮੰਤਰੀਆ ਸੰਤਰੀਆ ਨੂੰ। ਆਮ ਲੋਕਾਂ ਨੂੰ ਨਾ ਤਾਂ ਮਹਿੰਗਾਈ ਤੋਂ ਰਾਹਤ ਮਿਲਦੀ ਨਜ਼ਰ ਆ ਰਹੀ ਹੈ ਅਤੇ ਨਾ ਹੀ ਬੈਂਕਾਂ ਦੇ ਵਧਦੇ ਵਿਆਜ ਤੋਂ । ਜਿਹਨਾਂ ਨਵੇਂ ਆਏ ਇੰਮੀਗਰਾਂਟਸ ਜਾਂ ਫਿਰ ਵਿਦਿਆਰਥੀ ਭਾਈਚਾਰੇ ਨੇ ਅਜੇ ਪੈਰ ਲਗਾਉਣੇ ਹਨ ਉਹਨਾਂ ਦੇ ਕੀ ਹਾਲਾਤ ਹੋਣਗੇ? ਮੌਜੂਦਾ ਹਾਲਤ ਨੂੰ ਦੇਖ ਕੇ ਡਰ ਲੱਗਦਾ ਹੈ। ਸ਼ਾਇਦ ਇਸੇ ਕਰਕੇ ਰੀਅਲ ਅਸਟੇਟ ਵਿੱਚ ਵਿੱਚ ਇੱਕ ਅਜੀਬ ਤਰਾਂ ਦਾ ਬਦਲਾਵ ਦੇਖਣ ਨੂੰ ਮਿਲ ਰਿਹਾ ਹੈ । ਛੋਟੇ ਘਰ ਭਾਵ ਕਿ ਕੌਂਡੋ, ਡਿਊਪਲੈਕਸ ਜਾਂ ਫੋਰਪਲੈਕਸ ਘਰਾਂ ਦੀ ਕੰਸਟਰਕਸ਼ਨ ਅਤੇ ਵਿਕਰੀ ਵਿੱਚ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ । ਖਰੀਦਣ ਵਾਲਾ ਸੋਚਦਾ ਹੋਵੇਗਾ ਕਿ ਮੌਜੂਦਾ ਹਾਲਾਤ ਬਹੁਤ ਮਾੜੇ ਹਨ, ਸ਼ਾਇਦ ਕਦੇ ਛੋਟਾ ਘਰ ਵੀ ਨਸੀਬ ਨਾ ਹੋਵੇ । ਨਾਲ ਲੱਗਦੇ ਹੀ ਗਰੋਸਰੀ ਦੀ ਜੇਕਰ ਗੱਲ ਕਰੀਏ ਤਾਂ ਪਿਛਲੇ ਮਹੀਨੇ ਸਰਕਾਰ ਨੇ ਕਨੇਡਾ ਦੇ ਵਿਸ਼ਾਲ ਕਰਿਆਨੇ ਦੇ ਸੌਦਾਗਰਾਂ ਨੂੰ ਬੁਲਾ ਕੇ ਪੁੱਛਿਆ ਕਿ ਪਿਛਲੇ ਦੋ ਤਿੰਨ ਸਾਲਾਂ (ਜਦੋ ਤੋ ਕੋਵਿਡ ਮਹਾਂਮਾਰੀ ਦੀ ਮਾਰ ਪਈ ਹੈ ) ਤੁਹਾਡੇ ਲਾਭ ਵਿੱਚ ਬੇਤਹਾਸ਼ਾ ਵਾਧਾ ਦਰਜ ਕੀਤਾ ਗਿਆ ਹੈ ਤਾਂ ਇੰਝ ਜਾਪਦਾ ਸੀ ਜਿਵੇਂ ਸਰਕਾਰਾਂ ਨੇ ਗੋਂਗਲੂਆ ਤੋਂ ਮਿੱਟੀ ਝਾੜੀ ਹੋਵੇ ਅਤੇ ਲੋਕਾਂ ਦੇ ਅੱਖੀ ਘੱਟਾ ਪਾ ਦਿੱਤਾ ਕਿ ਸਰਕਾਰ ਮਹਿੰਗਾਈ ਨੂੰ ਰੋਕਣ ਲਈ ਤੱਤਪਰ ਹੈ । ਇੱਕ ਨਵੀਂ ਖਬਰ ਹੋਰ ਆਈ ਹੈ ਕਿ ਸਰਕਾਰ ਨੇ ਕਰਿਆਨੇ ਦੇ ਸੌਦਾਗਰਾਂ ਨੂੰ ਹੋਰ ਮੁਅਵਾਜਾ ਜਾਰੀ ਕੀਤਾ ਹੈ । ਪਰ ਜੇਕਰ ਵਿਚਾਰ ਕਰੀਏ ਤਾਂ ਕੀ ਇਹ ਸੰਭਵ ਨਹੀ ਕਿ ਸਰਕਾਰਾਂ ਜੇਕਰ ਚਾਹੁਣ ਤਾਂ ਕੀ ਨਹੀਂ ਕਰ ਸਕਦੀਆ ਨਾ ਕਿ ਕੇਂਦਰ ਸਰਕਾਰ ਵੱਲੋ ਆਈ ਛੋਟੀ ਜਿਹੀ ਗਰਾਂਟ ਜੋ ਕਿ ਨਵੇਂ ਬਜਟ ਵਿੱਚ ਨਸ਼ਰ ਕੀਤੀ ਹੈ। ਜਿਸ ਦੀ ਯੋਗਤਾ ਕਿਸੇ ਖਾਸ ਵਰਗ ਲਈ ਹੀ ਹੈ , ਕੀ ਇਹ ਦਿੱਤੀ ਜਾਣੀ ਚਾਹੀਦੀ ਸੀ? ਜਾਂ ਫਿਰ ਮਹਿੰਗਾਈ ਨੂੰ ਕੰਟਰੋਲ ਕਰਨ ਵਿੱਚ ਕੋਈ ਠੋਸ ਕਦਮ ਚੁੱਕਣੇ ਚਾਹੀਦੇ ਸਨ, ਜਿਸਦਾ ਲਾਭ ਹਰ ਉਸ ਕਨੇਡੀਅਨ ਬਸ਼ਿੰਦੇ ਨੂੰ ਹੁੰਦਾ ਜੋ ਕਿ ਮਹਿੰਗਾਈ ਦੀ ਮਾਰ ਝੱਲ ਰਿਹਾ ਹੈ । ਚਲੋ ਖੈਰ ਵਿਚਾਰ ਕਰਨਾ ਅਤੇ ਰੱਖਣਾ ਸਾਡਾ ਬੁਨਿਆਦੀ ਹੱਕ ਹੈ ,ਜਾਂ ਅਸੀ ਆਪਣੇ ਲੀਡਰ ਸਿਰਫ ਫੋਟੋਆਂ ਖਿਚਾਉਣ ਨੂੰ ਹੀ ਚੁਣ ਕੇ ਪਾਰਲੀਮੈਂਟ ਵਿੱਚ ਭੇਜੇ ਹਨ । ਬੱਸ ਏਦਾ ਜਾਪਦਾ ਹੈ ਹਰ ਕੋਈ ਆਪਣਾ ਵੱਤਰ ਹੀ ਵਾਹੁੰਦਾ ਹੈ। ਲੋਕਾਂ ਦੇ ਹੱਕਾਂ ਦੀ ਰਾਖੀ ਤਾਂ ਸ਼ਾਇਦ ਲੋਕ ਵੀ ਚੰਗੀ ਤਰਾਂ ਨਹੀਂ ਜਾਣਦੇ ਬੱਸ ਸਿਰ ਸਿਟ ਕੇ ਕੋਹਲੂ ਦੇ ਬਲਦ ਦੀ ਤਰਾਂ ਲੱਗੇ ਹੋਏ ਹਨ ਅਤੇ ਉਲਝੇ ਹੋਏ ਹਨ ਆਪਣੀ ਤੰਦ ਤਾਣੀ ਵਿੱਚ । ਜਿਆਦਾਤਰ ਲੋਕ ਸਿਰਫ ਦਿਨ ਰਾਤ ਆਪਣੇ ਪੰਜ ਪਾਜੇਂ ਪੂਰੇ ਕਰਨ ਵਿੱਚ ਉਲਝੇ ਹੋਏ ਹਨ।ਰੀਸੋ ਰੀਸ ਦਿਖਾਵੇ ਦੀ ਦੌੜ ਵਧਦੀ ਜਾ ਰਹੀ ਹੈ ।

ਰੱਬ ਰਾਖਾ

## ਅਰਪਨ ਲਿਖਾਰੀ ਸਭਾ ਦੀ ਮਿਲਣੀ ਦੌਰਾਨ 'ਕਰਤਾਰਾ ਪਿੰਡੋਂ ਆਇਆ' ਦੀ ਗੱਲ ਛਿੜੀ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 8 ਅਪ੍ਰੈਲ ਨੂੰ ਡਾ.ਜੋਗਾ ਸਿੰਘ ਸਹੋਤਾ, ਹਰਦਿਆਲ ਸਿੰਘ ਦਿਓ ਅਤੇ ਬੱਚੀ ਲਵਪ੍ਰੀਤ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਹੋਈ। ਸਕੱਤਰ ਜਰਨੈਲ ਸਿੰਘ ਤੱਗੜ ਨੇ ਵਿਸਾਖੀ ਦਿਵਸ ਦੀ ਸਾਡੇ ਸੱਭਿਆਚਾਰ ਅਤੇ ਆਰਥਿਕ ਮਹੱਤਤਾ ਦੱਸਦਿਆਂ ਵਧਾਈ ਦਿੱਤੀ।

ਜਗਦੇਵ ਸਿੰਘ ਸਿੱਧੂ ਨੇ ਜੱਲਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਅੰਗਰੇਜ਼ੀ ਹਕੂਮਤ ਦੀਆਂ ਵਧੀਕੀਆਂ ਅਤੇ ਜ਼ੁਲਮਾਂ ਦਾ ਚਿੱਠਾ ਵਿਸਥਾਰ ਨਾਲ ਰੱਖਿਆ। ਨਾਲ ਹੀ ਉਨ੍ਹਾਂ ਨੇ ਪੰਜਾਬੀਆਂ ਦੇ ਹਰ ਜਬਰ ਜ਼ੁਲਮ ਦੇ ਖ਼ਿਲਾਫ਼ ਲੜਨ-ਖੜ੍ਹਨ ਦੀ ਗੱਲ ਵੀ ਜੋਰਦਾਰ ਸ਼ਬਦਾਂ ਵਿੱਚ ਆਖੀ। ਸਤਨਾਮ ਸਿੰਘ ਢਾਅ ਨੇ ਬੱਚੀ ਲਵਪ੍ਰੀਤ ਕੌਰ ਦਿਓ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਚਾਨਣਾ ਪਇਆ ਨਾਲ ਉਨ੍ਹਾਂ ਆਖਿਆ ਕਿ ਸਾਡੇ ਭਾਈਚਾਰੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਲਵਪ੍ਰੀਤ ਕੈਨੇਡਾ ਭਰ ਵਿੱਚੋਂ ਟੌਪ 25 ਇਸਤ੍ਰੀਆਂ ਜਿਨ੍ਹਾਂ ਨੇ ਵੱਖ ਵੱਖ ਖੇਤਰਾਂ ਵਿੱਚ ਵਿਲੱਖਣ ਪ੍ਰਪਤੀਆਂ ਕੀਤੀ ਹਨ, ਉਨ੍ਹਾਂ ਵਿੱਚੋਂ ਇੱਕ ਹੈ, ਜਿਸ ਨੇ ਸਰੀਰਕ ਕਮਜ਼ੋਰੀ ਹੋਣ ਦੇ ਬਾਵਜੂਦ ਇੱਕ ਐਥਲੀਟ ਵੱਜੋਂ ਏਨੀਆਂ ਪਾ੍ਪਤੀਆਂ ਕੀਤੀਆ ਹਨ। ਮੈਂ ਆਪਣੇ ਵੱਲੋਂ ਅਤੇ ਅਪਣੀ ਸਭਾ ਵੱਲੋਂ ਲਵਪ੍ਰੀਤ ਅਤੇ ਉਸ ਦੇ ਮਾਤਾ ਪਿਤਾ ਅਤੇ ਸਾਰੇ ਪਰਿਵਾਰ ਨੂੰ ਇਸ ਮੌਕੇ ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ। ਉਪਰੰਤ ਅਰਪਨ ਲਿਖਾਰੀ ਸਭਾ ਵੱਲੋਂ ਲਵਪ੍ਰੀਤ ਨੂੰ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਇਕਬਾਲ ਖ਼ਾਨ ਕਾਲੀਰਾਏ ਨੇ ਲਵਪ੍ਰੀਤ ਅਤੇ ਦਿਓ ਪਰਿਵਾਰ ਨੂੰ ਵਧਾਈ ਦਿੱਤੀ ਤੇ ਕਿਹਾ ਸਾਨੂੰ ਲਵਪ੍ਰੀਤ ਤੇ ਹਮੇਸ਼ਾਂ ਮਾਣ ਰਹੇਗਾ।ਨਾਲ ਹੀ ਖ਼ਾਨ ਨੇ ਲਾਲ ਸਿੰਘ ਦਿਲ ਦੀ ਇੱਕ ਕਵਿਤਾ 'ਸ਼ਾਮ ਦਾ ਰੰਗ ਫੇਰ ਪੁਰਾਣਾ ਹੈ' ਪੇਸ਼ ਕੀਤੀ।

ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਬੇਰੁਜ਼ਗਾਰ ਟੀਚਰਾਂ ਦੇ ਹੱਕ ਵਿੱਚ ਯੂਨੀਅਨ ਦੇ ਪ੍ਰਧਾਨ ਤਰਲੋਚਨ ਸਿੰਘ ਰਾਣਾ ਨਾਲ ਜੇਲ੍ਹ ਗਿਆਂ ਦੀਆਂ ਕੁੱਝ ਯਾਦਾਂ ਸਾਂਝੀਆਂ ਕੀਤੀਆਂ।ਇੱਕ ਗੀਤ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਕੀਤਾ। ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ 84 ਦੇ ਦਿੱਲੀ ਕਤਲੇਆਮ ਦੀ ਦਾਸਤਾਨ ਨੂੰ ਵਿਲਖਣ ਪੇਸ਼ਕਾਰੀ ਨਾਲ ਕਰਕੇ ਭਾਰਤੀ ਸਰਕਾਰੀ ਜ਼ੁਲਮ ਦੀ ਕੋਝੀ ਤਸਵੀਰ ਪੇਸ਼ ਕੀਤੀ। ਸੁਰਿੰਦਰ ਢਿੱਲੋਂ ਨੇ ਡਿਸਏਬਲ ਸ਼ਬਦ ਤੇ ਇਤਰਾਜ਼ ਕਰਦਿਆਂ ਸੁਝਾ ਦਿੱਤਾ ਕਿ ਇਸ ਸ਼ਬਦ ਦੀ ਥਾਂ ਸਪੈਸ਼ਲਏਬਲ ਜਾਂ ਕੋਈ ਹੋਰ ਸ਼ਬਦ ਜੋ ਉਨ੍ਹਾਂ ਲੋਕਾਂ ਨੂੰ ਪੌਜੇਟਿਬਟੀ ਦੇਵੇ ਉਸ ਦੀ ਵਰਤੋ ਕਰਨੀ ਚਾਹੀਦੀ ਹੈ।ਨਾਲ ਹੀ ਸਾਡੇ ਭਾਈਚਾਰੇ ਵਿੱਚ ਲੜਕੀ ਨਾਲੋਂ ਲੜਕੇ ਦੀ ਚਾਹਿਤ ਤੇ ਵੀ ਆਪਣੇ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਅੱਜ ਭਾਵੇਂ ਕਾਫ਼ੀ ਲੋਕ ਆਪਣੀ ਵਿਚਾਰਧਾਰਾ ਬਦਲ ਵੀ ਰਹੇ ਹਨ ਪਰ ਪੁਰਾਣੇ ਲੋਕਾਂ ਦੇ ਵਿਚਾਰਾਂ ਨੂੰ ਬਦਲਣ ਦੀ ਕਾਫ਼ੀ ਲੋੜ ਹੈ।

ਡਾ. ਮਨਮੋਹਣ ਸਿੰਘ ਬਾਠ ਨੇ ਫ਼ਿਲਮੀ ਗੀਤ ਅਤੇ ਸਰਬਜੀਤ ਉੱਪਲ ਨੇ 'ਕਰਤਾਰਾ ਪਿੰਡੋਂ ਆਇਆ'ਨਾਂ ਦੀ ਕਵਿਤਾ ਸੁਣਾ ਕੇ ਇੱਕ ਵਾਰ ਸਰੋਤਿਆਂ ਨੂੰ ਪੰਜਾਬ ਦੇ ਅੱਜ ਹਾਲਾਤ ਦੀ ਤਸਵੀਰ ਪੇਸ਼ ਕਰਕੇ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਅੱਜ ਤੋਂ ਚਾਲ਼ੀ ਪੰਜਾਹ ਸਾਲ ਪਹਿਲਾਂ ਵਾਲਾ ਪੰਜਾਬ ਤਾਂ ਸੁਪਨਾ ਹੀ ਹੋ ਗਿਆ ਹੈ। ਡਾ. ਜੋਗਾ ਸਿੰਘ ਨੇ ਦੋ ਗੀਤ ਕੈਸ਼ੀਓ ਤੇ ਪੇਸ਼ਕਾਰੀ ਕਰਕੇ ਸੰਗੀਤਕ ਕਲਾ ਦਾ ਜਾਦੂ ਸਰੋਤਿਆਂ ਤੇ ਧੂੜ ਦਿੱਤਾ।

ਹਰਦਿਆਲ ਸਿੰਘ ਦਿਓ ਨੇ ਅਰਪਨ ਲਿਖਾਰੀ ਸਭਾ ਦਾ ਧੰਨਵਾਦ ਕਰਦਿਆਂ, ਆਪਣੀ ਬੱਚੀ ਦੀਆਂ ਮਾਣ ਯੋਗ ਪ੍ਰਪਤੀਆਂ ਤੇ ਮਾਣ ਕਰਦਿਆਂ ਆਖਿਆ ਕਿ ਸਾਡੀ ਬੱਚੀ ਨੇ ਸਾਡੇ ਭਾਈਚਾਰੇ ਦੇ ਨਾਲ ਸਾਡਾ ਨਾਂ ਵੀ ਰੋਸ਼ਨ ਕੀਤਾ ਹੈ। ਸਾਨੂੰ ਹਮੇਸ਼ਾ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਜੇਕਰ ਸਾਡਾ ਕੋਈ ਬੱਚਾ ਕਿਸੇ ਗੱਲੋਂ ਕਮਜ਼ੋਰ ਹੋਵੇ, ਉਸ ਨੂੰ ਹਮੇਸ਼ਾ ਉਤਸ਼ਾਹਿਤ ਕਰੋ ਤੁਹਾਡੇ ਦਿੱਤੇ ਹੌਸਲੇ ਨਾਲ ਉਹ ਹਮੇਸ਼ਾ ਅੱਗੇ ਵਧਦਾ ਰਹੇਗਾ/ਰਹੇਗੀ ਕਦੇ ਵੀ ਢੈਹਿੰਦੀ ਕਲਾ ਦੀ ਗੱਲ ਨਾ ਕਰੋ ਉਨ੍ਹਾਂ ਨੇ ਸਾਂਝੇ ਪਰਿਵਾਰ ਦੀ ਮਹਿਮਾਂ ਵੀ ਦੱਸੀ ਕਿ ਕਿਵੇਂ ਦੁੱਖ ਸੁੱਖ ਵਿੱਚ ਸਾਥ ਦਿੱਤਾ ਜਾਂਦਾ ਹੈ।

ਜਸਵੀਰ ਸਿਹੋਤਾ ਨੇ ਆਪਣੇ ਲਿਖੇ ਕੁੱਝ ਦੋਹੇ ਪੇਸ਼ ਕੀਤੇ।ਕੁਲਦੀਪ ਕੌਰ ਘਟੌੜਾ ਨੇ ਵਿਸਾਖੀ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਨ੍ਹਾਂ ਤੋਂ ਇਲਾਵਾ ਪੈਰੀ ਮਾਹਲ,ਅਵਤਾਰ ਕੌਰ ਤੱਗੜ, ਸੁਖਦੇਵ ਕੌਰ ਢਾਅ, ਸੁਰਿੰਦਰ ਕੌਰ,ਮਹਿੰਦਰ ਕੌਰ ਕਾਲੀਰਾਏ, ਜਗਤਾਰ ਸਿੰਘ ਸਿੱਧੂ, ਬਲਜੀਤ ਸਿੰਘ ਸੰਧੂ ਅਤੇ ਗੁਰਦੀਪ ਗਹੀਰ ਨੇ ਵੀ ਇਸ ਇਕੱਤਰਤਾ ਵਿੱਚ ਅਪਣਾ ਭਰਪੂਰ ਯੋਗਦਾਨ ਪਾਇਆ।ਸਟੇਜ ਦੀ ਕਾਰਵਾਈ ਨਿਭਾਉਂਦਿਆ ਸਰੋਤਿਆਂ ਨੂੰ ਸਕੱਤਰ ਜਰਨੈਲ ਸਿੰਘ ਤੱਗੜ ਨੇ ਚੁੰਬਕ ਵਾਂਗ ਆਪਣੇ ਨਾਲ ਜੋੜੀ ਰੱਖਿਆ।












# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 20 ਸਾਲ,ਕੱਦ 5 ਫੁੱਟ 11 ਇੰਚ, ਬਾਰਵੀਂ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ,ਸਟੂਡੈਂਟ,ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੋਈ ਜਾਤੀ ਬੰਧਨ ਨਹੀਂ। ਵਿਆਹ ਜਲਦੀ। ਸੰਪਰਕ: 1 204 295 0178 ***219***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਢਿੱਲੋਂ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਲਈ, ਉਮਰ 29 ਸਾਲ, ਕੱਦ 6 ਫੁੱਟ,ਸਿਵਲ ਡਿਪਲੋਮਾਂ ਹੋਲਡਰ,ਜੌਬ ਇੰਸੋਰੈਂਸ ਐਡਵਾਈਜ਼ਰ ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਬਠਿੰਡੇ ਸਹਿਰ ਤੋਂ ਸ਼ਹਿਰੀ ਅਤੇ ਪੇਂਡੂ ਜਮੀਨ ਜਾਇਦਾਦ ਦਾ ਮਾਲਕ ਹੈ । ਲੜਕਾ ਅਤੇ ਉਸਦਾ ਪਰਿਵਾਰ ਪਿਛਲੇ 15 ਸਾਲਾਂ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 204 880 2867 ***223***

## ਲੜਕੀ ਦੀ ਲੋੜ

ਲੁਬਾਣਾ ਸਿੱਖ ਪਰਿਵਾਰ ਦੇ ਅਮਰੀਕਨ ਗਰੀਨ ਕਾਰਡ ਹੋਲਡਰ ਲੜਕੇ ,ਕੱਦ 5 ਫੁੱਟ 9 ਇੰਚ,ਉਮਰ 33 ਸਾਲ,ਵਿਦਿਅਕ ਯੋਗਤਾ ਪਲੱਸ 2,ਆਪਣਾ ਟਰੱਕਿੰਗ ਦਾ ਬਿਜਨਿਸ ਕਰਦੇ ਲਈ ਕਨੇਡਾ ਜਾਂ ਯੂ ਐਸ ਏ ਤੋਂ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੀ ਲੜਕੀ ਭਾਵੇਂ ਸਟੂਡੈਂਟ ਵੀਜੇ ਵਾਲੀ ਹੀ ਹੋਵੇ ਲੜਕਾ ਇੱਥੇ ਆਕੇ ਵੀ ਵਿਆਹ ਕਰਵਾ ਸਕਦਾ ਹੈ। ਸੰਪਰਕ : ਯੂ ਐਸ ਏ 0018184515927 ਜਾਂ ਈ ਮੇਲ : karmbadesha82@gmail.com ***219***

## ਲੜਕੀ ਦੀ ਲੋੜ

Khatri divorcee, issulessboy,37 Year, 5 ft 7 inch, BA, **Owen IELTS Academy,** All Family Canada Settled, early simple marriage, Cast no bar.

Call: 1 431 337 3224 **223***

## ਲੜਕੀ ਦੀ ਲੋੜ

ਕੈਨੇਡਾ ਵਿਜਟਰ ਵੀਜੇ ਉੱਪਰ ਆਏ ਰਾਮਗੜੀਆ ਵਿਰਕ ਪਰਿਵਾਰ ਦੇ ਲੜਕੇ ਉਮਰ 42 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਬੀ ਏ, ਲਈ ਹਾਣ ਪ੍ਰਵਾਣ ਦੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸਦੀ ਪੀ ਆਰ ਲਈ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਯੂ ਐਸ ਏ ਰਹਿੰਦਾ ਹੈ ਪਰ ਲੜਕਾ ਨਾਨਕਾ ਪਰਿਵਾਰ ਕੋਲ ਕਨੇਡਾ ਆਇਆ ਹੋਇਆ ਹੈ। ਜਮੀਨ ਖੇਤੀ ਅਤੇ ਘਰ ਪਟਿਆਲਾ ਦੋਵੇਂ ਜਗਾਹ ਹਨ। ਸੰਪਰਕ: 403 618 5464 ਜਾਂ 403 629 7162 ***223***

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 4 ਇੰਚ, ਲਈ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 639 382 0872 ***223***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਕਲੇਰ ਪਰਿਵਾਰ ਦੀ ਸੋਹਣੀ ਸੁਨੱਖੀ,ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਮੈਡੀਕਲ ਆਫਿਸ ਐਡਮਨਿਸਟ੍ਰੇਸ਼ਨ ਦੀ ਵਿਦਿਅਕ ਯੋਗਤਾ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਮਾਰਗੇਜ ਬਰੋਕਰੇਜ ਦਾ ਲਾਇਸੈਂਸ ਵੀ ਹੈ। ਸੰਪਰਕ: 1 780 903 5524 ***221***

## ਲੜਕੀ ਦੀ ਲੋੜ

ਵਿਜਿਟਰ ਵੀਜੇ ਉੱਪਰ ਕਨੇਡਾ ਰਹਿੰਦੇ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 30 ਸਾਲ, ਵਿਦਿਅਕ ਯੋਗਤਾ ਬੀ ਏ, ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੀ ਪਤਨੀ ਦੀ ਕਨੇਡਾ ਵਿੱਚ ਸੜਕ ਦੁਰਘਟਨਾ ਵਿੱਚ ਮੌਤ ਹੋ ਚੁੱਕੀ ਹੈ। ਇੱਕ 5 ਸਾਲ ਦੀ ਬੱਚੀ ਵੀ ਹੈ। ਸੰਪਰਕ: 1 647 244 4131 ***221***

## ਲੜਕੇ ਦੀ ਲੋੜ

Canadian citizen Jatt Sikh 29 year old, 5ft 6inches tall girl employed with Alberta's largest healthcare employer, working through her LPN to RN bridging program and also preparing for Canadian Medical school Entrance to pursue medicine; looking for at least 6ft tall, well educated, cultured groom who is either a Doctor, Engineer, Smart businessman or a Lawyer. Preference will be given to Edmonton and Calgary area. Substance abusers refrain from contacting. Contact: 1 780 707 1280 ***221***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੇ ਕੈਲਗਰੀ ਰਹਿੰਦੇ ਸੋਹਣੇ ਸੁਨੱਖੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਐਜੂਕੇਸ਼ਨ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 404 6602 ***221***

## ਲੜਕੇ ਦੀ ਲੋੜ

DOB-1980 Education- M.A ( English literature), M. A ( sociology, Gold medalist, PU, Chandigarh), B. Ed., M.Ed., Phd ( Education), UGC NET ( Education), UGC NET ( Sociology) Experience- 15 years of teaching Experience .At Canada, since October 2021.Caste No Bar."Keen to settle abroad, preferably , Ontario, Canada. Phone: 0091 94171 78487 **220**

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਕਨੇਡਾ ਦੇ ਹੀ ਜੰਮਪਲ, ਉਮਰ 39 ਸਾਲ, ਕੱਦ 5 ਫੁੱਟ 9 ਇੰਚ, ,ਫਾਇਨਾਂਸ ਦੀ ਬਿਜਨਿਸ ਡਿਗਰੀ ਹੋਲਡਰ ਅਤੇ ਹੁਣ ਸੀ ਆਰ ਏ ਨਾਲ ਐਡੀਟਰ ਦੀ ਜੌਬ ਕਰਦੇ ਲੜਕੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਜੱਟ ਸਿੱਖ ਪਰਿਵਾਰ ਦੀ ਕਨੇਡੀਅਨ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਰੀਅਲ ਅਸਟੇਟ ਅਤੇ ਹੋਰ ਸਥਾਪਿਤ ਬਿਜਨਸਾਂ ਦਾ ਵੀ ਮਾਲਿਕ ਹੈ। ਸੰਪਰਕ: 403 681 0557 ***220***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜ੍ਹੀਏ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ 31 ਸਾਲਾ ਪਗੜੀਧਾਰੀ ਤੇ 6 ਫੁੱਟ ਲੰਮੇ , ਚੰਡੀਗੜ੍ਹ ਵਿੱਚ ਜੰਮੇ ਪਲੇਅ ਲੜਕੇ ਲਈ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ,ਚੰਗੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਇਸ ਵੇਲੇ ਸੀ ਐਨ ਰੇਲ ਚ ਚੰਗੀ ਜੋਬ ਕਰ ਰਿਹਾ ਹੈ। ਲੜਕੀ ਮੈਨੀਟੋਬਾ ਜਾਂ ਅਲਬਰਟਾ ਤੋਂ ਜਾਂ ਉਥੇ ਤਬਦੀਲ ਹੋਣ ਲਈ ਰਾਜ਼ੀ ਹੋਵੇ।ਰਿਸ਼ਤੇ ਸਬੰਧੀ ਆਪਣਾ ਬਾਇਓਡਾਟਾ ਇਸ ਫੋਨ ਨੰਬਰ 1 587 969 6363 ਉੱਪਰ ਵਟਸਐਪ ਕਰ ਸਕਦੇ ਹੋ। ***220***

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ 33 ਸਾਲਾ ਸਿੱਖ ਰਾਮਗੜ੍ਹੀਆ 5'-7" ਲੰਮੀ ਚੰਡੀਗੜ ਵਿੱਚ ਜੰਮੀ-ਪਲੀ ਆਈਟੀ ਪਰੋਫੈਸ਼ਨਲ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ ਤੇ ਅਲਬਰਟਾ/ਮੈਨੀਟੋਬਾ ਦੇ ਆਲੇ-ਦੁਆਲੇ ਤੋ ਲੰਮੇ ਕੱਦ ਵਾਲੇ ਲੜਕੇ ਦੀ ਲੋੜ ਹੈ।ਪੁੱਛਗਿੱਛ ਅਤੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬਾਇਓਡਾਟਾ ਅਤੇ ਹਾਲੀਆ ਤਸਵੀਰਾਂ ਵੱਟਸ ਐਪ ਤੇ ਭੇਜ ਸਕਦੇ ਹੋ !+1 587-969-6363 WhatsApp

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਕਨੇਡਾ ਆਏ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਪਲੱਸ ਟੂ ਲੜਕੇ ਲਈ ਕਨੇਡਾ ਤੋਂ ਹੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਕੋਲ ਲੁਧਿਆਣਾ ਜਿਲੇ ਵਿੱਚ 5 ਏਕੜ ਸਹਿਰੀ ਜਾਇਦਾਦ ਹੈ। ਲੜਕੇ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਇਸ ਵੇਲੇ ਪਰਿਵਾਰ ਵਿੱਚ ਲੜਕਾ ਅਤੇ ਉਸਦੀ ਮਾਤਾ ਜੀ ਹੀ ਹਨ। ਸੰਪਰਕ :403 401 5308 ***220***

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ,ਉਮਰ 40 ਸਾਲ,ਸਾਊ ਅਤੇ ਨਸ਼ਾ ਰਹਿਤ ਡਾਇਵੋਰਸ ਲੜਕੇ ਲਈ ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ: 1 204 697 4736 **219**

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਉੱਚੇ ਲੰਮੇ ਗੱਭਰੂ ਕੱਦ 6 ਫੁੱਟ,ਜਨਮ 1987,ਵਿਦਿਅਕ ਯੋਗਤਾ ਐਮ ਬੀ ਏ,ਹੁਣ ਆਇਲ ਐਂਡ ਗੈਸ ਦੇ ਖੇਤਰ ਵਿੱਚ ਬਿਜਨਿਸ ਅਨੈਲਸਿਸਟ ਦੀ ਨੌਕਰੀ ਕਰਦੇ ਲਈ,ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਲੜਕਾ ਚੰਡੀਗੜ੍ਹ ਦਾ ਜੰਮਪਲ ਹੈ ਅਤੇ ਚੰਗੇ ਪੜ੍ਹੇ ਲਿਖੇ ਪਰਿਵਾਰ ਦਾ ਪਿਛੋਕੜ ਖੇਤੀਬਾੜੀ ਨਾਲ ਸਬੰਧਿਤ ਹੈ। ਸੰਪਰਕ: 1 587 777 0366 ਜਾਂ ਈ ਮੇਲ: tarunsandhu7585@gmail.com***218***

## ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

## ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

## ਯੂਕਰੇਨ ਦੇ ਪ੍ਰਧਾਨ ਮੰਤਰੀ ਦੇ ਕੈਨੇਡਾ ਦੌਰੇ ਦੌਰਾਨ ਜਸਟਿਨ ਟਰੂਡੋ ਵੱਲੋਂ ਯੂਕਰੇਨ ਨੂੰ ਹੋਰ ਫੌਜੀ ਮੱਦਦ ਭੇਜਣ ਦਾ ਐਲਾਨ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਕੈਨੇਡਾ ਵੱਲੋਂ ਯੂਕਰੇਨ ਦੀ ਹੋਰ ਫੌਜੀ ਮਦਦ ਕੀਤੀ ਜਾਵੇਗੀ ਜਿਸ ਤਹਿਤ 21 ਹਜ਼ਾਰ ਅਸਾਲਟ ਰਾਈਫਲਾਂ 38 ਮਸ਼ੀਨਗੰਨਾਂ ਤੇ 2.14 ਮਿਲੀਅਨ ਗੋਲੀ-ਸਿੱਕਾ ਯੂਕਰੇਨ ਨੂੰ ਦਿੱਤਾ ਜਾਵੇਗਾ। ਇਹ ਐਲਾਨ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਯੂਕਰੇਨ ਦੇ ਪ੍ਰਧਾਨ ਮੰਤਰੀ ਦੇ ਕੈਨੇਡਾ ਦੌਰੇ ਦੌਰਾਨ ਕੀਤਾ ਗਿਆ। ਪ੍ਰਧਾਨ ਮੰਤਰੀ ਟਰੂਡੋ ਨੇ ਆਖਿਆ ਕਿ ਫ਼ੌਜੀ ਮੱਦਦ ਤੋਂ ਬਿਨਾਂ ਯੂਕ੍ਰੇਨ ਦੀ ਵਿੱਤੀ ਮਦਦ ਵੀ ਕੀਤੀ ਜਾਵੇਗੀ ਜਿਵੇਂ ਕਿ ਇਸ ਸਾਲ ਦੇ ਬਜਟ ਵਿੱਚ ਯੂਕਰੇਨ ਨੂੰ 2.14 ਬਿਲੀਅਨ ਡਾਲਰ ਦਾ ਕਰਜ਼ਾ ਦੇਣ ਦੀ ਵਿਵਸਥਾ ਕੀਤੀ ਗਈ ਹੈ।

## ਕੈਨੇਡਾ ਦੇ ਖੇਤੀਬਾੜੀ ਸੈਕਟਰ ਉੱਪਰ ਮਹਿੰਗਾਈ ਅਤੇ ਕਾਮਿਆਂ ਦੀ ਘਾਟ ਦਾ ਗੰਭੀਰ ਅਸਰ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਇਸ ਵਕਤ ਲੇਬਰ ਦੀ ਵੱਡੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ ਅਤੇ ਇਹ ਘਾਟ ਕਈ ਖੇਤਰਾਂ ਦੇ ਕੰਮਕਾਜ ਨੂੰ ਪ੍ਰਭਾਵਤ ਕਰ ਰਹੀ ਹੈ। ਇਸਦੇ ਨਾਲ ਹੀ ਮਹਿੰਗਾਈ ਵੀ ਡੂੰਘੀ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ । ਜੇਕਰ ਕੈਨੇਡਾ ਦੇ ਖੇਤੀਬਾੜੀ ਸੈਕਟਰ ਦੀ ਗੱਲ ਕੀਤੀ ਜਾਵੇ ਤਾਂ ਆਉਣ ਵਾਲਾ ਸਮਾਂ ਕਾਫੀ ਮੁਸ਼ਕਲਾਂ ਭਰਿਆ ਹੈ ਅਤੇ ਕੈਨੇਡਾ ਨੂੰ ਇਸ ਸੈਕਟਰ ਵਿੱਚ ਕੰਮ ਕਰਨ ਲਈ ਹਜ਼ਾਰਾਂ ਇਮੀਗ੍ਰੈਂਟਸ ਦੀ ਲੋੜ ਪਵੇਗੀ। ਇੱਕ ਅਨੁਮਾਨ ਮੁਤਾਬਿਕ 2033 ਤੱਕ 40 ਫੀਸਦੀ ਫਾਰਮ ਆਪ੍ਰੇਟਰ ਰਿਟਾਇਰ ਹੋ ਜਾਣਗੇ ।

## ਹੁਣ ਵਿਗਿਆਨ ਬ੍ਰਹਿਮੰਡ ਨੂੰ ਖਗੋਲ ਰਿਹਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜਦੋਂ ਤੋਂ ਵਿਗਿਆਨੀਆਂ ਨੇ ਬ੍ਰਹਿਮੰਡ ਦੇ ਭੇਦ ਜਾਨਣ ਦੀ ਕੋਸ਼ਿਸ਼ ਸ਼ੁਰੂ ਕੀਤੀ ਹੈ ਤਾਂ ਉਸ ਤੋਂ ਬਾਅਦ ਅਨੇਕਾਂ ਗ੍ਰਹਿ ਅਤੇ ਸਿਤਾਰੇ ਲੱਭੇ ਜਾ ਚੁੱਕੇ ਹਨ । ਮੰਨਿਆ ਜਾਂਦਾ ਹੈ ਕਿ ਹੁਣ ਤੱਕ ਬ੍ਰਹਮੰਡ ਦੇ ਗਰਭ ਵਿੱਚੋਂ ਜੋ ਕੁਝ ਵੀ ਲੱਭਿਆ ਗਿਆ ਹੈ ਉਸ ਤੋਂ ਅੱਗੇ ਵੀ ਅਜੇ ਕਈ ਗੁੱਝੇ ਭੇਦ ਹਨ ਜਿੱਥੋਂ ਤੱਕ ਇਨਸਾਨ ਦੀ ਪਹੁੰਚ ਨਹੀਂ ਹੋ ਸਕੀ। ਹੁਣ ਵਿਗਿਆਨੀਆਂ ਨੇ ਇੱਕ ਅਜਿਹੇ ਬਲੈਕ ਹੋਲ ਨੂੰ ਲੱਭਣ ਦਾ ਦਾਅਵਾ ਕੀਤਾ ਹੈ ਜਿਸ ਪਿੱਛੇ ਤਾਰਿਆਂ ਦਾ ਵੱਡਾ ਝੁੰਡ ਚੱਲ ਰਿਹਾ ਹੈ।

## ਪਾਰਕਿੰਗ ਲਾਟ ਵਿੱਚ ਚੱਲੀ ਗੋਲੀ ਦੌਰਾਨ 20 ਸਾਲਾ ਗੱਭਰੂ ਦੀ ਮੌਤ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਵੈਸਟ ਕੈਲਗਰੀ ਵਿੱਚ ਸੇਫਵੇ ਕੇਨਸਿੰਗਟਨ ਪਾਰਕਿੰਗ ਲਾਟ ਵਿੱਚ ਗੋਲੀਬਾਰੀ ਤੋਂ ਬਾਅਦ 20 ਸਾਲ ਦੇ ਇੱਕ ਨੌਜਵਾਨ ਦੀ ਮੌਤ ਹੋਣ ਦੀ ਖ਼ਬਰ ਦੀ ਪੁਸਟੀ ਕੈਲਗਰੀ ਪੁਲਿਸ ਵੱਲੋਂ ਕੀਤੀ ਗਈ ਹੈ। ਪੁਲਿਸ ਅਨੁਸਾਰ ਇਹ ਘਟਨਾ ਉਸ ਰਾਤ 9 ਵਜੇ ਤੋਂ ਬਾਅਦ 10 ਸਟ੍ਰੀਟ ਅਤੇ 9ਏ ਸਟ੍ਰੀਟ ਦੇ ਵਿਚਕਾਰ, ਵਾਪਰੀ ਹੈ । ਇਸ ਇਲਾਕੇ ਵਿੱਚੋਂ ਕਈ ਲੋਕਾਂ ਦੁਆਰਾ ਗੋਲੀਆਂ ਚੱਲਣ ਦੀ ਰਿਪੋਰਟ ਕੀਤੀ ਗਈ ਸੀ।ਕੈਲਗਰੀ ਪੁਲਿਸ ਨੇ ਅਨੁਸਾਰ ਗੋਲੀਬਾਰੀ ਦੋ ਵੱਖ-ਵੱਖ ਪਾਰਟੀਆਂ ਵਿਚਕਾਰ ਹੋਈ ਸੀ।ਅਧਿਕਾਰੀਆਂ ਦਾ ਕਹਿਣਾ ਹੈ ਕਿ ਇੱਕ ਕਾਲੇ ਰੰਗ ਦੀ ਐਸ ਯੂ ਵੀ ਵਿੱਚ ਇੱਕ ਡਰਾਈਵਰ ਆਨ-ਡਿਊਟੀ ਕੈਲਗਰੀ ਫਾਇਰਫਾਈਟਰਾਂ ਕੋਲ ਇੱਕ ਯਾਤਰੀ ਦੀ ਮੱਦਦ ਮੰਗਣ ਲਈ ਪਹੁੰਚਿਆ ਜਿਸ ਨੂੰ ਉਸ ਸਮੇਂ ਗੋਲੀ ਲੱਗੀ ਹੋਈ ਸੀ। ਮੈਂਬਰਾਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਮੌਕੇ 'ਤੇ ਹੀ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਉਕਤ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ ਸੀ।

## ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਪੀਅਰੇ ਪੋਲੀਵਰ ਅਤੇ ਜਗਮੀਤ ਸਿੰਘ ਨੇ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਦੇ ਮੌਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ ਗਈ ਉਹਨਾਂ ਆਖਿਆ ਕਿ ਅੱਜ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਸਮਾਜ ਵਿੱਚ ਬਰਾਬਰੀ ਨਿਸ਼ਕਾਮ ਸੇਵਾ ਅਤੇ ਸਮਾਜਿਕ ਨਿਆਂ ਦੀ ਸ਼ੁਰੂਆਤ ਕੀਤੀ ਸੀ। ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਆਰੇ ਪੋਲਿਵਰ ਨੇ ਵੀ ਸਿੱਖ ਭਾਈਚਾਰੇ ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਉਹਨਾਂ ਆਖਿਆ ਕਿ ਸਿੱਖ ਭਾਈਚਾਰਾ ਹਮੇਸ਼ਾਂ ਹੀ ਆਪਣੇ ਆਸ-ਪਾਸ ਰਹਿੰਦੇ ਲੋਕਾਂ ਦੀ ਮੱਦਦ ਵਾਸਤੇ ਤੱਤਪਰ ਰਹਿੰਦਾ ਹੈ

ਐਨਡੀਪੀ ਲੀਡਰ ਜਗਮੀਤ ਸਿੰਘ ਨੇ ਵੀ ਦੁਨੀਆਂ ਭਰ ਵਿੱਚ ਵਸਦੇ ਸਿੱਖ ਭਾਈਚਾਰੇ ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਉਨ੍ਹਾਂ ਆਖਿਆ ਕਿ ਖਾਲਸੇ ਦੀ ਸਾਜਨਾ ਅਨਿਆਂ ਵਿਰੁੱਧ ਲੜਨ ਅਤੇ ਸਮਾਜਕ ਬਰਾਬਰੀ ਲਈ ਕੀਤੀ ਗਈ ਉੱਥੇ ਨਾਲ ਹੀ ਉਨ੍ਹਾਂ ਭਾਰਤ ਵਿੱਚ ਪੱਤਰਕਾਰਾਂ ਅਤੇ ਮੀਡੀਆ ਵਿਰੁੱਧ ਕਾਰਵਾਈ ਦੀ ਨਿਖੇਧੀ ਵੀ ਕੀਤੀ ।

## ਟਰੂਡੋ ਫਾਊਂਡੇਸ਼ਨ ਵੱਲੋਂ ਡੋਨੇਸ਼ਨ ਦੇ ਚੀਨ ਨਾਲ ਸਬੰਧਾਂ ਦੀ ਆਜ਼ਾਦਾਨਾ ਜਾਂਚ ਕਰਵਾਈ ਜਾਵੇਗੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਸਾਲ 2019 ਅਤੇ 20 21 ਵਿਚ ਹੋਈਆਂ ਫੈਡਰਲ ਚੋਣਾਂ ਵਿੱਚ ਵਿਦੇਸ਼ੀ ਦਖਲ ਅੰਦਾਜ਼ੀ ਦੇ ਮੁੱਦੇ ਤੇ ਵਿਰੋਧੀ ਧਿਰਾਂ ਲਗਾਤਾਰ ਸਰਕਾਰ ਨੂੰ ਘੇਰ ਰਹੀਆਂ ਹਨ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਟਰੂਡੋ ਫਾਊਂਡੇਸ਼ਨ ਨੂੰ ਜਿਨ੍ਹਾਂ ਵਿਅਕਤੀਆਂ ਵੱਲੋਂ 2 ਲੱਖ ਡਾਲਰ ਦੀ ਡੋਨੇਸ਼ਨ ਦਿੱਤੀ ਗਈ ਉਹਨਾਂ ਦਾ ਸਬੰਧ ਚੀਨ ਦੀ ਸਰਕਾਰ ਨਾਲ ਹੈ। ਇਸ ਮਸਲੇ ਦੇ ਇਨੇਂ ਜ਼ਿਆਦਾ ਸਿਆਸੀਕਰਨ ਤੋਂ ਬਾਅਦ ਬੀਤੇ ਦਿਨ ਫਾਊਂਡੇਸ਼ਨ ਦੇ ਸੀ ਈ - ਸਮੇਤ ਬੋਰਡ ਦੇ ਡਾਇਰੈਕਟਰਾਂ ਨੇ ਅਹੁਦੇ ਤਿਆਗਣ ਦਾ ਐਲਾਨ ਕਰ ਦਿੱਤਾ ਸੀ ਤੇ ਹੁਣ ਟਰੂਡੋ ਫਾਉਂਡੇਸ਼ਨ ਵੱਲੋਂ ਇਸ ਮਾਮਲੇ ਦੀ ਆਜ਼ਾਦਾਨਾ ਜਾਂਚ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇੱਕ ਪਾਸੇ ਜਿਥੇ ਫੈਡਰਲ ਚੋਣਾਂ ਵਿੱਚ ਵਿਦੇਸ਼ੀ ਦਖਲ ਅੰਦਾਜੀ ਅਤੇ ਖਾਸ ਕਰਕੇ ਚੀਨ ਦੀ ਦਖਲ-ਅੰਦਾਜ਼ੀ ਦਾ ਮੁੱਦਾ ਗਰਮਾਇਆ ਹੋਇਆ ਹੈ ਤਾਂ ਦੂਜੇ ਪਾਸੇ ਫੈਡਰਲ ਪਬਲਿਕ ਸੇਫ਼ਟੀ ਮੰਤਰੀ ਮਾਰਕੋ ਮੈਂਡੀਸੀਨੋ ਨੇ ਆਖਿਆ ਹੈ ਕਿ ਵੈਨਕੂਵਰ ਵਿਚ ਰਹਿੰਦੇ ਚੀਨੀ ਭਾਈਚਾਰੇ ਵੱਲੋਂ ਉਹਨਾਂ ਨੂੰ ਦੱਸਿਆ ਗਿਆ ਹੈ ਕੀ ਉਨ੍ਹਾਂ ਨੂੰ ਵਿਦੇਸ਼ੀ ਸਰਕਾਰਾਂ ਦੀ ਸ਼ਹਿ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈਗ- 431 733 3000

ਵਰਕਰਾਂ ਦੀ ਲੋੜ
ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।
ਕਾਲ ਦਿਲਾਵਰ ਤੂਰ
403 680 0436

Hiring
Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com

ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ
ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 854 3124

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ
A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615
ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਡਰਾਇਵਰਾਂ ਦੀ ਲੋੜ
Gagan Express LTD o/a VB Ace of Spades is now
Hiring Class 1 long haul driver
Minimum 1 year experience required
Benefits and competitive pay rate plus safety bonus
Contact :
Kanwar Brar
Hiring@vbaspades.com

"Join the path of success for your future with GD College. Come with us and take your beauty career to the next level. Choose one of our various diploma programs and make your dreams come true."



ਦਾਖਲਾ ਸ਼ੁਰੂ ਹੈ New batch starat
ਖ਼ੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions
• Eye brow/Eyelash Tinting
• Eyelash Lift up
• Waxing • Facials
• Threading
• Makeup
• Hair styling
• Manicure/Pedicure
• Microdermabrasion
• Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜਿੰਦਗੀ ਨੂੰ ਕਲਾ ਵਿੱਚ ਬਦਲੋ
We Provide Laser Hair Removal Treatments
Contact Us: 587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

DIPLOMA COURSES
Esthetics Diploma (22 weeks) -
Facial
Waxing
Threading
Makeup
Bridal Makeup
Hair Styling
Pedicure Manicure
Gel Polish
Lash& Brow tinting
Lash Lift Up
Body Massage
Clinical Esthetics Diploma -
Infection Control
Anatomy of Skin Skin
Analysis Facial Treatments
Cosmetic terminology
Business Marketing
Cosmetic Ingredients
Active Ingredients in Skincare line
Laser Hair Removal
Body Contouring
Microdermabrasion
Micro-needling
Hydrafacial
Derma Planning
Chemical Peels & Enzymes
Nail Enhancement Diploma -
Manicure Pedicure (Spa, Paraffin, French)
· Acrylic enhancements
· Gel enhancements
· Electric and hand filing
· Shaping techniques
· Nail art
INDIVIDUAL COURSES
Classic/Hybrid/Volume Eyelash Extensions - $1995 (4 weeks)
Makeup Artistry & Hairstyling - $5500 (10 weeks) - Jasreen Rain is a highly experienced and skilled Makeup Artist (MUA) who has worked on numerous songs throughout her career. She takes great pride in providing personalized attention to each of her students so they can master their makeup skills to the best of their abilities. Jasreen has had the privilege of working with several renowned stars in the music industry such as Jassi Gill, Prem Dhillon, Babu Maan, and Raj Ranjot. Her extensive experience and expertise in the field of makeup artistry have helped her earn a reputation as one of the most sought-after MUAs in the industry. Some of the notable songs she has worked on include "Ghetto Town", "Jatt Hunde Aa", and "Pyaar Mangdi".
Microblading (Brows) - $2500
Permanent Makeup (Brows + Lips+ Eyeliner) - $4500
English: "Contact us for more information and take your career to new heights."



# ਸੰਦਲੀ ਹਵਾ ਦਾ ਬੁੱਲਾ

-ਮੋਹਨ ਸ਼ਰਮਾ /94171-48866



ਜ਼ਿੰਦਗੀ ਦੇ ਸਫ਼ਰ ਵਿੱਚ ਹਰ ਤਰ੍ਹਾਂ ਦੇ ਵਿਅਕਤੀ ਨਾਲ ਵਾਹ ਪੈਂਦਾ ਹੈ। ਕਈ ਹੋਛੇਪਣ ਦਾ ਸ਼ਿਕਾਰ ਹੋ ਕੇ ਆਪਣੀ ਹੋਂਦ ਦਾ ਇੰਜ ਪ੍ਰਗਟਾਵਾ ਕਰਦੇ ਹਨ ਜਿਵੇਂ ਉਹ ਸਮਾਜ ਦਾ ਅਹਿਮ ਹਿੱਸਾ ਹੋਣ ਜਾਂ ਉਨ੍ਹਾਂ ਦੀ ਹੋਂਦ ਸਮਾਜ ਲਈ ਅਤਿਅੰਤ ਜਰੂਰੀ ਹੋਵੇ। ਹਊਮੈ ਦਾ ਸ਼ਿਕਾਰ ਹੋਏ ਅਜਿਹੇ ਵਿਅਕਤੀ ਹੋਰਾਂ ਨੂੰ ਟਿੱਚ ਸਮਝਦੇ ਹਨ। ਦੂਜੀ ਤਰ੍ਹਾਂ ਦੇ ਵਿਅਕਤੀਆਂ ਵਿੱਚ ਨਿਮਰਤਾ ਹੁੰਦੀ ਹੈ। ਹੋਠਾਂ ਤੇ ਤੈਰਦੀ ਨਿਰਛਲ ਮੁਸਕਰਾਹਟ ਉਨ੍ਹਾਂ ਦੇ ਜ਼ਿੰਦਗੀ ਜਿਉਣ ਦੇ ਸਲੀਕੇ ਦਾ ਪ੍ਰਗਟਾਵਾ ਕਰਦੀ ਹੈ। ਦਰਅਸਲ ਅਜਿਹੇ ਵਿਅਕਤੀ ਸੜਕ ਦੇ ਖੰਭਿਆਂ ਤੇ ਜਗਦੀਆਂ ਉਨ੍ਹਾਂ ਟਿਊਬਾਂ ਵਰਗੇ ਹੁੰਦੇ ਹਨ, ਜਿਨ੍ਹਾਂ ਦੀ ਰੋਸ਼ਨੀ ਵਿੱਚ ਫਾਸਲਾਂ ਭਾਵੇਂ ਘੱਟ ਨਹੀਂ ਹੁੰਦਾ ਪਰ ਸੁਖਾਲਾ ਜਰੂਰ ਹੋ ਜਾਂਦਾ ਹੈ। ਅਜਿਹੇ ਵਿਅਕਤੀਆਂ ਦੀ ਜ਼ਿੰਦਗੀ ਦਾ ਸਫ਼ਰ ਨਿੱਜ ਤੋਂ ਨਿੱਜ ਦਾ ਨਹੀਂ ਸਗੋਂ ਨਿੱਜ ਤੋਂ ਸਮੂਹ ਦਾ ਹੁੰਦਾ ਹੈ ਅਤੇ ਲੋਕਾਂ ਦੀਆਂ ਤਕਲੀਫ਼ਾਂ ਨੂੰ ਹੱਲ ਕਰਨ ਲਈ ਉਹ ਹਮੇਸ਼ਾ ਯਤਨਸ਼ੀਲ ਵੀ ਰਹਿੰਦੇ ਹਨ।

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਮੈਂ ਵਿਤੀ ਵਿਭਾਗ ਵਿੱਚ ਜ਼ਿਲ੍ਹੇ ਦੇ ਅਧਿਕਾਰੀ ਵੱਜੋਂ ਕੰਮ ਕਰ ਰਿਹਾ ਸੀ। ਹਰ ਰੋਜ਼ ਦੇ ਰੁਟੀਨ ਅਨੁਸਾਰ ਦਫ਼ਤਰ ਜਾਣ ਤੋਂ ਪਹਿਲਾਂ ਸਵੇਰੇ 8 ਕੁ ਵਜੇ ਮੈਂ ਪਾਠ ਕਰ ਰਿਹਾ ਸੀ। ਗੇਟ ਦੀ ਬੈੱਲ ਖੜ੍ਹਕੀ। ਬਾਹਰੋਂ ਬੈੱਲ ਖੜ੍ਹਕਾਉਣ ਵਾਲੇ ਨੇ ਬੈੱਲ ਤੋਂ ਅੰਗੂਠਾਂ ਉਨ੍ਹੀਂ ਦੇਰ ਨਹੀਂ ਸੀ ਚੁੱਕਿਆ ਜਿਨ੍ਹੀਂ ਦੇਰ ਪਤਨੀ ਨੇ ਬੂਹਾ ਨਹੀਂ ਸੀ ਖੋਲ੍ਹਿਆ। ਬੂਹਾ ਖੋਲ੍ਹਣ ਤੇ ਸਾਹਮਣੇ ਖੜ੍ਹੇ ਵਿਅਕਤੀ ਨੇ ਰੋਅਬ ਨਾਲ ਪਤਨੀ ਨੂੰ ਕਿਹਾ, " ਸ਼ਰਮਾ ਜੀ ਨੂੰ ਬੁਲਾਉ।" ਉਹਦੇ ਬੋਲਣ ਦੇ ਲਹਿਜ਼ੇ ਵਿੱਚ ਨਿਮਰਤਾ ਅਲੋਪ ਹੋਣ ਦੇ ਨਾਲ-ਨਾਲ ਹਕੂਮਤੀ ਨਸ਼ੇ ਦਾ ਲਹਿਜ਼ਾ ਭਾਰੂ ਸੀ। ਜੀਵਨ ਸਾਥਣ ਦੇ ਇਹ ਕਹਿਣ ਤੇ ਕਿ ਉਹ ਪਾਠ ਕਰ ਰਹੇ ਹਨ, ਤੁਸੀਂ ਉਨ੍ਹੀਂ ਦੇਰ ਅੰਦਰ ਬੈਠੋ। " ਮੇਰੇ ਕੋਲ ਐਨਾ ਟਾਈਮ ਨਹੀਂ, ਕਈ ਹੋਰ ਕੰਮ ਵੀ ਕਰਨੇ ਨੇ। ਉਨ੍ਹਾਂ ਨੂੰ ਕਹੋ ਮੰਤਰੀ ਸਾਹਿਬ ਦਾ ਪੀ.ਏ. ਆਇਐ, ਜ਼ਰੂਰੀ ਗੱਲ ਕਰਨੀ ਐ...... ਪਾਠ ਬਾਅਦ ਵਿੱਚ ਹੁੰਦਾ ਰਹੂ।" ਰੋਅਬਦਾਰ ਅਵਾਜ਼ ਇੰਜ ਸੀ, ਜਿਵੇਂ ਅਦਾਲਤ ਵਿੱਚ ਅਰਦਲੀ ਮੁਜ਼ਰਮ ਨੂੰ ਪੇਸ਼ ਹੋਣ ਲਈ ਆਵਾਜ਼ ਮਾਰ ਰਿਹਾ ਹੋਵੇ। ਉਸ ਦੀ ਖਰਵੀਂ ਆਵਾਜ਼ ਨੇ ਪਾਠ ਕਰਦੇ ਸ਼ਾਂਤ ਮੰਨ ਨੂੰ ਵੀ ਅਸ਼ਾਂਤ ਕਰ ਦਿੱਤਾ ਸੀ। ਕੁਝ ਮਿੰਟਾਂ ਬਾਅਦ ਪਾਠ ਦੀ ਸਮਾਪਤੀ ਉਪਰੰਤ ਮੈਂ ਗੇਟ ਤੇ ਚਲਾ ਗਿਆ। ਮੰਤਰੀ ਦੇ ਪੀ.ਏ. ਨੇ ਮੈਨੂੰ ਵਿਹੰਦਿਆਂ ਹੀ ਕਿਹਾ, " ਚੰਗੇ ਹੋ ਤੁਸੀਂ ਵੀ, ਮੈਂ ਗੇਟ ਤੇ ਖੜ੍ਹਾ ਹਾਕਾਂ ਮਾਰੀ ਜਾਨਾਂ ਤੇ ਜਨਾਬ ਪਤਾ ਨੀ ਕਿਹੜੇ ਕੰਮ 'ਚ ਰੁੱਝੇ ਹੋਏ ਨੇ। ਥੋਨੂੰ ਕਈ ਵਾਰ ਟੈਲੀਫੋਨ ਕੀਤੈ ਪਰ ਤੁਸੀਂ ਫੋਨ ਵੀ ਨਹੀਂ ਚੁੱਕਿਆ।" ਮੈਂ ਪਹਿਲਾਂ ਉਹਨੂੰ ਅੰਦਰ ਬੈਠ ਕੇ ਚਾਹ-ਪਾਣੀ ਪੀਣ ਦੀ ਬੇਨਤੀ ਕੀਤੀ, ਪਰ ਉਹਦਾ ਬੇਰੁਖ਼ੀ ਨਾਲ ਇਹ ਜਵਾਬ, " ਨਹੀਂ, ਟਾਈਮ ਨਹੀਂ ਮੇਰੇ ਕੋਲ" ਅਤੇ ਫਿਰ ਮੈਂ ਸਪੱਸ਼ਟ ਕੀਤਾ ਕਿ ਫੋਨ ਕੱਲ੍ਹ ਦਾ ਖਰਾਬ ਹੈ, ਠੀਕ ਕਰਨਾ..........। ਮੇਰੀ ਗੱਲ ਵਿੱਚੋਂ ਹੀ ਕੱਟ ਕੇ ਉਸਨੇ ਖਰਵੀਂ ਆਵਾਜ਼ ਵਿੱਚ ਕਿਹਾ, " ਮੰਤਰੀ ਜੀ ਨੇ ਇਹ ਲਿਸਟ ਭੇਜੀ ਹੈ, ਇਨ੍ਹਾਂ ਪੰਚਾਇਤਾਂ ਨੂੰ ਅੱਜ ਹੀ ਚੈੱਕ ਕੱਟ ਕੇ ਸਹੀ ਤਿੰਨ ਵਜੇ ਮੇਰੇ ਦਫ਼ਤਰ ਵਿੱਚ ਭੇਜੋ। ਬਾਕੀ ਸਾਰੇ ਕੰਮ ਬਾਅਦ ਵਿੱਚ ਕਰਿਉ। ਨਾਲੇ ਜੇ ਮੈਨੂੰ ਇਉਂ ਅਫ਼ਸਰਾਂ ਦੇ ਘਰਾਂ ਵਿੱਚ ਜਾ ਕੇ ਕੰਮ ਲਈ ਕਹਿਣਾ ਪਵੇ, ਫਿਰ ਤਾਂ ਪੈ ਗਈਆਂ ਪੂਰੀਆਂ। ਆਪਣਾ ਫੋਨ ਠੀਕ ਕਰਵਾਉ ਤੁਰੰਤ........।" ਇਹ ਕਹਿੰਦਿਆਂ ਉਹ ਕਾਰ ਵਿੱਚ ਬੈਠ ਕੇ ਤੁਰਦਾ ਬਣਿਆ। ਆਪਣੇ ਪਿੱਛੇ ਉਹ ਬੇਰੁਖ਼ੀ, ਅੜਬਪਣਾ, ਹਕੂਮਤੀ ਲਹਿਜ਼ਾ ਅਤੇ ਹਉਮੈਂ ਦੀ ਝਲਕ ਛੱਡ ਗਿਆ ਸੀ। ਉਹਦੇ ਜਾਣ ਬਾਅਦ ਪਤਨੀ ਮੈਨੂੰ ਕਹਿ ਰਹੀ ਸੀ, " ਕਈਆਂ ਨੂੰ ਤਾਂ ਬੋਲਣ ਦਾ ਵੀ ਸਹੂਰ ਨਹੀਂ ਹੁੰਦਾ, ਭਲਾਂ ਜਿਹੜੇ ਵਜੀਰ ਦਾ ਪੀ.ਏ. ਇਹੋ-ਜਿਹਾ ਅੜਬ ਹੈ, ਉਹ ਵਜੀਰ ਤਾਂ ਐਦੂੰ ਦੱਸ ਕਦਮ ਅੱਗੇ ਹੀ ਹੋਊ।" ਪਤਨੀ ਦੀ ਗੱਲ ਦਾ ਭਾਵੇਂ ਮੈਂ ਕੋਈ ਜਵਾਬ ਨਹੀਂ ਦਿੱਤਾ, ਪਰ ਅਜਿਹੇ ਵਿਅਕਤੀਆਂ ਦੇ ਵਰਤਾਉ ਤੇ ਇਹ ਸ਼ੇਅਰ ਮੇਰੇ ਹੋਠਾਂ ਤੇ ਬਦੋ ਬਦੀ ਆ ਗਿਆ :

ਯੇਹ ਦਬਦਬਾ, ਯੇਹ ਹਕੂਮਤ,
ਯੇਹ ਨਸ਼ਾ-ਏ-ਦੌਲਤ,
ਕਿਰਾਏਦਾਰ ਹੈਂ, ਘਰ ਬਦਲਤੇ ਰਹਿਤੇ ਹੈਂ।"

ਉਸ ਅਹੁਦੇ ਤੋਂ ਸੇਵਾ ਮੁਕਤ ਹੋਣ ਉਪਰੰਤ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਮੇਰੀਆਂ ਸੇਵਾਵਾਂ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਲਈਆਂ ਗਈਆਂ। ਆਪਣੇ ਸੁਭਾਅ ਅਨੁਸਾਰ ਨਸ਼ਾ ਮੁਕਤ ਸਮਾਜ ਸਿਰਜਨ ਦੇ ਉਦੇਸ਼ ਨਾਲ ਰਾਹੋਂ ਭੱਟਕੇ ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਹਰ ਸੰਭਵ ਯਤਨ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਏ। ਉਨ੍ਹਾਂ ਦੀ ਕੌਂਸਲਿੰਗ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਯਤਨਸ਼ੀਲ ਰਹਿੰਦਾ ਸੀ। ਸ਼ਾਮ ਦੇ ਸਮੇਂ ਉਨ੍ਹਾਂ ਨੂੰ ਯੋਗਾ ਤੇ ਮੈਡੀਟੇਸ਼ਨ ਕਰਵਾਉਣ ਦੇ ਨਾਲ-ਨਾਲ ਆਪ ਵੀ ਯੋਗ ਕਿਰਿਆਵਾਂ ਕਰਦਾ ਸੀ। ਐਦਾਂ ਹੀ ਇੱਕ ਦਿਨ ਸ਼ਾਮ ਦੇ ਸਮੇਂ ਆਪਣੇ ਕੰਮ ਵਿੱਚ ਮਸਤ ਸੀ। ਇੱਕ ਵਿਅਕਤੀ ਨੇ ਨਸ਼ਾ ਛੁਡਾਊ ਕੇਂਦਰ ਵਿੱਚ ਆ ਕੇ ਕਰਮਚਾਰੀਆਂ ਤੋਂ ਮੇਰੇ ਸਬੰਧੀ ਪੁੱਛਿਆ। ਉਨ੍ਹਾਂ ਨੇ ਦੱਸ ਦਿੱਤਾ ਕਿ ਉਹ ਯੋਗਾ-ਮੈਡੀਟੇਸ਼ਨ ਕਰਵਾ ਰਹੇ ਨੇ। ਤੁਸੀਂ ਆਪਣਾ ਨਾਂ ਅਤੇ ਪਤਾ ਦੱਸ ਦਿਉ, ਅਸੀਂ ਉਨ੍ਹਾਂ ਨੂੰ ਸੂਚਿਤ ਕਰ ਦਿੰਦੇ ਹਾਂ। ਉਂਜ ਅੰਦਾਜਨ ਅੱਧਾ ਘੰਟਾਂ ਹੋਰ ਉਹ ਨੌਜਵਾਨਾਂ ਵਿੱਚ ਹੀ ਰਹਿਣਗੇ। ਵਿਅਕਤੀ ਨੇ ਨਿਮਰਤਾ ਨਾਲ ਜਵਾਬ ਦਿੱਤਾ, " ਨਹੀਂ, ਉਨ੍ਹਾਂ ਦਾ ਕੰਮ ਨਹੀਂ ਛੁਡਵਾਉਣਾ। ਮੈਂ ਇੱਥੇ ਬੈਠ ਕੇ ਉਨ੍ਹਾਂ ਦਾ ਇੰਤਜ਼ਾਰ ਕਰਾਂਗਾ।" ਕਰਮਚਾਰੀ ਉਸ ਪੜ੍ਹੇ ਲਿਖੇ ਸੱਜਣ ਦੀ ਗੱਲ ਬਾਤ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੂੰ ਦਫ਼ਤਰ ਵਿੱਚ ਬੈਠਣ ਲਈ ਬੇਨਤੀ ਕੀਤੀ। ਪਰ ਉਹ ਬਾਹਰ ਹੀ ਕੁਰਸੀ ਤੇ ਬੈਠ ਕੇ ਆਪਣੇ ਬੈਗ ਵਿੱਚੋਂ ਕਿਤਾਬ ਕੱਢ ਕੇ ਪੜ੍ਹਣ ਵਿੱਚ ਰੁੱਝ ਗਿਆ। ਨਿਸ਼ਚਿਤ ਸਮੇਂ ਤੇ ਜਦੋਂ ਮੈਂ ਬਾਹਰ ਆਇਆ ਤਾਂ ਸਾਹਮਣੇ ਕੁਰਸੀ ਤੇ ਬੈਠੇ ਵਿਅਕਤੀ ਨੂੰ ਘੁੱਟ ਕੇ ਗਲਵਕੜੀ ਪਾਉਂਦਿਆਂ ਮੈਂ ਕਿਹਾ, " ਤੁਸੀਂ ਮੈਨੂੰ ਬੁਲਾ ਲੈਣਾ ਸੀ।" ਉਹਦਾ ਜਵਾਬ ਸੀ, " ਜਦੋਂ ਵਿਅਕਤੀ ਭਗਤੀ ਕਰ ਰਿਹਾ ਹੋਵੇ, ਉਦੋਂ ਉਹਨੂੰ ਡਿਸਟਰਬ ਨਹੀਂ ਕਰੀਦਾ। ਮੈਂ ਥੋਡੀ ਤਪੱਸਿਆ ਨੂੰ ਕਿੰਜ ਭੰਗ ਕਰਦਾ? ਮੈਂ ਤਾਂ ਤੁਹਾਡੇ ਕੀਤੇ ਜਾ ਰਹੇ ਸਾਰਥਕ ਯਤਨਾਂ ਦੀ ਪ੍ਰਸ਼ੰਸਾ ਕਰਨ ਦੇ ਨਾਲ ਨਾਲ ਸੁਨੇਹਾ ਦੇਣ ਆਇਆਂ ਹਾਂ ਕਿ ਇਸ ਨੇਕ ਕਾਰਜ ਵਿੱਚ ਜਦੋਂ ਵੀ ਮੇਰੀਆਂ ਸੇਵਾਵਾਂ ਦੀ ਲੋੜ ਹੋਵੇ, ਆਵਾਜ਼ ਦੇਣਾ, ਹਾਜ਼ਰ ਹੋਵਾਂਗਾ। "

ਉਹ ਪਿਆਰੀ ਸਖ਼ਸ਼ੀਅਤ ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ, ਮੈਡੀਕਲ ਖੇਤਰ ਵਿੱਚ ਆਪਣੀਆਂ ਵਿਲੱਖਣ ਸੇਵਾਵਾਂ ਦੇ ਨਿਸ਼ਾਨ ਛੱਡਣ ਵਾਲਾ ਅਧਿਕਾਰੀ, ਪੰਜਾਬ ਦੀ ਸਾਖਰਤਾ ਲਹਿਰ ਦਾ ਕੁਆਰਡੀਨੇਟਰ, ਉੱਘਾ ਚਿੰਤਕ ਅਤੇ ਲੇਖਕ ਡਾ: ਪਿਆਰੇ ਲਾਲ ਗਰਗ ਸੀ। ਉਹਦੀ ਹੋਂਦ ਨਾਲ ਇੰਜ ਲੱਗਦਾ ਸੀ, ਜਿਵੇਂ ਤੱਪਦੇ ਰੇਗਿਸਥਾਨ ਵਿੱਚ ਮੂਹਲੇਧਾਰ ਮੀਂਹ ਪੈ ਰਿਹਾ ਹੋਵੇ। ਸੱਚ-ਮੁੱਚ ਉਹਦੀ ਆਮਦ ਸੰਦਲੀ ਹਵਾ ਦੇ ਬੁੱਲੇ ਵਾਂਗ ਸੀ।

> ਉਹ ਪਿਆਰੀ ਸਖ਼ਸ਼ੀਅਤ ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ, ਮੈਡੀਕਲ ਖੇਤਰ ਵਿੱਚ ਆਪਣੀਆਂ ਵਿਲੱਖਣ ਸੇਵਾਵਾਂ ਦੇ ਨਿਸ਼ਾਨ ਛੱਡਣ ਵਾਲਾ ਅਧਿਕਾਰੀ, ਪੰਜਾਬ ਦੀ ਸਾਖਰਤਾ ਲਹਿਰ ਦਾ ਕੁਆਰਡੀਨੇਟਰ, ਉੱਘਾ ਚਿੰਤਕ ਅਤੇ ਲੇਖਕ ਡਾ: ਪਿਆਰੇ ਲਾਲ ਗਰਗ ਸੀ। ਉਹਦੀ ਹੋਂਦ ਨਾਲ ਇੰਜ ਲੱਗਦਾ ਸੀ, ਜਿਵੇਂ ਤੱਪਦੇ ਰੇਗਿਸਥਾਨ ਵਿੱਚ ਮੂਹਲੇਧਾਰ ਮੀਂਹ ਪੈ ਰਿਹਾ ਹੋਵੇ। ਸੱਚ-ਮੁੱਚ ਉਹਦੀ ਆਮਦ ਸੰਦਲੀ ਹਵਾ ਦੇ ਬੁੱਲੇ ਵਾਂਗ ਸੀ।

# ਰਾਸ਼ਨ ਨੂੰ ਗੇੜਾ ਦੇਣ ਵਾਲੇ ਇਨਸਾਨ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
9501100062



ਸਾਡੇ ਸਮਾਜ ਵਿੱਚ ਕਈ ਲੋਕਾਂ ਦਾ ਥੋੜ੍ਹਾ ਖਾ ਕੇ ਸਰ ਜਾਂਦਾ ਹੈ ਤੇ ਕਈ ਤੌਣ ਹਿਲਾ ਦੇਂਦੇ ਹਨ। ਕਈ ਬੰਦੇ ਭਾਵੇਂ ਜਿੰਨਾ ਮਰਜ਼ੀ ਰਾਸ਼ਨ ਖਾ ਲੈਣ, ਪਤਲੇ ਦੇ ਪਤਲੇ ਹੀ ਰਹਿੰਦੇ ਹਨ ਤੇ ਕਈਆਂ ਨੂੰ ਪਾਣੀ ਵੀ ਘਿਉ ਵਾਂਗ ਲੱਗਦਾ ਹੈ। ਮਿਹਨਤਕਸ਼ ਬੰਦੇ ਚਾਹੇ ਜ਼ਹਿਰ ਖਾ ਲੈਣ, ਦਿਨ ਭਰ ਦੀ ਹੱਡ ਤੋੜ ਮੁਸ਼ੱਕਤ ਕਾਰਨ ਉਹ ਵੀ ਅੰਮ੍ਰਿਤ ਬਣ ਜਾਂਦਾ ਹੈ। ਦੂਸਰੇ ਪਾਸੇ ਵਿਹਲੜਾਂ ਦੇ ਸਿਰ 'ਤੇ ਡਾਕਟਰਾਂ ਦੇ ਘਰ ਚੱਲਦੇ ਹਨ, ਕਦੇ ਗੈਸ, ਕਦੇ ਖੱਟੇ ਡਕਾਰ, ਕਦੇ ਅਲਸਰ ਤੇ ਕਦੇ ਐਸੀਡਿਟੀ। ਇੱਕ ਵਾਰ ਇੱਕ ਆੜ੍ਹਤੀ ਨੇ ਆਪਣੀ ਪੱਕੀ ਅਸਾਮੀ ਇੱਕ ਮਿਹਨਤਕਸ਼ ਜੱਟ ਨੂੰ ਆਪਣੇ ਘਰ ਖਾਣੇ 'ਤੇ ਬੁਲਾ ਲਿਆ। ਰਸੋਈਆ ਛੁੱਟੀ 'ਤੇ ਹੋਣ ਕਾਰਨ ਸੇਠਾਨੀ ਆਪ ਰੋਟੀਆਂ ਪਕਾਉਣ ਲੱਗ ਗਈ 'ਤੇ ਮਾਂਹ ਛੋਲਿਆਂ ਦੀ ਦੇਸੀ ਘਿਉ ਦੇ ਤੜਕੇ ਵਾਲੀ ਦਾਲ ਨਾਲ ਛੋਟੇ ਛੋਟੇ 4 - 5 ਫੁਲਕੇ ਪਕਾ ਕੇ ਜੱਟ ਦੇ ਅੱਗੇ ਪਰੋਸ ਦਿੱਤੇ। ਅਖਬਾਰ ਦੇ ਛੇ ਨੰਬਰ ਪੇਜ ਵਰਗੀਆਂ ਵੱਡੀਆਂ ਵੱਡੀਆਂ ਰੋਟੀਆਂ ਖਾਣ ਦੇ ਆਦੀ ਜੱਟ ਨੇ ਫੁਲਕਿਆਂ ਦੀਆਂ ਪੰਜ ਸੱਤ ਬੁਰਕੀਆਂ ਹੀ ਕੀਤੀਆਂ। ਹੈਰਾਨ ਪਰੇਸ਼ਾਨ ਤੇ ਮੁੜਕੇ ਨਾਲ ਲੱਥ ਪਲੱਥ ਹੋਈ ਸੇਠਾਨੀ ਪਕਾਈ ਜਾਵੇ 'ਤੇ ਜੱਟ ਨਾਲ ਨਾਲ ਦੀ ਨਾਲ ਥਾਲੀ ਸਫਾਚੱਟ ਕਰੀ ਜਾਵੇ। ਜਦੋਂ ਜੱਟ ਪੰਦਰਾਂ ਵੀਹ ਰੋਟੀਆਂ ਰਗੜ ਗਿਆ ਤਾਂ ਦਾਲ ਦੀ ਪਤੀਲੀ ਵੀ ਖਾਲੀ ਹੋ ਗਈ। ਉਦਰੋਂ ਸੇਠ ਦਾ ਮੁੰਡਾ ਭੁੱਖ ਨਾਲ ਰੂੰ ਰੂੰ ਕਰੀ ਜਾਵੇ, ਜੱਟ ਰੱਜੇ ਤਾਂ ਉਸ ਨੂੰ ਰੋਟੀ ਮਿਲੇ। ਸੜੀ ਬਲੀ ਸੇਠਾਨੀ ਬੱਚੇ ਨੂੰ ਕਹਿੰਦੀ, "ਚੁੱਪ ਕਰਦਾ ਆਂ ਕਿ ਸੁੱਟਾਂ ਜੱਟ ਦੇ ਥਾਲ 'ਚ?" ਅੱਗੋਂ ਜੱਟ ਵੀ ਕਿਹੜਾ ਘੱਟ ਸੀ, ਕਹਿੰਦਾ, "ਭੈਣ ਜੀ ਦਾਲ ਨਾਲ ਲਬੇੜ ਕੇ ਸੁੱਟਿਉ। ਰੁੱਖੀ ਰੋਟੀ ਪਹਿਲਾਂ ਈ ਬੜੀ ਮੁਸ਼ਕਿਲ ਨਾਲ ਲੰਘ ਰਹੀ ਆ।"

ਲੱਕੋਂ ਫਾਹੇ ਆਈ ਸੇਠਾਨੀ ਨੇ ਜਦੋਂ ਸੇਠ ਨੂੰ ਲਾਲ ਲਾਲ ਡੇਲੇ ਵਿਖਾਏ ਤਾਂ ਸੇਠ ਭਲਾ ਮਾਣਸ ਜਿਹਾ ਬਣ ਕੇ ਜੱਟ ਨੂੰ ਸਮਝਾਉਣ ਲੱਗ ਪਿਆ, "ਵੇਖੋ ਭਾਊ ਜੀ, ਹਕੀਮ ਕਹਿੰਦੇ ਨੇ ਕਿ ਆਪਣੇ ਢਿੱਡ ਵਿੱਚ ਦਸ ਗਿੱਠਾਂ ਦੀ ਨਾੜ ਹੁੰਦੀ ਆ। ਉਸ ਵਿੱਚੋਂ ਦੋ ਗਿੱਠਾਂ ਰੋਟੀ ਨਾਲ ਭਰੀ ਦੀ ਆ ਤੇ ਦੋ ਗਿੱਠਾਂ ਪਾਣੀ ਨਾਲ, ਬਾਕੀ ਦੀ ਸਾਹ ਆਉਣ ਲਈ ਖਾਲੀ ਰੱਖੀਦੀ ਆ।" ਜੱਟ ਦਾਲ ਤੋਂ ਬਿਨਾਂ ਰੁੱਖੀਆਂ ਰੋਟੀਆਂ ਪਾਣੀ ਨਾਲ ਅੰਦਰ ਧੱਕਦਾ ਹੋਇਆ ਬੋਲਿਆ, "ਸੇਠ ਸਾਹਿਬ, ਆਪਾਂ ਤਾਂ ਦਸ ਦੀਆਂ ਦਸ ਗਿੱਠਾਂ ਰੋਟੀਆਂ ਨਾਲ ਈ ਭਰੀਦੀਆ ਆਂ। ਪਾਣੀ ਝੀਥਾਂ ਵਿੱਚੋਂ ਲੰਘ ਜਾਂਦਾ ਆ ਤੇ ਸਾਹ ਤੋਂ ਆਪਾਂ ਕੀ ਲੈਣਾ? ਆਪੇ ਰੋ ਪਿੱਟ ਕੇ ਆ ਜਾਊਗਾ।"

ਹੁਣ ਤਾਂ ਪੁਲਿਸ ਕਾਫੀ ਮਾਡਰਨ ਹੋ ਗਈ ਹੈ ਪਰ ਪੁਰਾਣੇ ਸਮੇਂ ਵਿੱਚ ਪੁਲਿਸ ਵਾਲੇ ਵੀ ਮੁਫਤ ਦਾ ਰਾਸ਼ਨ ਪਾੜਨ ਲੱਗਿਆਂ ਅੱਗਾ ਪਿੱਛਾ ਨਹੀਂ ਸੀ ਵੇਖਦੇ ਹੁੰਦੇ, ਜੋ ਮਿਲੀ ਜਾਵੇ ਸਭ ਦੱਬੀ ਜਾਂਦੇ ਸਨ। ਚਾਹ ਤੋਂ ਬਾਅਦ ਲੱਸੀ, ਲੱਸੀ ਤੋਂ ਬਾਅਦ ਦੁੱਧ ਤੇ ਦੁੱਧ ਤੋਂ ਬਾਅਦ ਭਾਵੇਂ ਦਹੀਂ ਮਿਲ ਜਾਵੇ, ਸਭ ਰਗੜ ਜਾਂਦੇ ਸਨ। ਕਈ ਪੁਲਸ ਵਾਲੇ ਸਵੇਰੇ ਹੀ ਜੇਬ ਵਿੱਚ ਖੰਡ ਦੀਆਂ ਪੰਜ ਸੱਤ ਪੁੜੀਆਂ ਬਣਾ ਕੇ ਪਾ ਲੈਂਦੇ ਸਨ। ਜਿਸ ਘਰ ਜਾਣਾ ਉਥੇ ਬੀਬੀ ਨੂੰ ਕਹਿਣਾ, "ਭੈਣ ਜੀ ਦੁੱਧ ਦਾ ਗਲਾਸ ਤਾਂ ਦਿਉ, ਦਵਾਈ ਖਾਣੀ ਹੈ।" ਸ਼ਾਮ ਤੱਕ ਮਲਾਈ ਵਾਲਾ ਅੱਠ ਦਸ ਗਲਾਸ ਦੁੱਧ ਤਾਂ ਪੀ ਹੀ ਜਾਂਦੇ ਸਨ। ਇਹ ਤਾਂ ਚਲੋ ਕਥਾ ਕਹਾਣੀਆਂ ਹਨ, ਮੈਂ ਆਪਣੀ ਨੌਕਰੀ ਦੌਰਾਨ ਇੱਕ ਵਿਆਕਤੀ ਨੂੰ ਐਨਾ ਰਾਸ਼ਨ ਖਾਂਦੇ ਹੋਏ ਵੇਖਿਆ ਹੈ ਕਿ ਸੂਰ ਵੀ ਸ਼ਰਮਾ ਜਾਣ। ਮੈਂ ਮਲੋਟ ਵਿਖੇ ਐਸ.ਪੀ. ਲੱਗਾ ਹੋਇਆ ਸੀ ਤੇ ਉਹ ਸੀ.ਐਮ. ਸਕਿਉਰਟੀ ਵਿੱਚ ਬਤੌਰ ਇੰਸਪੈਕਟਰ ਡਿਊਟੀ ਕਰਦਾ ਸੀ। ਉਸ ਸਮੇਂ ਦੇ ਮੁੱਖ ਮੰਤਰੀ ਸਾਹਿਬ ਦਾ ਜੱਦੀ ਜਿਲ੍ਹਾ ਹੋਣ ਕਾਰਨ ਉਹ ਮੁਕਤਸਰ ਵਿੱਚ ਬਹੁਤ ਆਉਂਦੇ ਜਾਂਦੇ ਸਨ। ਦੋ ਚਾਰ ਕਥਿੱਤ ਮੋਹਤਬਰਾਂ ਨੂੰ ਛੱਡ ਕੇ ਮੁਕਤਸਰ ਦੇ ਲੋਕ ਰੋਟੀ ਪਾਣੀ ਛਕਾਉਣ ਨੂੰ ਤਕੜੇ ਹਨ ਤੇ ਲੀਡਰਾਂ ਅਤੇ ਪੁਲਿਸ ਦੀ ਰੋਟੀ ਦਾ ਵਧੀਆ ਪ੍ਰਬੰਧ ਕਰਦੇ ਸਨ।

ਉਹ ਇੰਸਪੈਕਟਰ ਕੋਈ 120 ਕਿੱਲੋ ਤੋਂ ਉੱਪਰ ਹੀ ਭਾਰਾ ਸੀ ਤੇ ਲੋਕ ਪਠਾਨ ਫਿਲਮ ਨਾਲੋਂ ਵੀ ਜਿਆਦਾ ਧਿਆਨ ਨਾਲ ਉਸ ਨੂੰ ਖਾਂਦਾ ਹੋਇਆ ਵੇਖਦੇ ਸਨ। ਉਹ ਲੋਕਾਂ ਵਾਂਗ ਪਲੇਟ ਵਿੱਚ ਖਾਣਾ ਪਾਉਣ ਦੀ ਬਜਾਏ ਵੇਟਰ ਨੂੰ ਕਹਿ ਕੇ ਹਰੇਕ ਪਕਵਾਨ ਦਾ ਇੱਕ ਇੱਕ ਡੌਂਗਾ ਮੇਜ 'ਤੇ ਰਖਵਾ ਲੈਂਦਾ ਸੀ ਤੇ ਸਾਰੇ ਦਾ ਸਾਰਾ ਸਾਫ ਕਰ ਦੇਂਦਾ ਸੀ। ਦਿਨ ਵਿੱਚ ਇੱਕ ਦੋ ਵਾਰ ਨਹੀਂ, ਬਲਕਿ ਜਿੰਨੇ ਸੰਗਤ ਦਰਸ਼ਨ ਹੁੰਦੇ ਸਨ, ਉਨੀ ਵਾਰ। ਉਹ ਖੁਦ ਦੱਸਦਾ ਹੁੰਦਾ ਸੀ ਕਿ ਮੈਂ ਰਾਤ ਨੂੰ ਪੈੱਗ ਲਾਉਣ ਲੱਗਾ ਆਂਡਿਆਂ ਦੀ ਪੂਰੀ ਟਰੇਅ ਖਾ ਜਾਂਦਾ ਹਾਂ ਤੇ ਫਿਰ ਡਿਨਰ ਕਰਦਾ ਹਾਂ। ਬਠਿੰਡੇ ਵਿਖੇ ਤਾਇਨਾਤ ਇੱਕ ਅਫਸਰ ਨੇ ਉਸ ਦੀ ਇੱਕ ਕਰਤੂਤ ਸੁਣਾਈ ਸੀ। ਇੱਕ ਰਾਤ ਉਹ ਅਫਸਰ ਕਿਸੇ ਹੋਟਲ ਵਿੱਚ ਆਪਣੇ ਕੁਝ ਸਾਥੀਆਂ ਨਾਲ ਬੈਠਾ ਸੀ ਕਿ ਉਹ ਇੰਸਪੈਕਟਰ ਵੀ ਉਥੇ ਕਿਸੇ ਵੀ.ਆਈ.ਪੀ ਨਾਲ ਆ ਗਿਆ। ਉਸ ਅਫਸਰ ਨਾਲ ਉਸ ਦੀ ਥੋੜ੍ਹੀ ਬਹੁਤੀ ਵਾਕਫੀ ਸੀ ਜਿਸ ਕਾਰਨ ਬਿਨ ਬੁਲਾਏ ਉਹ ਉਸ ਦੀ ਟੇਬਲ 'ਤੇ ਆ ਬੈਠਾ ਤੇ ਪੂਰੀ ਬੇਸ਼ਰਮੀ ਨਾਲ ਖਾਣਾ ਪੀਣਾ ਸ਼ੁਰੂ ਕਰ ਦਿੱਤਾ। ਉਸ ਨੇ ਟੇਬਲ 'ਤੇ ਪਿਆ ਸਾਰਾ ਸੋਮ ਰਸ ਅਤੇ ਖਾਣਾ ਸਾਫ ਕਰ ਦਿੱਤਾ ਤੇ ਫਿਰ ਬਿਨਾਂ ਕਿਸੇ ਨੂੰ ਪੁੱਛੇ ਇੱਕ ਦੋ ਪਕਵਾਨਾਂ ਦਾ ਹੋਰ ਆਰਡਰ ਦੇ ਦਿੱਤਾ। ਜਿਸ ਦੋਸਤ ਨੇ ਉਸ ਅਫਸਰ ਨੂੰ ਬੁਲਾਇਆ ਸੀ, ਉਸ ਨੇ ਬਿੱਲ ਵਿੱਚ ਚਾਰ ਗੁਣਾ ਇਜ਼ਾਫ਼ਾ ਹੁੰਦਾ ਵੇਖ ਕੇ ਵੇਟਰ ਨੂੰ ਕਹਿ ਦਿੱਤਾ ਕਿ ਇਸ ਤੋਂ ਬਾਅਦ ਜੇ ਕੋਈ ਚੀਜ ਇਸ ਭੁੱਖੜ ਨੇ ਮੰਗਵਾਈ ਤਾਂ ਉਸ ਦੇ ਪੈਸੇ ਇਹ ਹੀ ਦੇਵੇਗਾ। ਪਰ ਬੇਇੱਜ਼ਤੀ ਕਰਵਾ ਕੇ ਵੀ ਉਸ ਦੀ ਭੁੱਖ ਸ਼ਾਂਤ ਨਾ ਹੋਈ। ਪੱਲਿਉਂ ਹੋਰ ਭੋਜਨ ਮੰਗਾਉਣ ਦੀ ਬਜਾਏ ਉਸ ਨੇ ਇੱਕ ਬਹੁਤ ਹੀ ਘਟੀਆਂ ਹਰਕਤ ਕੀਤੀ। ਉਸ ਨੇ ਸਾਰੀਆਂ ਪਲੇਟਾਂ ਵਿੱਚ ਬਚਿਆ ਖੁਚਿਆ ਖਾਣਾ ਆਪਣੀ ਪਲੇਟ ਵਿੱਚ ਪਲਟ ਲਿਆ ਤੇ ਮੱਝ ਦੇ ਗੁਤਾਵਾ ਖਾਣ ਵਾਂਗ ਘਪਰ ਘਪਰ ਖਾ ਗਿਆ। ਉਸ ਦੀ ਇਹ ਕਰਤੂਤ ਵੇਖ ਕੇ ਇੱਕ ਸੈਂਸਟਿਵ ਜਿਹੇ ਬੰਦੇ ਨੂੰ ਦਿਲ ਖਰਾਬ ਹੋ ਜਾਣ ਕਾਰਨ ਬਾਥਰੂਮ ਵੱਲ ਭੱਜਣਾ ਪਿਆ।

> ਉਸ ਅਫਸਰ ਨਾਲ ਉਸ ਦੀ ਥੋੜ੍ਹੀ ਬਹੁਤੀ ਵਾਕਫੀ ਸੀ ਜਿਸ ਕਾਰਨ ਬਿਨ ਬੁਲਾਏ ਉਹ ਉਸ ਦੀ ਟੇਬਲ 'ਤੇ ਆ ਬੈਠਾ ਤੇ ਪੂਰੀ ਬੇਸ਼ਰਮੀ ਨਾਲ ਖਾਣਾ ਪੀਣਾ ਸ਼ੁਰੂ ਕਰ ਦਿੱਤਾ। ਉਸ ਨੇ ਟੇਬਲ 'ਤੇ ਪਿਆ ਸਾਰਾ ਸੋਮ ਰਸ ਅਤੇ ਖਾਣਾ ਸਾਫ ਕਰ ਦਿੱਤਾ ਤੇ ਫਿਰ ਬਿਨਾਂ ਕਿਸੇ ਨੂੰ ਪੁੱਛੇ ਇੱਕ ਦੋ ਪਕਵਾਨਾਂ ਦਾ ਹੋਰ ਆਰਡਰ ਦੇ ਦਿੱਤਾ। ਜਿਸ ਦੋਸਤ ਨੇ ਉਸ ਅਫਸਰ ਨੂੰ ਬੁਲਾਇਆ ਸੀ, ਉਸ ਨੇ ਬਿੱਲ ਵਿੱਚ ਚਾਰ ਗੁਣਾ ਇਜ਼ਾਫ਼ਾ ਹੁੰਦਾ ਵੇਖ ਕੇ ਵੇਟਰ ਨੂੰ ਕਹਿ ਦਿੱਤਾ ਕਿ ਇਸ ਤੋਂ ਬਾਅਦ ਜੇ ਕੋਈ ਚੀਜ ਇਸ ਭੁੱਖੜ ਨੇ ਮੰਗਵਾਈ ਤਾਂ ਉਸ ਦੇ ਪੈਸੇ ਇਹ ਹੀ ਦੇਵੇਗਾ। ਪਰ ਬੇਇੱਜ਼ਤੀ ਕਰਵਾ ਕੇ ਵੀ ਉਸ ਦੀ ਭੁੱਖ ਸ਼ਾਂਤ ਨਾ ਹੋਈ। ਪੱਲਿਉਂ ਹੋਰ ਭੋਜਨ ਮੰਗਾਉਣ ਦੀ ਬਜਾਏ ਉਸ ਨੇ ਇੱਕ ਬਹੁਤ ਹੀ ਘਟੀਆਂ ਹਰਕਤ ਕੀਤੀ। ਉਸ ਨੇ ਸਾਰੀਆਂ ਪਲੇਟਾਂ ਵਿੱਚ ਬਚਿਆ ਖੁਚਿਆ ਖਾਣਾ ਆਪਣੀ ਪਲੇਟ ਵਿੱਚ ਪਲਟ ਲਿਆ ਤੇ ਮੱਝ ਦੇ ਗੁਤਾਵਾ ਖਾਣ ਵਾਂਗ ਘਪਰ ਘਪਰ ਖਾ ਗਿਆ। ਉਸ ਦੀ ਇਹ ਕਰਤੂਤ ਵੇਖ ਕੇ ਇੱਕ ਸੈਂਸਟਿਵ ਜਿਹੇ ਬੰਦੇ ਨੂੰ ਦਿਲ ਖਰਾਬ ਹੋ ਜਾਣ ਕਾਰਨ ਬਾਥਰੂਮ ਵੱਲ ਭੱਜਣਾ ਪਿਆ।

# ਸਾਡੇ ਭਾਈਚਾਰੇ ਦਾ ਮਾਣ: ਲਵਪ੍ਰੀਤ ਕੌਰ ਦਿਓ ਜਿਸ ਨੇ ਇਤਿਹਾਸ ਰਚਿਆ

"ਬੇਹਿਮਤੇ ਨੇ ਉਹ ਲੋਕ ਜੋ ਸ਼ਿਕਵਾ ਕਰਨ ਮੁਕਦਰਾਂ ਦਾ
ਉੱਗਣ ਵਾਲੇ ਉੱਗ ਪੈਂਦੇ ਹਨ ਸੀਨਾ ਪਾੜ ਕੇ ਪੱਥਰਾਂ ਦਾ"
(ਬਾਬਾ ਨਜ਼ਮੀ)

ਸਾਡੇ ਸਾਰਿਆਂ ਲਈ ਇੱਕ ਮਾਣ ਵਾਲੀ ਗੱਲ ਹੈ ਕਿ ਸਾਡੇ ਭਾਈਚਾਰੇ ਦੀ ਬੱਚੀ ਲਵਪ੍ਰੀਤ ਦਿਓ ਕੈਨੇਡਾ ਭਰ ਵਿੱਚੋਂ ਚੁਣੀਆਂ 25 ਇਸਤ੍ਰੀਆਂ ਵਿੱਚੋਂ ਇੱਕ ਹੈ। ਜਿਨ੍ਹਾਂ ਨੇ ਆਪੋ ਆਪਣੇ ਫ਼ੀਲਡ ਵਿੱਚ ਵਿਲੱਖਣ ਪ੍ਰਪਤੀਆਂ ਕੀਤੀਆਂ ਹਨ। 4 ਅਪ੍ਰੈਲ 2023 ਨੂੰ ਟਰੰਟੋ ਵਿੱਚ ਇਨ੍ਹਾਂ ਨੂੰ 'ਵੋਮਿਨ ਆਫ਼ ਇਨਫਲੂਇੰਸ ਔਰਗੇਨਾਇਜ਼ੇਸ਼ਨ' ਵੱਲੋਂ ਸਨਮਾਨਿਤ ਕੀਤਾ ਗਿਆ ਸਾਨੂੰ ਕੈਲਗਰੀ ਨਿਵਾਸੀਆਂ ਨੂੰ ਮਾਣ ਹੈ ਕਿ ਲਵਪ੍ਰੀਤ ਨੇ ਵੀ ਇਹ ਮਾਣ ਸਨਮਾਣ ਪ੍ਰਪਤ ਕੀਤਾ ਹੈ।

ਅੱਜ ਅਸੀਂ ਗੱਲ ਉਸੇ ਬੱਚੀ ਦੀ ਕਰਨ ਜਾ ਰਹੇ ਹਾਂ ਜੋ ਅਸੰਭਵ ਨੂੰ ਸੰਭਵ ਬਣਾਉਣ ਵਿੱਚ ਯ਼ਕੀਨ ਰੱਖਦੀ ਹੈ। ਕੈਲਗਰੀ ਦੇ ਗੁਆਢੀ ਟਾਊਨ ਏਅਰਡੀ ਵਿੱਚ ਸ੍ਰ. ਹਰਦਿਆਲ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦੀ ਬੱਚੀ ਲਵਪ੍ਰੀਤ ਕੌਰ ਸੈਰੇਵਲ ਪਾਲਸੀ ਤੋਂ ਪੀੜਤ ਹੈ ਪਰ ਅੱਜ ਤੱਕ ਇਸ ਬੱਚੀ ਨੇ ਇਹ ਕਦੇ ਨਹੀਂ ਮਹਿਸੂਸ ਕੀਤਾ ਕਿ ਉਹ ਕਿਸੇ ਦੂਜੇ, ਜੋ ਪੂਰੀ ਤਰ੍ਹਾਂ ਤੰਦਰੁਸਤ ਬੱਚਿਆਂ ਨਾਲੋਂ ਘੱਟ ਹੈ।ਕੈਲਗਰੀ ਵਿੱਚ ਇੱਕ ਸੰਸਥਾ ਹੈ 'ਸੇਰੇਵਲ ਪਾਲਸੀ ਆਫ਼ ਅਲਬਰਟਾ' ਜਿਸ ਦੀ ਬਹੁਤ ਹੀ ਸਰਗਰਮ ਮੈਂਬਰ ਹੈ।ਲਵਪ੍ਰੀਤ ਪਿਛਲੇ ਚਾਲ਼ੀ ਸਾਲਾਂ ਤੋ ਇਸ ਬਿਮਾਰੀ ਨਾਲ ਪੀੜਤ ਲੋਕਾਂ ਦੀ ਮਦਦ ਕਰਦੀ ਆ ਰਹੀ ਹੈ। ਇਸ ਸੰਸਥਾ ਨਾਲ ਰਲ ਕੇ ਲਵਪ੍ਰੀਤ ਨੇ ਇਸ ਬਿਮਾਰੀ ਨਾਲ ਜੂਝ ਰਹੇ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸੰਬੰਧੀਆਂ ਨੂੰ ਸੁਚੇਤ ਲਈ ਅਤੇ ਉਨ੍ਹਾਂ ਦੀ ਭਲਾਈ ਲਈ ਫ਼ੰਡ ਇੱਕਠਾ ਕਰਨ ਵਿੱਚ ਹੈਰਾਨੀਜਨਕ ਰੋਲ ਨਿਭਾ ਰਹੀ ਹੈ।

3 ਦਸੰਬਰ, 2021 'ਇੰਨਰਨੈਸ਼ਨਲ ਡੇ ਫਾਰ ਪਰਸਨ ਵਿੱਧ ਡਿਸਏਬਲੀ' ਕੈਨੇਡਾ ਵਿੱਚ ਮਨਾਇਆ ਗਿਆ। ਇਸ ਦਿਨ 'ਤੇ ਲਵਪ੍ਰੀਤ ਕੌਰ ਦੇਓ ਨੂੰ ਪ੍ਰੀਮੀਅਰ ਕੌਂਸਲ ਆਨ 'ਸਟੇਟਸ ਆਫ਼ ਪਰਸਨ ਵਿੱਧ ਡਿਸਏਬਲਟੀਜ਼ ਐਵਾਰਡ ਆਫ਼ ਐਕਸਲੈਂਟ ਇਨ ਏਰੀਆ ਆਫ਼ ਪਬਲਿਕ ਅਵੇਅਰਨਿਸ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਹਰ ਸਾਲ ਅਲਬਰਟਾ ਪ੍ਰੀਮੀਅਰ ਕੌਂਸਲ ਵੱਲੋਂ ਕਿਸੇ ਇੱਕ ਵਿਅਕਤੀ, ਕਿਸੇ ਇੱਕ ਟੀਮ ਜਾਂ ਕਿਸੇ ਸੰਸਥਾ ਨੂੰ ਦਿੱਤਾ ਜਾਂਦਾ ਹੈ। ਇਹ ਐਵਾਰਡ ਵੀ ਲਵਪ੍ਰੀਤ ਦੀ ਝੋਲ਼ੀ ਪਿਆ ਹੈ। ਲਵਪ੍ਰੀਤ ਅਸੰਭਵ ਨੂੰ ਸੰਭਵ ਬਣਾਉਣ ਵਿੱਚ ਵਿਸ਼ਵਾਸ਼ ਰੱਖਦੀ ਕਰਕੇ, ਉਸ ਨੇ 2021 ਵਿੱਚ ਕੈਲਗਰੀ ਡਾਉਨ ਟਾਉਨ ਵਿੱਚ 167 ਮਕਹਿਊ ਬਲਫ਼ ਵੂਡਨ ਸਟੈਅਰਜ਼ (ਲੱਕੜ ਦੀਆਂ ਪੌੜੀਆਂ) ਚੜ੍ਹ ਕੇ ਰਿਕਾਰਡ ਬਣਾਇਆ ਹੈ।ਇੱਥੇ ਹੀ ਬੱਸ ਨਹੀਂ ਲਵਪ੍ਰੀਤ ਨੇ 2 ਹਜ਼ਾਰ ਕਿਲੋਮੀਟਰ ਟ੍ਰਾਈਸਾਇਕਲ ਚਲਾ ਕੇ ਵੀ ਰਿਕਾਰਡ ਬਣਾਇਆ।ਇਸ ਤੋਂ ਬਾਅਦ 2022 ਵਿੱਚ ਸਿਗਨਲ ਹਿੱਲ ਸਾਉਥ ਵਿਸਟ ਕੈਲਗਰੀ ਵਿੱਚ 180 ਪੌੜੀਆਂ ਚੜ੍ਹ ਕੇ ਰਿਕਾਡ ਕਾਇਮ ਕੀਤਾ।ਜੋ ਕਿ ਕਿਸੇ ਤੰਦਰੁਸਤ ਵਿਅਕਤੀ ਲਈ ਵੀ ਔਖਾ ਹੈ।



ਲਵਪ੍ਰੀਤ ਇਨ੍ਹਾਂ ਪ੍ਰਪਤੀਆਂ ਦੇ ਨਾਲ ਨਾਲ ਉਹ ਅਪਣੇ ਅਤੇ ਦੂਜਿਆਂ ਦੇ ਹੱਕਾਂ ਲਈ ਅਵਾਜ਼ ਉਠਾਣ ਦਾ ਹੌਸਲਾ ਰੱਖਦੀ ਹੈ।ਇੱਥੇ ਮੈਂ ਦੋ ਉਦਾਹਰਨਾਂ ਦੇਣਾ ਚਾਹਾਂਗਾ। ਪਹਿਲੀ ਇਹ ਕਿ ਹਰ ਸਾਲ ਟੈਰੀ ਫੌਕਸ ਨੂੰ ਯਾਦ ਕਰਨ ਲਈ ਰੇਸ ਲਈ ਜਾਂਦੀ ਹੈ। ਪਿੱਛੇ ਜਿਹੇ ਕੈਲਗਰੀ ਦੇ ਡਿਸਏਬਲ ਲੋਕਾਂ ਨੇ ਹਿੱਸਾ ਲੈਣਾ ਚਾਹਿਆ ਤਾਂ ਉਨ੍ਹਾਂ ਦੀ ਸੰਸਥਾ ਨੇ ਮਨ੍ਹਾਂ ਕਰ ਦਿੱਤਾ ਪਰ ਜਦ ਲਵਪ੍ਰੀਤ ਨੇ ਜ਼ੋਰਦਾਰ ਅਵਾਜ਼ ਉਠਾਈ ਕਿ ਤਸੀਂ ਸਾਡੇ ਨਾਲ ਵਿਤਕਰਾ ਕਰ ਰਹੇ ਹੋ ਤਾਂ ਉਨ੍ਹਾਂ ਨੂੰ ਅਪਣਾ ਫ਼ੈਸਲਾ ਬਦਲਣਾ ਪਿਆ। ਦੂਜੀ ਇੱਕ ਤਾਜਾ ਉਦਾਹਰਣ ਹੈ ਕਿ ਜਦੋਂ ਉਹ 4 ਅਪ੍ਰੈਲ 2023 ਨੂੰ ਆਪਣਾ ਐਵਾਰਡ ਲੈਣ ਟਰੰਟੋ ਗਈ ਤਾਂ ਉੱਥੇ ਰੈਂਪ ਨਾ ਹੋਣ ਕਰਕੇ ਲਵਪ੍ਰੀਤ ਨੇ ਗਿਲ੍ਹਾ ਕੀਤਾ ਕਿ ਡਿਸਏਬਲ ਲੋਕਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਵਪ੍ਰੀਤ ਦੀ ਇਸ ਗੱਲ ਨੂੰ ਲੈ ਕੇ ਓਨਟੈਰੀਓ ਸਰਕਾਰ ਦੇ ਨੁਮਾਇਦੇ ਨੇ ਐਲਾਨ ਜਾਰੀ ਕੀਤਾ ਕਿ ਅੱਜ ਤੋਂ ਬਾਅਦ ਓਨਟੈਰੀਓ ਵਿੱਚ ਕੋਈ ਵੀ ਬਿਲਡਿੰਗ ਰੈਂਪ ਤੋਂ ਬਿਨਾਂ ਨਹੀਂ ਹੋਵੇਗੀ।ਕਿੰਨੇ ਮਾਣ ਦੀ ਗੱਲ ਹੈ, ਨਹੀਂ ਤਾਂ ਸਾਲਾਂ ਬੱਧੀ ਸਰਕਾਰਾਂ ਦੇ ਕੰਨ ਤੇ ਜੂੰ ਨਹੀਂ ਸਰਕਦੀ।ਇਸ ਕੰਮ ਦਾ ਸੇਹਿਰਾ ਵੀ ਲਵਪ੍ਰੀਤ ਦੇ ਸਿਰ ਹੈ।



ਸੋ ਸਾਨੂੰ ਇਹੋ ਜਿਹੇ ਬੱਚਿਆਂ ਤੇ ਹਮੇਸ਼ਾਂ ਮਾਣ ਰਹੇਗਾ ਜਿਹੜੇ ਕਿਸੇ ਵੀ ਤਰ੍ਹਾਂ ਦੀ ਮਾਨਸਿਕ ਜਾਂ ਸਰੀਰਕ ਘਾਟ ਨੂੰ ਆਪਣੇ ਰਾਹ ਦਾ ਰੋੜਾ ਨਹੀਂ ਬਣਨ ਦਿੰਦੇ। ਸਿਰੜ ਮਿਹਨਤ ਤੇ ਲਗਨ ਨਾਲ ਅਗੇ ਵਧਦੇ ਜਾਂਦੇ ਹਨ।ਆਪਣੇ ਹੱਕਾਂ ਲਈ ਅਤੇ ਦੂਜਿਆਂ ਦੇ ਹੱਕਾਂ ਲਈ ਵੀ ਲੜਦੇ ਖੜ੍ਹਦੇ ਹਨ।

ਅਸੀਂ ਲਵਪ੍ਰੀਤ, ਉਸਦੇ ਪਰਿਵਾਰ, ਉਸ ਦੇ ਕੋਚਾਂ ਅਤੇ ਏਅਰਡੀ ਦਾ ਸਾਰਾ ਭਾਈਚਾਰੇ ਨੂੰ ਜੋ ਉਸ ਨੂੰ ਸਫ਼ਲਤਾ ਵੱਲ ਵਧਦੇ ਕਦਮਾਂ ਵਿੱਚ ਮਦਦ ਕਰਦਾ ਹੈ ਸਭ ਨੂੰ ਵਧਾਈ ਦਿੰਦੇ ਹਾਂ। ਸਾਨੂੰ ਲਵਪ੍ਰੀਤ ਵਰਗੇ ਬੱਚਿਆਂ ਤੇ ਹਮੇਸ਼ਾਂ ਮਾਣ ਰਹੇਗਾ ਜੋ ਆਪਣੀ ਹਿੰਮਤ ਅਤੇ ਦਿਰੜ ਇਰਾਦਿਆਂ ਨਾਲ ਅਗੇ ਵਧਦੇ ਹਨ। ਇਹ ਅਨੋਖੀ ਅਥਲੀਟ ਸਾਡੇ ਸਾਰਿਆਂ ਲਈ ਰੋਲ ਮਾਡਲ ਦਾ ਕੰਮ ਕਰਦੀ ਹੈ।

ਜਦੋਂ ਉਸ ਨੂੰ ਸਵਾਲ ਕੀਤਾ ਗਿਆ ਕਿ ਇਹ ਸਭ ਕੁਝ ਕਿਸ ਤਰ੍ਹਾਂ ਸੰਭਵ ਹੋਇਆ ਤਾਂ ਉਸ ਦਾ ਕਹਿਣਾ ਹੈ ਕਿ ਹਰ ਚੀਜ਼ ਸੰਭਵ ਹੈ ਜੇਕਰ ਤੁਸੀਂ ਦਿਰੜ ਇਰਾਦੇ ਅਤੇ ਮਿਹਨਤ ਨਾਲ ਆਪਣੇ ਨਿਸ਼ਾਨੇ ਵੱਲ ਇੱਕ ਇੱਕ ਕਰਕੇ ਕਦਮ ਵਧਦੇ ਜਾਂਦੇ ਹੋ।ਸੋ ਇੱਕ ਵਾਰ ਫੇਰ ਅਸੀਂ ਅਪਣੇ ਵੱਲੋਂ ਦਿਲ ਦੀਆਂ ਗਹਿਰਾਈਆਂ ਚੋਂ ਵਧਾਈ ਦਿੰਦੇ ਹਾਂ।

ਸਤਨਾਮ ਸਿੰਘ ਢਾਅ
ਕੈਲਗਰੀ, ਅਲਬਰਟਾ




## ਮਹਿੰਗਾਈ ਦੇ ਨਾਲ-ਨਾਲ ਘਰਾਂ ਦੇ ਬੇਤਹਾਸ਼ਾ ਵਧੇ ਹੋਏ ਕਿਰਾਇਆਂ ਤੋਂ ਲੋਕ ਹੋਏ ਪ੍ਰੇਸ਼ਾਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਪਾਸੇ ਜਿੱਥੇ ਮਹਿੰਗਾਈ ਨੇ ਪਹਿਲਾਂ ਹੀ ਕੈਨੇਡਾ ਵਾਸੀਆਂ ਦਾ ਲੱਕ ਤੋੜਿਆ ਹੋਇਆ ਹੈ ਅਤੇ ਇਸ ਦੇ ਨਾਲ ਹੀ ਗਰੋਸਰੀ ਦੀਆਂ ਬੇਹੱਦ ਜ਼ਿਆਦਾ ਵਧੀਆਂ ਹੋਈਆਂ ਕੀਮਤਾਂ ਕਾਰਨ ਵੀ ਰੋਜ਼ਾਨਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਔਖੀਆਂ ਹੋ ਗਈਆਂ ਹਨ ਅਤੇ ਉਹ ਲੋਕ ਜੋ ਕਿਰਾਏ ਦੇ ਘਰਾਂ ਤੇ ਰਹਿਣ ਲਈ ਮਜਬੂਰ ਹਨ ਉਨ੍ਹਾਂ ਦੀਆਂ ਸਮੱਸਿਆਵਾਂ ਹੋਰ ਵੀ ਜ਼ਿਆਦਾ ਵਧ ਗਈਆਂ ਹਨ ਕਿਉਂਕਿ ਇੱਕ ਸਾਲ ਦੇ ਸਮੇਂ ਦੌਰਾਨ ਹੀ ਕਿਰਾਇਆਂ ਵਿੱਚ ਭਾਰੀ ਵਾਧਾ ਹੋਇਆ ਹੈ।

## VAISAKHI NAGAR KIRTAN COMMITTEE

GURDWARA MILLWOODS (780-450-3844/0322) – SIRI GURU NANAK SIKH GURDWARA OF ALBERTA 780-451-4519
GURDWARA SIRI GURU SINGH SABHA (780-462-7454)
2606 Mill Woods Road East NW, Edmonton, AB, T6L 5Y3 nagarkirtanedmonton@gmail.com

ਅਲਬਰਟਾ ਨਿਵਾਸੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ॥

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਖ਼ਾਲਸੇ ਦਾ ਸਿਰਜਨਾ ਦਿਵਸ ਮਨਾਉਣ ਲਈ ਐਡਮਿੰਟਨ ਸ਼ਹਿਰ ਵਿਖੇ ਵੈਸਾਖੀ ਨਗਰ ਕੀਰਤਨ ਦਾ ਪ੍ਰਬੰਧ ਐਤਵਾਰ, 21 ਮਈ 2023 ਨੂੰ ਉਤਸ਼ਾਹ, ਸ਼ਰਧਾ, ਅਤੇ ਸਤਿਕਾਰ ਸਹਿਤ ਕੀਤਾ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਮਹਾਨ ਦਿਹਾੜੇ ਤੇ ਪਰਿਵਾਰਾਂ ਸਮੇਤ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਜੀ।

ਇਸ ਸਾਲ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਦੁਪਹਿਰ 12:00 ਬਜੇ ਅਰੰਭ ਹੋਵੇਗਾ ਅਤੇ ਮਿਲਵੱਡਜ਼ ਰੋਡ ਸਾਉਥ ਰਾਹੀਂ ਨਗਰ ਕੀਰਤਨ ਟੀ. ਡੀ. ਬੇਕਰ ਸਕੂਲ ਦੇ ਕੋਲ ਦੇ ਖੇਡ ਮੈਦਾਨਾਂ ਵਿਚ ਪਹੁੰਚੇਗਾ ਜਿਥੇ ਵੱਡੀ ਧਾਰਮਿਕ ਸਟੇਜ ਸਜਾਈ ਜਾਵੇਗੀ। ਧਾਰਮਿਕ ਬੁਲਾਰਿਆਂ ਤੋਂ ਸਿਵਾ, ਇਥੇ ਬਾਹਰੋਂ ਆਏ ਮਹਿਮਾਨ ਆਪਣੀਆਂ ਸ਼ੁਭ ਇਛਾਵਾ ਲੈਕੇ ਪਹੁੰਚਣਗੇ। ਸਿੱਖ ਸ਼ਰਧਾਲੂਆਂ ਅਤੇ ਵਿਓਪਾਰੀ ਵੀਰਾਂ ਭੈਣਾਂ ਵਲੋਂ ਗੁਰਦੁਅਰਿਆਂ ਤੋਂ ਸਿਵਾ ਇਥੇ ਖਾਣੇ ਵਗੈਰਾ ਦੇ ਸਟਾਲ ਵੀ ਲਾਏ ਜਾਣਗੇ। ਇਥੋਂ ਚਲਕੇ ਮਿਲਵੱਡਜ਼ ਰੋਡ ਈਸਟ ਰਾਹੀਂ ਨਗਰ ਕੀਰਤਨ ਗੁਰਦੁਆਰਾ ਮਿੱਲਵੁਡਜ਼ ਪੁਜੇਗਾ ਅਤੇ ਇਥੇ ਸ਼ਾਮ 5:00 ਬਜੇ ਅਰਦਾਸ ਕਰਕੇ ਨਗਰ ਕੀਰਤਨ ਦੀ ਸਮਾਪਤੀ ਹੋਵੇਗੀ।

ਇਸ ਸਾਰੇ ਮਹਾਨ ਕਾਰਜ ਲਈ ਸਾਨੂੰ ਵਾਲੰਟੀਅਰ ਸੇਵਾਦਾਰਾਂ ਦੀ ਲੋੜ ਹੈ।ਜੋ ਵੀ ਵੀਰ ਭੈਣ ਸੇਵਾ ਵਿੱਚ ਹਿੱਸਾ ਪਾਉਣ ਲਈ ਸਮਾਂ ਕੱਢ ਸਕਦੇ ਹਨ ਉਹ ਵਿਸਾਖੀ ਨਗਰ ਕੀਰਤਨ ਕਮੇਟੀ ਜਾਂ ਗੁਰਦੁਆਰਾ ਮਿਲਵੁਡਜ਼ (780-450-3844), ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 ਜਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (780-462-7454-) ਦੇ ਪ੍ਰਬੰਧਕਾਂ ਨਾਲ ਜਾਂ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕਰਨ ਜੀ।

2023 ਨਗਰ ਕੀਰਤਨ ਦੌਰਾਨ ਖਾਣੇ ਵਗੈਰਾ ਦੇ ਬਹੁਤੇ ਸਟਾਲ ਟੀ. ਡੀ. ਬੇਕਰ ਸਕੂਲ ਦੇ ਕੋਲ ਦੇ ਖੇਡ ਮੈਦਾਨਾਂ ਵਿਚ ਲਗਣਗੇ। ਜੋ ਵੀ ਸਿੱਖ ਸ਼ਰਧਾਲੂ ਜਾਂ ਵਿਓਪਾਰੀ ਵੀਰ ਭੈਣ ਇਥੇ ਸਟਾਲ ਲਾਉਣਾ ਚਾਹੁੰਦੇ ਹਨ ਉਹ ਸ. ਕਰਨੈਲ ਸਿੰਘ ਭੰਮਰਾ ਨੂੰ 780-990-6166 ਤੇ ਫੋਨ ਕਰ ਸਕਦੇ ਹਨ। ਸਟਾਲ ਲਾਉਣ ਵਾਲੇ ਵੀਰਾਂ ਅਤੇ ਭੈਣਾਂ ਨੂੰ ਯਕੀਨੀ ਬਣਾਉਣਾ ਪਵੇਗਾ ਕਿ ਉਨਾਂ ਨੂੰ Alberta Health Services (AHS) ਅਤੇ ਹੋਰ ਸਬੰਧਤ ਮਹਿਕਮਿਆਂ ਦੇ ਨਿਯਮਾਂ ਤੇ ਸ਼ਰਤਾਂ ਬਾਰੇ ਪੂਰੀ ਜਾਣਕਾਰੀ ਹੈ ਜਿੰਨਾਂ ਮੁਤਾਬਕ ਸਟਾਲ ਲਾਏ ਜਾ ਸਕਦੇ ਹਨ। ਸਟਾਲ ਲਾਉਣ ਪਰਮਿਟ ਲੈਣ ਦੀ AHS ਨੂੰ ਅਰਜ਼ੀ ਦੇਣ ਦੀ ਆਖਰੀ ਤਾਰੀਖ਼ ਐਤਵਾਰ, 23 ਅਪਰੈਲ, 2023 ਮਿਥੀ ਗਈ ਹੈ। ਹੋਰ ਜਾਣਕਾਰੀ ਲਈ ਸ. ਕਰਨੈਲ ਸਿੰਘ ਭੰਮਰਾ ਨੂੰ 780-990-6166 ਤੇ ਫੋਨ ਕਰੋ ਜੀ।

ਖ਼ਾਲਸੇ ਦੇ ਸਾਜਨਾ ਦਿਵਸ ਦੇ ਸਬੰਧ ਵਿੱਚ ਹੀ ਸੰਗਤਾਂ ਦੇ ਉਤਸ਼ਾਰ ਨੂੰ ਦੇਖਦੇ ਹੋਏ ਸਨਿੱਚਰਵਾਰ 8 ਅਪ੍ਰੈਲ, 2023 ਨੂੰ ਸਵੇਰ 6:00 ਬਜੇ ਗੁਰਦੁਆਰਾ ਮਿੱਲਵੁਡਜ਼ ਵਿਖੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਗਿਆ ਹੈ। ਸਿੱਖ ਨੂੰ ਜੀਵਨ ਵਿੱਚ ਅਨੁਸ਼ਾਸਨ ਲਿਆਉਣ ਲਈ, ਸ਼ਬਦ-ਨਾਮ ਦੀ ਦੀਖਿਆ ਲੈ ਕੇ ਜੀਵਨ ਯਾਤਰਾ ਸਫ਼ਲ ਕਰਨ ਲਈ, ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਣ ਲਈ, ਅਤੇ ਸੰਤ-ਸਿਪਾਹੀ ਦੇ ਆਦ੍ਰਸ਼ਿਕ ਜੀਵਨ ਵੱਲ ਤੁਰਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਜ਼ਰੂਰੀ ਹੈ। ਅੰਮ੍ਰਿਤ ਅਭਿਲਾਖ਼ੀਆਂ ਪਾਸ ਬੇਨਤੀ ਹੈ ਕਿ ਆਪਣੇ ਨਾਮ ਛੇਤੀ ਤੋਂ ਛੇਤੀ ਗੁਰਦੁਆਰਾ ਮਿਲਵੁਡਜ਼ (780-450-3844), ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 ਜਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (780-462-7454) ਪਾਸ ਦੇਣ ਦੀ ਕ੍ਰਿਪਾਲਤਾ ਕਰਨੀ ਜੀ। ਲੋੜੀਂਦੇ ਕਕਾਰ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਸੰਗਤਾਂ ਦੇ ਦਾਸ

ਕਰਨੈਲ ਸਿੰਘ ਭੰਮਰਾ
ਚੇਅਰਮੈਨ, (780) 990-6166

ਗੁਰਚਰਨ ਸਿੰਘ ਸੰਘਾ
ਸਕੱਤਰ, (780) 660-9961

31 ਮਾਰਚ, 2023




# ਇਹ ਵਕਤ ਕਿਸੇ ਦੇ ਪਿਓ ਦਾ ਨਹੀਂ





ਇਹ ਵਕਤ ਕਿਸੇ ਦੇ ਪਿਓ ਦਾ ਨਹੀਂ
ਕੀ ਪਤੈ ਕਦੋਂ ਫਿਰ ਜਾਵੇ
ਪਤਾ ਓਦੋਂ ਲੱਗਦੈ
ਜਦ ਪੰਛੀ
ਪਿੰਜਰੇ ਦੇ ਵਿੱਚ ਘਿਰ ਜਾਵੇ

1969 ਵਿੱਚ ਪਾਕਿਸਤਾਨੀ ਫੌਜ ਦੇ ਮੁੱਖੀ ਜਰਨਲ ਆਗਾ ਮੁਹੰਮਦ ਯਹੀਆ ਖਾਨ ਪਾਕਿਸਤਾਨ ਦੇ ਤਖ਼ਤ ਤੇ ਕਾਬਜ ਹੋ ਗਏ। ਉਸ ਵੇਲੇ ਉਹ ਪਾਕਿਸਤਾਨ ਦੇ ਸਭ ਤੋਂ ਤਾਕਤਵਰ ਵਿਅਕਤੀ ਸਨ, ਜੋ ਪਾਕਿਸਤਾਨ ਦੇ ਤੀਸਰੇ ਰਾਸ਼ਟਰਪਤੀ ਬਣੇ। ਉਸਦੇ ਸ਼ਾਸ਼ਨ ਕਾਲ ਵਿੱਚ ਹੀ 1971 ਦੀ ਭਾਰਤ ਪਾਕਿਸਤਾਨ ਜੰਗ ਹੋਈ। ਇਸ ਜੰਗ ਵਿੱਚ ਪਾਕਿਸਤਾਨ ਨੂੰ ਮੂੰਹ ਦੀ ਖਾਣੀ ਪਈ। ਪਾਕਿਸਤਾਨ ਦੋ ਹਿੱਸਿਆਂ ਵਿੱਚ ਵੰਡਿਆ ਗਿਆ।ਦੁਨੀਆਂ ਦੇ ਨਕਸ਼ੇ ਉੱਤੇ ਬੰਗਲਾ ਦੇਸ਼, ਇੱਕ ਨਵਾਂ ਦੇਸ਼ ਬਣਕੇ ਹੋਂਦ ਵਿੱਚ ਆਇਆ।

ਜਰਨਲ ਯਹੀਆ ਖਾਂ ਤਾਕਤ ਦੇ ਨਸ਼ੇ ਦੇ ਨਾਲ ਨਾਲ ਹੋਰ ਵੀ ਕਈ ਨਸ਼ਿਆਂ ਦੇ ਆਦੀ ਸਨ। ਇੱਕ ਵਾਰ ਦੀ ਗੱਲ ਹੈ ਕਿ ਪਾਕਿਸਤਾਨ ਦੀ ਮਸ਼ਹੂਰ ਗਾਇਕਾ ਨੂਰ ਜਹਾਂ ਦੀ ਫਲਾਈਟ ਰੁਕ ਗਈ। **ਰੇਡੀਓ** ਅਧਿਕਾਰੀਆਂ ਨੇ ਨੂਰ ਜਹਾਂ ਨੂੰ **ਰੇਡੀਓ** ਸਟੇਸ਼ਨ ਤੇ ਬੁਲਾ ਕੇ ਉਸਦੇ ਤਿੰਨ ਗੀਤ ਰਿਕਾਰਡ ਕਰ ਲਏ।

ਰਿਕਾਰਡਿੰਗ ਕਰ ਕੇ ਨੂਰ ਜਹਾਂ ਨੇ ਰੇਡੀਓ ਸਟੇਸ਼ਨ ਅਧਿਕਾਰੀ ਨੂੰ ਕਿਹਾ ਕਿ ਰਾਸ਼ਟਰਪਤੀ ਯਹੀਆ ਖਾਂ ਨੂੰ ਫੋਨ ਕਰੋ। ਸਟੇਸ਼ਨ ਅਧਿਕਾਰੀ ਡਰ ਗਏ। ਨੂਰ ਜਹਾਂ ਨੇ ਖੁਦ **ਰੇਡੀਓ** ਸਟੇਸ਼ਨ ਦੇ ਫੋਨ ਤੋਂ ਯਹੀਆ ਖਾਂ ਨੂੰ ਫੋਨ ਲਾ ਲਿਆ ਤੇ ਕਿਹਾ " ਮੈਂ **ਰੇਡੀਓ** ਤੋਂ ਤਿੰਨ ਗੀਤ ਰਿਕਾਰਡ ਕੀਤੇ ਨੇ ਸ਼ਾਮੀਂ ਅੱਠ ਵਜੇ ਸੁਣ ਲਵੀਂ"।

ਰੇਡੀਓ ਅਧਿਕਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿਉਂਕਿ ਅੱਠ ਵਜੇ ਖਬਰਾਂ ਦਾ ਸਮਾਂ ਸੀ। ਆਖਿਰ ਖਬਰਾਂ ਤੋਂ ਤੁਰੰਤ ਬਾਅਦ ਅਧਿਕਾਰੀਆਂ ਨੂੰ ਨੂਰ ਜਹਾਂ ਦੇ ਉਹ ਗੀਤ ਚਲਾਉਣੇ ਪਏ।

ਨੂਰ ਜਹਾਂ ਤੋਂ ਪਹਿਲਾਂ ਯਹੀਆ ਖਾਂ ਦੀ ਦੋਸਤੀ ਅਕਲੀਮ ਅਖਤਰ ਨਾਲ ਹੋ ਗਈ ਸੀ। ਅਕਲੀਮ ਅਖਤਰ ਬਹੁਤ ਸੁੰਦਰ ਔਰਤ ਸੀ। ਜਿਸਨੂੰ ਰਾਣੀ ਜਰਨਲ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਅਕਲੀਮ ਅਖਤਰ ਉਰਫ ਰਾਣੀ ਜਨਰਲ ਬਾਰੇ ਕਿਸੇ ਇੱਕ ਵੱਖਰੀ ਲਿਖਤ ਵਿੱਚ ਲਿਖਾਂਗਾ ਪਰ ਇੰਨਾਂ ਕੁ ਦੱਸ ਦੇਵਾਂ ਕਿ ਪ੍ਰਸਿੱਧ ਪੱਤਰਕਾਰ ਅਰੂਸਾ ਆਲਮ, ਰਾਣੀ ਜਰਨਲ ਦੀ ਹੀ ਧੀ ਹੈ। ਯਹੀਆ ਖਾਨ ਦੇ ਸਮੇਂ ਰਾਣੀ ਜਰਨਲ ਪਾਕਿਸਤਾਨ ਦੀ ਸਭ ਤੋਂ ਤਾਕਤਵਰ ਔਰਤ ਸੀ। ਵੱਡੇ ਵੱਡੇ ਅਫਸਰਾਂ ਦੇ ਕੰਮ ਉਸਦੇ ਕਹਿਣ ਤੇ ਹੀ ਹੁੰਦੇ ਸਨ।

ਜੰਗ ਵਿੱਚ ਹਾਰ ਜਾਣ ਤੋਂ ਬਾਅਦ ਪਾਕਿਸਤਾਨ ਦੀ ਵਾਗਡੋਰ ਜੁਲਫਕਾਰ ਅਲੀ ਭੁੱਟੋ ਦੇ ਹੱਥ ਆ ਗਈ

ਯਹੀਆ ਖਾਨ ਨੂੰ ਪਾਕਿਸਤਾਨ ਦੇ ਲੋਕ ਨਫ਼ਰਤ ਕਰਨ ਲੱਗ ਪਏ। ਭੁੱਟੋ ਨੇ ਯਹੀਆ ਖ਼ਾਨ ਨੂੰ ਘਰ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਹਾਲਾਤ ਇਹ ਬਣ ਗਏ ਯਹੀਆ ਖ਼ਾਨ ਘਰ ਤੋਂ ਬਾਹਰ ਨਿਕਲਣ ਜੋਗਾ ਨਹੀਂ ਰਿਹਾ। ਜੋ ਲੋਕ ਉਸਨੂੰ ਸਲਾਮਾਂ ਕਰਦੇ ਸਨ, ਉਹ ਦੂਰ ਹੋ ਗਏ। ਯਹੀਆ ਖਾਨ ਦਾ ਇੱਕੋ ਇਕ ਪੁੱਤਰ ਅਲੀ ਯਹੀਆ ਖਾਨ ਵੀ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਾ। ਆਖਰ ਯਹੀਆ ਖਾਨ ਦੀ ਮੌਤ ਹੋ ਗਈ। ਉਸਦੇ ਜਨਾਜ਼ੇ ਨਾਲ ਸਿਵਾਏ ਪਰਿਵਾਰਕ ਮੈਂਬਰਾਂ ਤੋਂ ਹੋਰ ਕੋਈ ਨਹੀਂ ਗਿਆ। ਆਲਮ ਇਹ ਸੀ ਕਿ ਯਹੀਆ ਖਾਨ ਦੀ ਲਾਸ਼ ਕਬਰਸਤਾਨ ਪੁੱਜਣ ਤੋਂ ਪਹਿਲਾਂ ਕਿਸੇ ਨੇ ਯਹੀਆ ਖਾਨ ਦੀ ਦੇਹ ਲਈ ਕਬਰ ਵੀ ਨਹੀਂ ਪੁੱਟੀ ਸੀ।

ਆਖਰ ਕਿਸੇ ਹੋਰ ਲਾਸ਼ ਲਈ ਪੁੱਟੀ ਕਬਰ ਵਿੱਚ ਉਸਦੇ ਪਰਿਵਾਰ ਤੋਂ ਇਜਾਜ਼ਤ ਲੈਕੇ, ਯਹੀਆ ਖਾਨ ਨੂੰ ਸਪੁਰਦੇ ਖਾਕ ਕੀਤਾ ਗਿਆ, ਜਿਸਦਾ ਅੱਜ ਕਿਤੇ ਵੀ ਨਾਮੋ ਨਿਸ਼ਾਨ ਨਹੀਂ ਮਿਲਦਾ।

ਇਹ ਤਵਾਰੀਖੀ ਸੱਚ ਹੈ, ਤਾਕਤ ਤੇ ਸੱਤਾ ਦੇ ਨਸ਼ੇ ਵਿੱਚ ਚੂਰ ਹੁਕਮਰਾਨਾਂ ਨੂੰ ਇਤਿਹਾਸ ਜ਼ਰੂਰ ਪੜ੍ਹਨਾ ਚਾਹਿਦਾ ਹੈ, ਕਿਉਂਕਿ ਇਤਿਹਾਸ ਦਾ ਦੁਹਰਾਇਆ ਜਾਣਾ ਵੀ ਕੁਦਰਤ ਦਾ ਨਿਯਮ ਐ

ਆਦਮੀ ਕੋ ਚਾਹੀਏ
ਵਕਤ ਸੇ ਡਰ ਕੇ ਰਹੇ
ਕੌਣ ਜਾਨੇ ਕਿਸ ਘੜੀ
ਵਕਤ ਕਾ ਬਦਲੇ ਮਿਜ਼ਾਜ
ਵਕਤ ਕੇ ਦਿਨ ਔਰ ਰਾਤ
ਵਕਤ ਕੀ ਹਰ ਸ਼ੈਅ ਗੁਲਾਮ

# ਚਾਹ ਦੇ ਪਤੀਲੇ ਵਿੱਚ ਖੌਰਦੇ ਡਲ਼ੀ ...

facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

1980-81 'ਚ ਜਦੋਂ ਮੈਂ ਉਡਾਰ ਜਾ ਹੋਇਆ ਤਾਂ ਬਾਪੂ ਹੋਰਾਂ ਨੇ ਹੱਲਾਸ਼ੇਰੀ ਜਿਹੀ ਦੇ ਕੇ ਪਹਿਲਾਂ ਹਾੜੀ ਦੀ ਵਾਢੀ ਦੌਰਾਨ ਥੱਬਿਆਂ ਹੇਠਾਂ ਰਹਿੰਦੀਆਂ ਘਾੜਾਂ( ਤੀਲਾਂ) ਚੁਗਣ ਲਾ ਲਿਆ ਤੇ ਫਿਰ ਸੱਥਰੀਆਂ ਦੇ ਥੱਬੇ ਬਣਾਉਣ ਦਾ ਕੰਮ ਦੇ ਕੇ ਲਾਦੂ ਕੱਢ ਲਿਆ। ਦਿਨੋਂ ਦਿਨ ਵਧਦੀ ਗਰਮੀ 'ਚ ਸਾਰਾ ਦਿਨ ਕੰਮ ਕਰਨਾ ਵਿਦਿਆਰਥੀ ਜੀਵਨ ਦਾ ਨਵਾਂ ਤਜਰਬਾ ਸੀ। ਹੌਲੀ ਹੌਲੀ ਕਣਕ ਛੋਲਿਆਂ ਦੀ ਵਾਢੀ ਤੱਕ ਲੈ ਆਏ। ਛੋਲਿਆਂ ਵਿੱਚੋਂ ਕੰਡਿਆਂ ਨਾਲ ਭਰੀ ਪੋਹਲੀ ਨੂੰ ਵੱਖ ਕਰਨਾ ਭਰਿੰਡਾਂ ਦਾ ਖੱਖਰ ਛੇੜਨ ਵਾਂਗ ਹੁੰਦਾ ਸੀ। ਦਾਤੀ ਦੀ ਤਿੱਖੀ ਚੁੰਝ ਨਾਲ ਪੋਹਲੀ ਦਾ ਬੂਟਾ ਕੱਟਕੇ ਪਾਸੇ ਸੁੱਟਣਾ ਵੀ ਵੱਡੀ ਕਲਾਕਾਰੀ ਦਾ ਕੰਮ ਹੁੰਦਾ ਸੀ। ਕਦੇ ਕਦੇ ਬਰੋਲ਼ਾ ਉਸੇ ਕੰਡੀ ਨੂੰ ਧੂਹ ਕੇ ਮੁੜ ਤੋਂ ਸਾਡੇ ਉੱਤੇ ਸੁੱਟ ਦਿੰਦਾ ਤਾਂ ਇੰਝ ਲਗਦਾ ਜਿਵੇ ਕੱਟੇ ਜਾਣ ਦੇ ਗੁੱਸੇ ਕਾਰਨ ਕੰਡੀ ਬਿੜੀ ਲਾਹੁੰਦੀ ਹੋਵੇ। ਦੁਪਹਿਰ ਵਕਤ ਜਦੋਂ ਚਾਚਾ ਅਮਰਜੀਤ ਸਿੰਘ ਕੱਚੇ ਖਾਲ਼ ਦੀ ਵੱਟ 'ਚ ਬਾਟੀ ਨਾਲ ਚੁੱਲ੍ਹਾ ਬਣਾ ਕੇ ਚਾਹ ਬਣਾਉਂਦਾ ਤਾਂ ਚਾਹ ਪੀ ਲਓ ਬਈ ਓਏ ਦੀ ਅਵਾਜ ਦੀ ਉਡੀਕ 'ਚ ਸਰੀਰ 'ਚ ਤਾਕਤ ਜਿਹੀ ਆ ਜਾਂਦੀ। ਕਦੇ ਬੈਠ ਕੇ ਕਦੇ ਕੁੱਬੇ ਹੋ ਕੇ ਹਾੜੀ ਵੱਢਣ ਕਾਰਨ ਥਕੇਵਾਂ ਸਭ ਦੇ ਮੋਢੇ ਚੜ੍ਹ ਬੈਠਦਾ। ਥਕੇਵਾਂ ਭਜਾਉਣ ਲਈ ਦੁਪਹਿਰ ਦੀ ਚਾਹ 'ਚ ਕਦੇ ਕਦੇ ਕਾਲੀ ਨਾਗਣੀ ਦਾ ਮਾਵਾ ਘੋਲ਼ ਦਿੱਤਾ ਜਾਂਦਾ ਤੇ ਕਦੇ ਪੋਂਡੀ 'ਚ ਬੀਜੀ ਪੋਸਤ ਦੇ ਡੋਡੇ। ਚਾਹ ਪੀ ਕੇ ਭਖੇ ਸਰੀਰ ਨਾਲ ਪਾਂਤ ਵੱਲ ਜਾਂਦਿਆਂ ਕੋਈ ਨਾ ਕੋਈ ਲਲਕਾਰਾ ਮਾਰਕੇ ਆਹਦਾ "ਲਓ ਬੀ ਗੱਭਰੂਓ ਪਾਂਤ ਦਾ ਸਿਰਾ ਪੈਰਾਂ 'ਚ ਹੀ ਦਿਸੇ। " ਹਾੜੀ ਦੀ ਵਾਢੀ ਦਾ ਹੱਥੀਂ ਕੰਮ ਭਾਵੇ ਕਾਫੀ ਸਰੀਰਕ ਥਕੇਵੇਂ ਵਾਲਾ ਹੁੰਦਾ ਪਰ ਮੁਕਾਬਲੇਵਾਜੀ ਕਾਰਨ ਮਹੌਲ ਖੇਡ ਟੂਰਨਾਮੈਂਟ ਵਰਗਾ ਹੀ ਬਣਿਆ ਰਹਿੰਦਾ। ਕਦੇ ਕਦੇ ਅਣਗਹਿਲੀ ਕਾਰਨ ਜਦੋਂ ਦਾਤੀ ਕਣਕ ਦੀ ਥਾਂ ਤਿਲਕ ਕੇ ਖੱਬੇ ਹੱਥ ਨੂੰ ਜਾ ਪੈਂਦੀ ਤਾਂ ਨਾੜਾਂ 'ਚ ਭੱਜਿਆ ਫਿਰਦਾ ਲਹੂ ਚਮੜੀ ਤੋਂ ਬਾਹਰ ਆ ਖਲੋਂਦਾ। ਚੂਸ ਕੇ ਖੂਨ ਬੰਦ ਕਰਨ ਦੀ ਕੋਸ਼ਿਸ਼ ਕਰਦਿਆਂ ਨੂੰ ਵੇਖ ਕੋਈ ਬਜੁਰਗ ਆਖਦਾ ਐਂ ਨੀਂ ਬੰਦ ਹੋਣਾ ਤੇਰਾ ਕੁਛ ਲੱਗਦਾ, ਜਾਹ ਪਰਾਂ ਹੋ ਕੇ ਉਂਗਲ 'ਤੇ ਮੂਤ ਕੇ ਮਿੱਟੀ ਲਾ ਲੈ। ਸੱਚ ਜਾਣਿਓ ਓਦੋ ਖੇਤ ਦੀ ਮਿੱਟੀ ਹੀ ਬੈਂਡਡ ਨਾਲੋ ਖਰੀ ਹੁੰਦੀ ਸੀ। ਹਾੜੀ ਦੀ ਵਾਢੀ ਦੇ ਅੰਤਲੇ ਦਿਨ ਬੋਦੀ ਛੱਡ ਕੇ ਅਰਦਾਸ ਕੀਤੀ ਜਾਂਦੀ ਤੇ ਅਗਲੀ ਫਸਲ ਵੀ ਭਰਵੀਂ ਰਹਿਣ ਦੀ ਅਰਜੋਈ ਹੁੰਦੀ।

ਫਿਰ ਥੱਬਿਆਂ ਨੂੰ ਮੰਡਲੀ(ਖਲ੍ਹੀ) 'ਚ ਲਗਾਉਣਾ, ਉਸਤੋਂ ਬਾਅਦ ਟਰੈਕਟਰ ਟਰਾਲੀ ਨਾਲ ਲਾਂਗਾ



ਪਿੰਡ ਕੋਲ ਬੋਤਿਆਂ ਨਾਲ ਲਤੜ ਕੇ ਬਣਾਏ ਪਿੜਾਂ 'ਚ ਲੈ ਕੇ ਆਉਣਾ, ਡਰੰਮੀ ਨਾਲ ਕੁਤਰਾ ਕਰਨਾ ਕਈ ਕਈ ਦਿਨ ਰੇਤ ਮਿੱਟੀ 'ਚ ਹੀ



ਘੁਲ਼ਦੇ ਰਹਿੰਦੇ।

ਡਰੰਮੀ ਨਾਲ ਕੁਤਰੇ ਲਾਂਗੇ ਵਿੱਚੋਂ ਤੂੜੀ ਤੋਂ ਵੱਖ ਹੋਏ ਦਾਣਿਆਂ ਵਿੱਚੋਂ ਘੁੰਡੀਆਂ ਕੱਢਣ ਲਈ ਲਗਾਏ ਬੋਹਲਾਂ ਨੂੰ ਬਾਪੂ ਹੋਰੀ ਛਜਲੀਆਂ ਨਾਲ ਛੰਡਦੇ। ਨਿਖਾਰ ਕਰਨ ਲਈ ਹਵਾ ਦਾ ਰੁਮਕਣਾ ਬਹੁਤ ਜਰੂਰੀ ਹੁੰਦਾ ਸੀ। ਦੁਪਹਿਰ ਵਕਤ ਜਦੋਂ ਹਵਾ ਦਾ ਦਬਾਅ ਘਟ ਜਾਂਦਾ ਤਾਂ ਸਾਡੀ ਸਾਰੀ ਟੀਮ ਵਣ ਹੇਠ ਸੁਸਤਾਉਣ ਲੱਗ ਪੈਂਦੀ। ਫਿਰ ਜਦੋਂ ਅਚਾਨਕ ਕੋਈ ਹਵਾ ਦਾ ਤਿੱਖਾ ਬੁੱਲਾ ਆਉਂਦਾ ਤਾਂ ਬਾਪੂ ਹੋਰੇ ਅੱਭੜਬਾਹੇ ਦਾਣਿਆਂ ਨਾਲ ਭਰੀ ਪਈ ਛਜਲੀ ਵੱਲ ਦੌੜਦੇ ਤੇ ਸਾਡੇ ਵਰਗੇ ਨਿਆਣਿਆਂ ਨੂੰ ਬੋਹਲ 'ਤੇ ਮਾਂਜਾ ( ਬਹੁਕਰ) ਮਾਰਕੇ ਮੱਖੀ ਤੇ ਘੁੰਡੀਆਂ ਦੇ ਨਿਖਰ ਲਈ ਅਵਾਜ ਮਾਰ ਦਿੰਦੇ। ਇਵੇਂ ਤਿਵੇਂ ਕਰਦਿਆਂ ਦੇ ਦੋ ਮਹੀਨੇ ਗੁਜਰ ਜਾਂਦੇ। ਦਿਨ ਵਕਤ ਪਿੜ 'ਚ ਹੀ ਰਹਿਣਾ। ਸ਼ਾਮ ਨੂੰ ਦਾਣਿਆਂ ਦੀ ਰਾਖੀ ਲਈ ਪਿੜ 'ਚ ਹੀ ਪੈਣਾ। ਨਾ ਮੱਛਰ , ਨਾ ਮੱਖੀ, ਨਾ ਹੁਣ ਵਰਗੇ ਚੋਰ ਉਚੱਕੇ , ਨਾ ਕਿਧਰੇ ਕੋਈ ਬੇਸਹਾਰਾ ਪਸ਼ੂ , ਨਾ ਕੋਈ ਮੈਲ਼ੀ ਅੱਖ ਐਂ ਲੱਗਦਾ ਜਿਵੇਂ ਸਵਰਗ 'ਚ ਪੈਂਦੇ ਹੋਈਏ। ਬਾਪੂ ਹੋਰਾਂ ਦੀਆਂ ਹਾੜੀ ਫਸਲ ਸਬੰਧੀ ਪੁਰਾਣੀਆਂ ਯਾਦਾਂ ਕਿਸੇ ਮਸ਼ਹੂਰ ਕਹਾਣੀ ਤੋਂ ਘੱਟ ਨਹੀਂ ਸਨ ਹੁੰਦੀਆਂ।

ਅੰਤ ਨੂੰ ਜਦੋਂ ਪਿੜ ਚੁੱਕਣ ਦਾ ਵਕਤ ਨੇੜੇ ਆ ਜਾਂਦਾ ਤਾਂ ਮਨ ਉਦਾਸ ਵੀ ਹੁੰਦਾ ਤੇ ਨਾਲ ਹੀ ਰਿੜੀ ਮਿਲਣ ਦਾ ਚਾਅ ਵੀ ਹੁੰਦਾ। ਬਾਪੂ ਹਰ ਬੱਚੇ ਦੇ ਕੁੜਤੇ ਦੀ ਝੋਲੀ 'ਚ ਕਈ ਕਈ ਭਰਵੇਂ ਬੁੱਕ ਉਲੱਦਕੇ ਪੁੱਛਦਾ ਕਿਉਂ ਖੁਸ਼ ਹੈ ਹੁਣ? ਸਿਲਾਂ ਓਦੋਂ ਬਾਲ ਬੱਚਿਆਂ ਦੀ ਸਭਤੋਂ ਪਸੰਦੀ ਦੀ ਚੀਜੀ ਹੁੰਦੀ। ਬਹੁਤੇ ਬੱਚੇ ਰਿੜੀ ਲੈ ਸਿੱਧੇ ਰਾਮ ਕੁਮਾਰ ਦੀ ਦੁਕਾਨ 'ਤੇ ਜਾਂਦੇ ਤੇ ਸਿਲਾਂ ਲੈ ਆਉਂਦੇ ਪਰ ਸਾਡੀ ਰਿੜੀ ਦਾਦੀ ਮੁਖਤਿਆਰ ਕੌਰ ਕੋਲ ਜਮਾਂ ਹੋ ਜਾਂਦੀ ਤੇ ਸ਼ਹਿਰ ਜਾਣ ਵਕਤ ਸਾਨੂੰ ਸਮਾਨ ਲਿਆ ਕੇ ਦੇ ਦਿੱਤਾ ਜਾਂਦਾ। ਦੋ ਮਹੀਨਿਆਂ ਦਾ ਮਿਹਨਤਾਨਾ ਕਣਕ ਦੇ ਚਾਰ ਬੁੱਕ ਲੈ ਕੇ ਜਿਹੜਾ ਚਾਅ ਚੜ੍ਹਦਾ ਹੁੰਦਾ ਸੀ ਮੁੜ ਕਿਤੇ ਨਹੀਂ ਲੱਭਾ। ਕਈ ਮਹੀਨਿਆਂ ਦੇ ਦੇਹ ਤੋੜਵੇਂ ਕੰਮ ਬਾਅਦ ਜਦੋਂ ਮੁੜ ਘਰੇ ਸੌਣ ਦਾ ਮੌਕਾ ਮਿਲਦਾ ਤਾਂ ਕਈ ਕਈ ਰਾਤਾਂ ਪਿੜਾਂ ਦੇ ਸੁਪਨੇ ਹੀ ਆਉਂਦੇ ਰਹਿੰਦੇ। ਫਿਰ ਸਕੂਲ ਦੀ ਪੜ੍ਹਾਈ ਸ਼ੁਰੂ ਹੋ ਜਾਂਦੀ। ਅੱਜ ਨਾਲੋਂ ਬਹੁਤ ਚੰਗੇ ਤੇ ਮੋਹ ਪਿਆਰ ਵਾਲਾ ਵੇਲ਼ਾ ਸੀ ਓਹ।

**ਹਰਦੀਪ ਸਿੰਘ ਜਟਾਣਾ**
**9417254517**

# ਕਦੇ ਜ਼ਿੰਦਗੀ ਤੋਂ ਤੇ ਕਦੇ ਮੌਤੋਂ ਡਰਦੇ ਹਾਂ






ਕਦੇ ਜ਼ਿੰਦਗੀ ਤੋਂ ਤੇ ਕਦੇ ਮੌਤੋਂ ਡਰਦੇ ਹਾਂ
ਅਸੀਂ ਜੀਵਨ ਦੇ ਨਾਂ ਤੇ
ਮਰਨ ਦਾ ਅਭਿਆਸ ਕਰਦੇ ਹਾਂ।
(ਸੁਰਜੀਤ ਜੱਜ)

ਸਾਡੇ ਸਮਾਜ ਵਿੱਚ ਧਰਮ ਦੀ ਛਤਰਛਾਇਆ ਅਤੇ ਛਿੱਤਰਛਾਇਆ ਹੇਠ ਪਲਦੀ ਸਾਡੀ ਪੀੜ੍ਹੀ ਹਰ ਵੱਡੀ ਹੋਂਦ ਤੋਂ ਹੀ ਡਰਦੀ ਰਹੀ ਹੈ। ਵਿਵਰਜਿਤ ਰੁੱਤਾਂ ਅੰਦਰ ਸਾਡੀ ਮੌਲਦੀ ਉਮਰੇ ਸਾਨੂੰ ਹਦਾਇਤਾਂ ਹੀ ਪੈਰ ਪੈਰ ਤੇ ਭੈ ਭੀਤ ਕਰਦੀਆਂ ਰਹੀਆਂ। ਹੁਣ ਲੱਗਦਾ ਹੈ ਡਰ ਦੀ ਭਾਵਨਾ ਹੀ ਸਭ ਤੋਂ ਸੰਘਣਾ ਅਸਰ ਪਾਉਂਦੀ ਰਹੀ ਹੈ। ਮਾੜੇ ਕੰਮਾਂ ਤੋਂ ਵਰਜਣ ਅਤੇ ਸ਼ੁਭ ਕਾਰਜ ਵੱਲ ਪ੍ਰੇਰਣ ਲਈ ਨਰਕ-ਸੁਰਗ ਦੇ ਲਾਰੇ ਮੌਤ ਪਿੱਛੋਂ ਵੀ ਖਹਿੜਾ ਨਹੀਂ ਛੱਡਦੇ ਸੀ। ਇੱਕ ਵਾਰੀ ਗੁਰਚਰਨ ਸਿੰਘ ਟੌਹੜਾ ਦੀ ਹਾਜ਼ਰੀ ਵਿੱਚ ਰਾਗੀ ਗਾ ਰਹੇ ਸਨ -

ਉਥੇ ਭੀੜੀਆਂ ਸੁਣੀਂਦੀਆਂ ਗਲ਼ੀਆਂ ਜਿੱਥੋਂ ਦੀ ਜਮ ਲੈ ਕੇ ਜਾਣਗੇ।

ਟੌਹੜਾ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਕਿਹਾ - ਮੈਨੂੰ ਡਰਾਓ ਨਾ, ਜਿੱਥੇ ਮੋਟੇ ਭਾਰੇ ਜਮਦੂਤ ਲੰਘਣਗੇ ਮੈਂ ਵੀ ਮਗਰੇ ਲੰਘ ਤੁਰੂੰ। ਇਉਂ ਪੁਰਸਲਾਤ ਦਾ ਰਾਹ ਔਖਾ ਦਰਸਾ ਕੇ ਸਹਿਮ ਬੀਜਿਆ ਜਾਂਦਾ ਹੈ। ਵਿਗਿਆਨਕ ਸੋਚ ਨੇ ਡਰ ਦਾ ਕਾਰਣ ਅਗਿਆਨਤਾ ਕਿਹਾ ਹੈ। ਡਰ ਦੇ ਕਈ ਹੋਰ ਕਾਰਣ ਵੀ ਹੋਣਗੇ। ਜ਼ਿੰਦਗੀ ਵਿੱਚ ਵੇਖੇ, ਵਾਪਰੇ ਅਤੇ ਹੰਢਾਏ ਹਾਦਸਿਆਂ ਦਾ ਘੱਟਾ ਅੱਖਾਂ ਵਿੱਚ ਰੜਕਦਾ ਡਰ ਪਾਉਂਦਾ ਹੈ। ਕਿਸੇ ਪਿਆਰੇ ਨੂੰ ਸਿਵੇ ਵਿੱਚ ਬਲ਼ਦਾ ਵੇਖ ਸੀਨੇ ਧੁਖਦਾ ਸਿਵਾ ਹਮੇਸ਼ਾ ਸਹਿਮ ਪਾਉਂਦਾ ਹੈ। ਦੁਆਲ਼ੇ ਹੋਰਾਂ ਤੇ ਮੰਡਰਾਉਂਦੀ ਹੋਣੀ ਕਈਆਂ ਨੂੰ ਹਨੇਰੇ ਤੋਂ, ਸੱਪ ਤੋਂ, ਉਚਾਈ ਤੋਂ ਜਾਂ ਅੱਗ ਪਾਣੀ ਤੋਂ ਵੀ ਡਰਾ ਦਿੰਦੀ ਹੈ। ਸਾਨੂੰ ਤਾਂ ਸਹੁਰਿਆਂ ਦੀ ਸਰਦਲ ਅੰਦਰ ਕਦਮ ਰੱਖਦਿਆਂ ਵੀ ਸਹਿਮ ਆਉਂਦਾ ਰਿਹਾ। ਬਚਪਨ ਤੋਂ ਹੀ ਸੁਣਦੇ ਸੀ -ਲੱਗੂ ਪਤਾ ਜਦ ਸਹੁਰੇ ਘਰ ਜਾਏਂਗੀ। ਹੋਰ ਵੀ ਡਰ ਨਾਲ ਹੋ ਤੁਰਦੇ ਹਨ ਕਿਸੇ ਪਿਆਰੇ ਦੇ ਐਕਸੀਡੈਂਟ ਦਾ ਤੌਖਲਾ, ਕੰਗਾਲ ਹੋ ਜਾਣ ਦਾ ਡਰ, ਦੇਹੀ ਦੇ ਅਪਾਹਜ ਹੋ ਜਾਣ ਦਾ ਝੋਰਾ, ਕਿਸੇ ਦੂਜੇ ਦੇ ਰਾਹ ਜਾਂਦਿਆਂ ਹੀ ਗਲ਼ ਪੈ ਕੇ ਬੇਇੱਜ਼ਤ ਕਰਨ ਦਾ ਡਰ ਤੇ ਅੱਜ ਕੱਲ੍ਹ ਤਾਂ ਸੋਸ਼ਲ ਮੀਡੀਆ ਤੇ ਕਿਸੇ ਦੇ ਬੋਲ ਵੀ ਰੜਕਣ ਲਗਦੇ ਹਨ। ਟੈਲੀਵਿਯਨ ਤੇ ਦਿਖਾਈ ਜਾਂਦੀ ਖੌਫ਼ਨਾਕ ਘਟਨਾ, ਖ਼ੂਨਖਰਾਬਾ ਦੇਖ ਕੇ ਦਹਿਲ ਜਾਈਦਾ ਹੈ। ਡਰ ਲੱਗਣ ਸਮੇਂ ਕਾਂਬਾ ਜਾਂ ਪਸੀਨਾ ਛੁਟਦਾ ਹੈ, ਮੂੰਹ ਸੁਕਦਾ ਹੈ, ਬੋਲ ਥਥਲਾ ਜਾਂਦੇ ਹਨ, ਸੋਚਣ ਸ਼ਕਤੀ ਖੀਣੀ ਹੋ ਜਾਂਦੀ ਹੈ, ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਹਰ ਸਮੇ ਅਜੀਬ ਬੇਚੈਨੀ, ਅਚਵੀ ਅਤੇ ਬੇਵਿਸ਼ਵਾਸੀ ਦਾ ਆਲਮ ਛਾਇਆ ਰਹਿੰਦਾ ਹੈ। ਅਸੀਂ ਅਵਾਕ ਹੋ ਜਾਂਦੇ ਹਾਂ। ਵਹਿਮੀ ਮਨੁੱਖ ਕਲਪਣਾ ਵਿੱਚ ਕੋਈ ਹੋਣੀ ਜਾਂ ਖ਼ਤਰਾ ਕਿਆਸ ਕੇ ਹਰ ਸਮੇਂ ਡਰਦਾ ਹੈ। ਡਰ ਦਾ ਆਧਾਰ ਵਹਿਮ, ਚਿੰਤਾ, ਬੇਚੈਨੀ, ਸ਼ੰਕਾ ਅਤੇ ਸੁਰੱਖਿਆ ਦਾ ਮਨਫੀ ਹੋਣਾ ਹੈ। ਕਈਆਂ ਨੂੰ ਅੰਦਰਲਾ ਪਾਲ਼ਾ ਵੀ ਦਹਿਲਾ ਦਿੰਦਾ ਹੋਣਾ। ਕਈ ਲੋਕ ਆਪਣਾ ਹੀ ਸਾਹਮਣਾ ਕਰਨ ਤੋਂ ਸਹਿਮਦੇ ਹਨ। ਕਵੀ ਲਿਖਦਾ ਹੈ -

ਬੂਹੇ ਢੋ ਕੇ ਬੱਤੀ ਰੌਸ਼ਨ ਕਰਦੇ ਨੇ
ਹੁਣ ਲੋਕੀ ਆਪਣੇ ਆਪ ਤੋਂ ਹੀ ਡਰਦੇ ਨੇ।

ਇਕੱਲਤਾ ਤੋਂ ਡਰਦੇ ਲੋਕ ਹੀ ਖ਼ੁਦਕੁਸ਼ੀ ਕਰਦੇ ਮੌਤ ਨੂੰ ਮਾਸੀ ਆਖਦੇ ਹੋਣੇ। ਪਰ ਗੁਰਬਾਣੀ ਨੇ ਅਜਿਹੀ ਡੋਲਦੀ ਮਨੋਸਥਿਤੀ ਨੂੰ ਸਾਵਾਂ ਕਰਦਿਆਂ 'ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ' ਕਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਭੈ-ਭੀਤ ਹੋਏ ਲੋਕਾਂ ਨੂੰ ਅੰਮ੍ਰਿਤ ਛਕਾ ਕੇ 'ਸਵਾ ਲਾਖ ਸੇ ਏਕ ਲੜਾਊਂ' ਜਿਹਾ ਬਲ ਬਖ਼ਸ਼ ਕੇ ਹੌਸਲਾ ਭਰਿਆ ਸੀ। ਅੱਜ ਤੱਕ ਉਹ ਖਾਲਸਾ ਪੂਰੀ ਭੀੜ ਨਾਲ ਜਾ ਮੱਥਾ ਲਾਉਂਦਾ ਹੈ, ਜਦੋਂ ਕਿ ਕਮਜ਼ੋਰ, ਬੁਜ਼ਦਿਲ ਅਤੇ ਕਮੀਨੇ ਲੋਕ ਇਕੱਠੇ ਹੋਕੇ ਕਿਸੇ ਇਕੱਲੇ ਅਤੇ ਨਿਹੱਥੇ ਉਪਰ ਵਾਰ ਕਰਦੇ ਹਨ। ਅਸੀਂ ਸਾਖੀਆਂ ਸੁਣੀਆਂ ਹਨ ਕਿ ਮਰਜੀਵੜੇ ਜੋ ਮਰਣ ਕਬੂਲ ਕਰਦੇ ਕਿਸੇ ਅਣਖ ਖਾਤਰ ਮੈਦਾਨੇ ਜੰਗ ਜਾ ਨਿਤਰਦੇ ਸਨ। ਜਾਨ ਤਲੀ ਤੇ ਧਰ ਕੇ ਛਾਤੀਆਂ ਤੇ ਬੰਬ ਬੰਨ੍ਹ ਕੇ ਮੌਤ ਕਬੂਲਦੇ ਸੂਰਮਗਤੀ ਤੱਕ ਅਪੜਦੇ ਹਨ। ਅਜੇਹੇ ਮਰਨੇ ਮੂਲ ਨਾ ਡਰਦੇ ਹੋਣ, ਲੋਕ ਉਨ੍ਹਾਂ ਦੀਆਂ ਵਾਰਾਂ ਗਾਉਂਦੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਛੋਟੇ ਸਾਹਿਬਜ਼ਾਦੇ ਹਨ। ਜਿੰਨ੍ਹਾਂ ਨੇ ਇਤਿਹਾਸ ਦੀ ਹਿੱਕ ਤੇ ਪੈੜ ਕਰ ਵਿਖਾਈ ਹੈ। ਡਰ ਦਾ ਸੰਬੰਧ ਉਮਰ ਨਾਲ ਵੀ ਹੈ। ਜਵਾਨ ਉਮਰੇ ਖ਼ਤਰਿਆਂ ਨਾਲ ਮੱਥਾ ਲਾਉਣਾ ਸੌਖਾ ਹੁੰਦਾ ਹੈ। ਬਜ਼ੁਰਗ ਬੈਠੇ ਝੂਰਦੇ ਹਨ ਕਿ ਇਨ੍ਹਾਂ ਦਾ ਜਿਉਣ ਨੂੰ ਜੀਅ ਕਿਉਂ ਨਹੀਂ ਕਰਦਾ। ਕਿਹਾ ਜਾਂਦਾ ਹੈ ਹਰੀ ਸਿੰਘ ਨਲੂਆ ਬਹੁਤ ਬਹਾਦਰ ਸੂਰਮਾ ਯੋਧਾ ਸੀ। ਮਾਵਾਂ ਲੋਰੀ ਦੇਣ ਸਮੇਂ ਆਖਦੀਆਂ ਸਨ -ਸੌਂ ਜਾ ਨਹੀਂ ਨਲੂਆ ਆ ਜੂ। ਮਨੋਵਿਗਿਆਨੀ ਆਖਦੇ ਹਨ ਇਹ ਮਾਨਸਿਕ ਸਥਿੱਤੀ ਸਾਡੇ ਹੰਢੇ ਵਰਤੇ ਸੰਸਾਰ ਤੋਂ ਜਨਮਦੀ ਹੈ। ਜੋ ਨਹੀਂ ਡਰਦੇ ਉਹ ਹੋਰਨਾਂ ਲਈ ਹੌਸਲਾ ਦਿੰਦੇ ਆਖਦੇ ਹਨ - ਕਿਉਂ ਡਰੇਂ ਜ਼ਿੰਦਗੀ ਮੇਂ ਕਿਆ ਹੋਗਾ, ਕੁਛ ਨ ਹੋ ਤੋ ਤਜਰਬਾ ਤੋ ਹੋਗਾ। ਉਂਝ ਵੀ ਇਹ ਦੁਨੀਆਂ ਡਰਦੇ ਨੂੰ ਡਰਾਉਂਦੀ ਹੈ। ਪਰ ਕਿਸੇ ਹੱਦ ਤੱਕ ਸਮਾਜ ਦਾ ਕਾਇਦਾ ਕਾਨੂੰਨ ਬਰਕਰਾਰ ਰੱਖਣ ਲਈ ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ। ਉਨ੍ਹਾਂ ਨੂੰ ਅੰਦਰਲਾ ਪਾਲ਼ਾ ਹੀ ਮਾਰਨ ਲਗਦਾ ਹੈ। ਡਰ ਨੂੰ ਸਰ ਕਰਨ ਲਈ ਅੰਦਰਲੇ ਸੱਚ ਦੀ ਲੋੜ ਹੈ। ਜੋ ਠੀਕ ਰਾਹ ਤੇ ਹੈ ਉਸ ਨੂੰ ਕੋਈ ਤਾਕਤ ਝੁਕਾ ਜਾਂ ਡਰਾ ਨਹੀਂ ਸਕਦੀ। ਪਰ ਜੋ ਗ਼ਲਤ ਹੈ ਉਹ ਡਰ ਡਰ ਕੇ ਨਿੱਤ ਮਰਦਾ ਹੈ। ਕਿਹਾ ਜਾਂਦਾ ਹੈ ਜੀਵਨ ਇੱਕ ਵਾਰੀ ਮਿਲਣਾ ਹੈ ਪਰ ਅਸਲ ਇਹ ਹੈ ਕੇ ਜੇ ਚਾਹੀਏ ਤਾਂ ਜ਼ਿੰਦਗੀ ਨਿੱਤ ਨਵਾਂ ਰੂਪ ਧਾਰਨ ਕਰ ਮਿਲਦੀ ਹੈ ਤੇ ਮੌਤ ਇੱਕੋ ਵਾਰ ਆਉਣੀ ਹੈ। ਰੱਬ ਤੋਂ ਬਿਨਾ ਕੋਈ ਡਰ ਨਾ ਰੱਖੋ। ਲੋਕਾਂ ਨਾਲੋਂ ਤੰਦਾਂ ਨਾ ਤੋੜੋ। ਵੱਧ ਲੋਕਾਂ ਵਿੱਚ ਜੀਓਗੇ ਅੰਦਰਲਾ ਵੱਧ ਮੋਕਲ਼ਾ ਹੋ ਕੇ ਡਰ ਨੂੰ ਖੋਰ ਸਕਦਾ ਹੈ।

> ਬਚਪਨ ਤੋਂ ਹੀ ਸੁਣਦੇ ਸੀ -ਲੱਗੂ ਪਤਾ ਜਦ ਸਹੁਰੇ ਘਰ ਜਾਏਂਗੀ। ਹੋਰ ਵੀ ਡਰ ਨਾਲ ਹੋ ਤੁਰਦੇ ਹਨ ਕਿਸੇ ਪਿਆਰੇ ਦੇ ਐਕਸੀਡੈਂਟ ਦਾ ਤੌਖਲਾ, ਕੰਗਾਲ ਹੋ ਜਾਣ ਦਾ ਡਰ, ਦੇਹੀ ਦੇ ਅਪਾਹਜ ਹੋ ਜਾਣ ਦਾ ਝੋਰਾ, ਕਿਸੇ ਦੂਜੇ ਦੇ ਰਾਹ ਜਾਂਦਿਆਂ ਹੀ ਗਲ਼ ਪੈ ਕੇ ਬੇਇੱਜ਼ਤ ਕਰਨ ਦਾ ਡਰ ਤੇ ਅੱਜ ਕੱਲ੍ਹ ਤਾਂ ਸੋਸ਼ਲ ਮੀਡੀਆ ਤੇ ਕਿਸੇ ਦੇ ਬੋਲ ਵੀ ਰੜਕਣ ਲਗਦੇ ਹਨ। ਟੈਲੀਵਿਯਨ ਤੇ ਦਿਖਾਈ ਜਾਂਦੀ ਖੌਫ਼ਨਾਕ ਘਟਨਾ, ਖ਼ੂਨਖਰਾਬਾ ਦੇਖ ਕੇ ਦਹਿਲ ਜਾਈਦਾ ਹੈ। ਡਰ ਲੱਗਣ ਸਮੇਂ ਕਾਂਬਾ ਜਾਂ ਪਸੀਨਾ ਛੁਟਦਾ ਹੈ, ਮੂੰਹ ਸੁਕਦਾ ਹੈ, ਬੋਲ ਥਥਲਾ ਜਾਂਦੇ ਹਨ, ਸੋਚਣ ਸ਼ਕਤੀ ਖੀਣੀ ਹੋ ਜਾਂਦੀ ਹੈ, ਰੌਂਗਟੇ ਖੜ੍ਹੇ ਹੋ ਜਾਂਦੇ ਹਨ।

# ਕੈਨੇਡਾ 'ਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਵੱਲੋਂ ਰੋਸ ਵਿਖਾਵਾ

## ਟਰੂਡੋ ਸਰਕਾਰ ਨੂੰ ਫੈਸਲਾ ਵਾਪਸ ਲੈਣ ਦੀ ਕੀਤੀ ਅਪੀਲ



ਬਰੈਂਪਟਨ, (ਪੰਜਾਬੀ ਅਖ਼ਬਾਰ ਬਿਊਰੋ)- : ਕੈਨੇਡਾ ਵਿਚ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀਆਂ ਵੱਲੋਂ ਬਰੈਂਪਟਨ ਦੇ ਚਿੰਗੁਆਕਸੀ ਪਾਰਕ ਵਿਚ ਰੋਸ ਮੁਜ਼ਾਹਰਾ ਕਰਦਿਆਂ ਟਰੂਡੋ ਸਰਕਾਰ ਨੂੰ ਫੈਸਲਾ ਵਾਪਸ ਕਰਨ ਦੀ ਅਪੀਲ ਕੀਤੀ ਗਈ। ਵਿਦਿਆਰਥੀਆਂ ਨੇ ਦਲੀਲ ਦਿਤੀ ਕਿ ਉਨ੍ਹਾਂ ਰਿਕਾਰਡ ਬਿਲਕੁਲ ਸਾਫ ਅਤੇ ਸਾਰੇ ਟੈਕਸ ਅਦਾ ਕਰ ਰਹੇ ਹਨ ਅਤੇ ਕੈਨੇਡਾ ਦੇ ਨਾਮੀ ਵਿਦਿਅਕ ਅਦਾਰਿਆਂ ਵਿਚੋਂ ਪੜ੍ਹਾਈ ਮੁਕੰਮਲ ਕਰਨ ਦੇ ਬਾਵਜੂਦ ਮੁਲਕ ਛੱਡ ਕੇ ਜਾਣ ਲਈ ਆਖਿਆ ਜਾ ਰਿਹਾ ਹੈ। ਜਥੇਬੰਦੀ ਆਗੂ ਰਮਨਦੀਪ ਕੌਰ, ਕਰਮਜੀਤ ਕੌਰ, ਡਿੰਪਲ, ਚਮਨਦੀਪ ਸਿੰਘ ਅਤੇ ਰਵਿੰਦਰ ਸਿੰਘ ਨੇ ਕਿਹਾ ਕਿ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਬਣੇ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇ ਕੇ ਕੈਨੇਡਾ ਸਰਕਾਰ ਮਨੁੱਖੀ ਹੱਕਾਂ ਦੀ ਉਲੰਘਣਾ ਕਰ ਰਹੀ ਹੈ। ਉਨ੍ਹਾਂ ਦਲੀਲ ਦਿਤੀ ਕਿ ਕੌਮਾਂਤਰੀ ਵਿਦਿਆਰਥੀਆਂ ਦਾ ਕੈਨੇਡਾ ਦੀ ਜੀ.ਡੀ.ਪੀ. ਅਤੇ ਵਿਕਾਸ ਵਿਚ ਵੱਡਾ ਯੋਗਦਾਨ ਹੈ। ਕੋਰੋਨਾ ਅਤੇ ਮਹਿੰਗਾਈ ਦੇ ਬਾਵਜੂਦ ਵਿਦਿਆਰਥੀਆਂ ਨੇ ਆਪਣੇ ਵਤਨੋਂ ਦੂਰ ਮਹਿੰਗੀ ਪੜ੍ਹਾਈ ਦੇ ਨਾਲ-ਨਾਲ ਰਿਹਾਇਸ਼ੀ ਕਿਰਾਏ ਅਤੇ ਗਰੋਸਰੀ ਦੇ ਖਰਚੇ ਬਰਦਾਸ਼ਤ ਕੀਤੇ। ਸਿਰਫ ਐਨਾ ਹੀ ਨਹੀਂ, ਕੈਨੇਡਾ ਵਿਚ ਕਿਰਤੀਆਂ ਦੀ ਕਮੀ ਦੂਰ ਕਰਨ ਵਿਚ ਮਦਦ ਕੀਤੀ। ਇਸੇ ਦੌਰਾਨ ਨੌਜਵਾਨ ਸਪੋਰਟ ਨੈਟਵਰਕ ਦੇ ਬਿਕਰਮ ਸਿੰਘ ਕੁੱਲੇਵਾਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਜ਼ਾ ਦੇਣ ਦੀ ਬਜਾਏ ਕੈਨੇਡਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਸਰਕਾਰ ਰਾਹੀਂ ਵਿਦਿਆਰਥੀਆਂ ਨਾਲ ਧੋਖਾਧੜੀ ਕਰਨ ਵਾਲੇ ਏਜੰਟਾਂ ਦਾ ਪਰਦਾ ਫ਼ਾਸ਼ ਕਰੇ। ਮਾਈਗ੍ਰੈਂਟ ਯੂਨਾਈਟਡ ਵਰਕਰਜ਼ ਦੀ ਆਗੂ ਸ਼ਿਰੋਮ ਨੇ ਆਖਿਆ ਕਿ ਵਿਦੇਸ਼ਾਂ ਤੋਂ ਆਏ ਕਾਮਿਆਂ ਅਤੇ ਵਿਦਿਆਰਥੀਆਂ ਦਾ ਏਕਾ ਅਤੇ ਸੰਘਰਸ਼ ਸਮੇਂ ਦੀ ਵੱਡੀ ਲੋੜ ਬਣ ਗਿਆ ਹੈ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਕੈਨੇਡਾ ਵਿਚ ਕਾਨੂੰਨੀ ਪ੍ਰਕਿਰਿਆ ਬਹੁਤ ਮਹਿੰਗੀ ਹੈ। ਵਕੀਲ ਨਾਲ ਹਰ ਮੀਟਿੰਗ 'ਤੇ 500 ਡਾਲਰ ਤੱਕ ਖਰਚ ਕਰਨੇ ਪੈਂਦੇ ਹਨ ਅਤੇ ਹਰ ਪੇਸ਼ੀ ਦੇ ਵਕੀਲ 5 ਹਜ਼ਾਰ ਡਾਲਰ ਲੈਂਦਾ ਹੈ। ਭਾਵੇਂ ਜਸਵੰਤ ਮਾਂਗਟ ਵਰਗੇ ਇੰਮੀਗ੍ਰੇਸ਼ਨ ਵਕੀਲ ਘੱਟ ਖਰਚੇ 'ਤੇ ਵਿਦਿਆਰਥੀਆਂ ਦੀ ਮਦਦ ਕਰ ਰਹੇ ਹਨ ਪਰ ਜ਼ਿਆਦਾਤਰ ਇਸ ਮਜਬੂਰੀ ਦਾ ਫ਼ਾਇਦਾ ਉਠਾਉਣ ਤੋਂ ਸਿਵਾਏ ਕੁਝ ਨਹੀਂ ਕਰ ਰਹੇ। ਮੁਜ਼ਾਹਰਾਕਾਰੀਆਂ ਨੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਇਹ ਮਸਲਾ ਕੈਨੇਡਾ ਸਰਕਾਰ ਕੋਲ ਉਠਾਇਆ ਜਾਵੇ ਤਾਂਕਿ ਵਿਦਿਆਰਥੀ ਵੱਡੇ ਮਾਨਸਿਕ ਦਰਦ ਅਤੇ ਆਰਥਿਕ ਨੁਕਸਾਨ ਤੋਂ ਬਚ ਸਕਣ।

# ਪੁਲਿਸ ਅਫ਼ਸਰ ਹਰਵਿੰਦਰ ਸਿੰਘ ਧਾਮੀ ਦਾ ਹੋਇਆ ਅੰਤਮ ਸਸਕਾਰ



ਐਡਮਿੰਟਨ,(ਪੰਜਾਬੀ ਅਖ਼ਬਾਰ ਬਿਊਰੋ)- : ਐਲਬਰਟਾ ਵਿਚ ਸੜਕ ਹਾਦਸੇ ਦੌਰਾਨ ਮਾਰੇ ਗਏ ਆਰ.ਸੀ. ਐਮ.ਪੀ. ਦੇ ਕਾਂਸਟੇਬਲ ਹਰਵਿੰਦਰ ਸਿੰਘ ਧਾਮੀ ਦਾ ਅੰਤਮ ਸਸਕਾਰ 20 ਅਪ੍ਰੈਲ ਨੂੰ ਸ਼ੇਰਵੁਡ ਪਾਰਕ ਦੇ ਮਿਲੇਨੀਅਮ ਪਲੇਸ ਵਿਖੇ ਕਰ ਦਿੱਤਾ ਗਿਆ। ਆਰ.ਸੀ.ਐਮ.ਪੀ. ਦੀ ਰੈਜੀਮੈਂਟ, ਕਾਂਸਟੇਬਲ ਧਾਮੀ ਦੀ ਦੇਹ ਲੈ ਕੇ 10 ਵਜੇ ਰਵਾਨਾ ਹੋਇਆ ਅਤੇ 11.30 ਵਜੇ ਅੰਤਮ ਸਸਕਾਰ ਕੀਤਾ ਗਿਆ। ਡੇਲ ਕੈਂਡਲ ਨੇ ਕਿਹਾ ਕਿ ਕਾਂਸਟੇਬਲ ਧਾਮੀ ਇਕ ਆਪਣੀ ਸਾਥੀ ਅਫ਼ਸਰ ਦੀ ਮਦਦ ਵਾਸਤੇ ਰਵਾਨਾ ਹੋਇਆ ਜੋ ਦੋ ਜਣਿਆਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦਾ ਸੀ। ਕਾਂਸਟੇਬਲ ਧਾਮੀ ਦੇ ਕਿਰਦਾਰ ਮੁਤਾਬਕ ਬਗੈਰ ਦੇਰ ਕੀਤਿਆਂ ਮੌਕੇ 'ਤੇ ਪਹੁੰਚਣ ਦੀ ਪ੍ਰਕਿਰਿਆ ਦੌਰਾਨ ਹਾਦਸਾ ਵਾਪਰ ਗਿਆ। ਕਾਂਸਟੇਬਲ ਧਾਮੀ ਦਾ ਪੂਰਾ ਪਰਵਾਰ ਹੀ ਕਮਿਊਨਿਟੀ ਸੇਵਾ ਵਿਚ ਲੱਗਾ ਹੋਇਆ ਹੈ। ਉਨ੍ਹਾਂ ਦੀ ਭੈਣ ਹੈਲਥ ਸਰਵਿਸਿਜ਼ ਵਿਚ ਹੈ ਜਦਕਿ ਇਕ ਹੋਰ ਰਿਸ਼ਤੇਦਾਰ ਪੁਲਿਸ ਅਫ਼ਸਰ ਹੈ। ਪੁਲਿਸ ਸੇਵਾ ਤੋਂ ਇਲਾਵਾ ਉਹ ਬਜ਼ੁਰਗਾਂ ਨੂੰ ਖਾਣਾ ਪਹੁੰਚਾਉਣ ਅਤੇ ਲੋਕਾਂ ਨੂੰ ਪੀੜਤ ਸੇਵਾਵਾਂ ਬਾਰੇ ਜਾਣਕਾਰੀ ਦੇਣ ਲਈ ਵਾਲੰਟੀਅਰ ਵਜੋਂ ਕੰਮ ਕਰਦਾ। ਉਹ ਐਲੀਟ ਮੈਡੀਕਲ ਐਮਰਜੰਸੀ ਰਿਸਪੌਂਸ ਟੀਮ ਦਾ ਮੈਂਬਰ ਵੀ ਸੀ। ਨੈਸ਼ਨਲ ਪੁਲਿਸ ਫੈਡਰੇਸ਼ਨ ਦੇ ਪ੍ਰਾਇਰੀ ਰੀਜਨ ਦੇ ਡਾਇਰੈਕਟਰ ਕੈਵਿਨ ਹਲਵਾ ਨੇ ਕਿਹਾ ਕਿ ਧਾਮੀ ਪਰਵਾਰ ਦੀ ਆਰਥਿਕ ਮਦਦ ਵਾਸਤੇ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਅਤੇ 20 ਹਜ਼ਾਰ ਡਾਲਰ ਤੋਂ ਵੱਧ ਰਕਮ ਇਕੱਤਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਤਰਾਸਦੀਆਂ ਸਿਰਫ਼ ਸਬੰਧਤ ਪਰਵਾਰ ਅਤੇ ਦੋਸਤਾਂ ਉਪਰ ਅਸਰ ਨਹੀਂ ਪਾਉਂਦੀਆਂ ਸਗੋਂ ਕਮਿਊਨਿਟੀਜ਼ ਨੂੰ ਪ੍ਰਭਾਵਤ ਕਰਦੀਆਂ ਹਨ। ਦੱਸ ਦੇਈਏ ਕਿ ਬੀਤੀ 10 ਅਪ੍ਰੈਲ ਨੂੰ ਸਟ੍ਰੈਥਕੋਨਾ ਕਾਊਂਟੀ ਵਿਚ ਤੈਨਾਤ ਹਰਵਿੰਦਰ ਸਿੰਘ ਧਾਮੀ ਦੀ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਸੀ। ਕੰਕਰੀਟ ਬੈਰੀਅਰ ਨਾਲ ਗੱਡੀ ਦੀ ਟੱਕਰ ਹੋਣ ਕਾਰਨ ਗੰਭੀਰ ਜ਼ਖ਼ਮੀ ਧਾਮੀ ਨੂੰ ਐਮਰਜੰਸੀ ਕਾਮਿਆਂ ਨੇ ਹਸਪਤਾਲ ਪਹੁੰਚਾਉਣ ਦਾ ਯਤਨ ਕੀਤਾ ਪਰ ਉਹ ਜ਼ਖ਼ਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ। ਹਰਵਿੰਦਰ ਸਿੰਘ 2019 ਵਿਚ ਰੀਜ਼ਾਇਨਾ ਦੀ ਪੁਲਿਸ ਅਕੈਡਮੀ ਤੋਂ ਸਿਖਲਾਈ ਮੁਕੰਮਲ ਹੋਣ ਵੇਲੇ ਤੋਂ ਹੀ ਸਟ੍ਰੈਥਕੋਨਾ ਕਾਊਂਟੀ ਵਿਚ ਕੰਮ ਕਰ ਰਿਹਾ ਸੀ।


Happy Vaisakhi
ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
Rachel Notley
Alberta NDP Leader
We Join You in Celebrating Sikh Heritage Month
ਸਿੱਖ ਵਿਰਾਸਤੀ ਮਹੀਨੇ ਦੀਆਂ ਖੁਸ਼ੀਆਂ ਵਿੱਚ ਅਸੀਂ ਤੁਹਾਡੇ ਨਾਲ ਸ਼ਾਮਲ ਹਾਂ
ਰੇਚਲ ਨੌਟਲੀ ਅਤੇ ਅਲਬਰਟਾ ਐਨਡੀਪੀ: ਇੱਕ ਬਿਹਤਰ ਭਵਿੱਖ।
ਅਲਬਰਟਾ ਵਾਸੀ ਜੋ ਪ੍ਰਾਪਤ ਕਰ ਰਹੇ ਉਸ ਨਾਲੋਂ ਬਿਹਤਰ ਦੇ ਹੱਕਦਾਰ ਹਨ।
ਰੇਚਲ ਨੌਟਲੀ ਅਤੇ ਅਲਬਰਟਾ ਐਨਡੀਪੀ ਉਨ੍ਹਾਂ ਮੁੱਦਿਆਂ ਤੇ ਕੇਂਦ੍ਰਿਤ ਹਨ ਜੋ ਤੁਹਾਡੇ ਲਈ ਮਹੱਤਵਪੂਰਨ ਹਨ।
ਬਿਹਤਰ ਸਿਹਤ ਸੰਭਾਲ। ਬਿਹਤਰ ਸਿੱਖਿਆ. ਬਿਹਤਰ ਨੌਕਰੀਆਂ ਅਤੇ ਆਰਥਿਕਤਾ। ਜੀਵਨ ਦੀਆਂ ਜਰੂਰਤਾਂ ਲਾਈ ਵਧੇਰੇ ਸਮਰੱਥਾ।
ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਇੱਕ ਬਿਹਤਰ ਭਵਿੱਖ।
Rosman Valencia
Calgary – East
Michael Lisboa-Smith
Calgary – North West
Gurinder Singh Gill
Calgary – Cross
Denis Ram
Calgary – Peigan
Julia Hayter
Calgary – Edgemont
David Cloutier
Calgary – Shaw
Parmeet Singh Boparai
Calgary – Falconridge
Venkat Ravulaparthi
Calgary – Lougheed
Court Ellingson
Calgary – Foothills
Samir Kayande
Calgary – Elbow
Jasvir Deol
Edmonton – Meadows
Rhiannon Hoyle
Edmonton – South
Irfan Sabir
Calgary – Bhullar – McCall
Raj Jessel
Chestermere – Strathmore
Christina Gray
Edmonton – Mill Woods
Nathan Ip
Edmonton – South West
Rajesh Angral
Calgary – North
Rod Loyola
Edmonton – Ellerslie
Jodi Calahoo Stonehouse
Edmonton – Rutherford
Rakhi Pancholi
Edmonton – Whitemud
Gurinder Brar
Calgary – North East
Heather Sweet
Edmonton – Manning
Alberta NDP
A better future.
albertandp.ca
Authorized by Alberta NDP
cope397



ਖਾਲਸੇ ਦੇ ਜਨਮ ਦਿਹਾੜੇ ਅਤੇ
ਵਿਸਾਖੀ ਦੀਆਂ
ਲੱਖ ਲੱਖ ਵਧਾਈਆਂ
Happy Vaisakhi
ਦਾਖਲਾ ਸ਼ੁਰੂ ਹੈ
GD COLLEGE CALGARY
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
INDIVIDUAL COURSES
• Eyelash Extensions • Eye brow/Eyelash Tinting • Eyelash Lift up • Waxing • Facials • Threading
• Makeup • Hair styling • Manicure/Pedicure • Microdermabrasion • Artificial Nails
DIPLOMA PROGRAMS
• Esthetics Diploma • Makeup Artistry Diploma • Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜਿੰਦਗੀ ਨੂੰ ਕਲਾ ਵਿੱਚ ਬਦਲੋ
Jasreen Raien
Director
GD College Calgary
www.gdcollege.ca
E-mail: info@gdcollege.ca
108-1935 27th Ave NE, Calgary, AB, T2E 4E7
Contact Us:
587-349-1110




Calgary
ਪੰਗਾ ਈ ਲੈ ਲਿਆ ਯਾਰ! ਇਹ ਪਾਈ ਵਾਲੀ ਪਾਈਪ ਕਿੱਥੇ ਜਾਊ?
ਤੈਨੂੰ ਨਹੀਂ ਪਤਾ? ਇਸ ਕਾਲੇ ਬਿਨ ਵਿੱਚ ਹੋਰ ਕਿੱਥੇ?
ਆਓ, ਵਧੀਆ ਰੀਸਾਈਕਲਰ ਬਣੀਏ!
calgary.ca/TheRecyclers
23-0027366 | ADV-18911




SOUTH POINTE TOYOTA
2021 COROLLA ONLY $58 A WEEK! $0 DOWN! LE
2020 RAV4 ONLY $92 A WEEK! $0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE NEW CAR SALES MANAGER
ZAK BHANJI NEW CAR SALES MANAGER
PREZ TIWANA NEW CAR PRODUCT ADVISOR
MINAZ RATANSHI NEW CAR PRODUCT ADVISOR
AFSHEEN HARJEE NEW CAR PRODUCT ADVISOR
MUHAMMAD YOUSAF NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

Calgary




# ਕੈਲਗਰੀ ਸਿਟੀ ਅੱਪਡੇਟ ਕਰ ਰਹੀ ਹੈ ਕਿ ਅਸੀਂ **ਜਨਤਕ ਸੁਣਵਾਈਆਂ** ਦੇ ਵਿਗਿਆਪਨ ਕਿਵੇਂ ਦਿੰਦੇ ਹਾਂ।

ਸਿਟੀ ਥੋੜ੍ਹੇ ਵੱਖਰੇ ਢੰਗ ਨਾਲ ਜਨਤਕ ਸੁਣਵਾਈਆਂ ਦੇ ਵਿਗਿਆਪਨ ਦੇ ਰਹੀ ਹੈ। ਹੁਣ, ਸਾਡੀ ਵੈੱਬਸਾਈਟ 'ਤੇ ਯੋਜਨਾਬੰਦੀ ਦੇ ਮਾਮਲਿਆਂ ਬਾਰੇ ਸਾਰੀ ਜਾਣਕਾਰੀ ਲੱਭੋ। ਅਸੀਂ ਹੌਲੀ-ਹੌਲੀ ਅਖ਼ਬਾਰਾਂ ਵਿਚ ਛਾਪੇ ਜਾਣ ਵਾਲੇ ਵਿਗਿਆਪਨਾਂ ਤੋਂ ਦੂਰ ਜਾ ਰਹੇ ਹਾਂ। ਜੂਨ 2023 ਤੱਕ, ਸਾਡੀ ਵਿਗਿਆਪਨ ਪ੍ਰਣਾਲੀ ਡਿਜ਼ੀਟਲ ਵਿਗਿਆਪਨਾਂ 'ਤੇ ਕੇਂਦ੍ਰਿਤ ਹੋਵੇਗੀ, ਅਤੇ ਸਾਈਟ 'ਤੇ ਨੋਟਿਸ ਪੋਸਟ ਕੀਤੇ ਜਾਣਾ ਅਤੇ ਆਸ-ਪਾਸ ਦੇ ਗੁਆਂਢੀਆਂ ਨੂੰ ਡਾਕ ਰਾਹੀਂ ਪੱਤਰ ਭੇਜੇ ਜਾਣਾ ਜਾਰੀ ਰੱਖੇਗੀ।

ਹੋਰ ਵੇਰਵਿਆਂ ਲਈ **calgary.ca/planningmatters** 'ਤੇ ਜਾਓ।






## ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ

ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ




Mega
Sanjha Punjab
GROCERY STORE




ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।



FOUR LOCATIONS TO SERVE YOU

3690 Westwinds Dr NE, Calgary, AB T3J 5H3

7171 80 Ave NE #117, Calgary, AB T3J 0P6

570-6520 Falconridge BLVD NE Calgary

606 Cityscape Square NE Calgary, AB T3N 2A8

# ਉਸ ਨੇ ਬਾਈਬਲ ਦੀ ਬਜਾਏ ਆਪਣੀ ਪਸੰਦੀਦਾ ਕਿਤਾਬ ਪੇਲ ਬਲੂ ਡਾਟ 'ਤੇ ਹੱਥ ਰੱਖ ਕੇ ਸਹੁੰ ਚੁੱਕੀ



ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਡਾਕਟਰ ਮੈਕੇਂਜੀ ਲਿਸਟਰਪ ਨੂੰ ਯੂ ਐਸ ਨੈਸ਼ਨਲ ਏਰੋਨਾਟਿਕਸ ਐਂਡ ਸਪੇਸ ਐਡਮਨਿਸਟ੍ਰੇਸ਼ਨ (ਨਾਸਾ) ਦੇ ਗੋਡਾਰਡ ਸਪੇਸ ਫਲਾਈਟ ਸੈਂਟਰ ਦੀ ਪਹਿਲੀ ਮਹਿਲਾ ਨਿਰਦੇਸ਼ਕ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਜਦੋਂ ਇਸ ਅਹੁਦੇ ਦੀ ਸਹੁੰ ਚੁੱਕੀ ਤਾਂ ਖਾਸ ਗੱਲ ਇਹ ਹੈ ਕਿ ਉਨ੍ਹਾਂ ਨੇ ਬਾਈਬਲ ਦੀ ਬਜਾਏ ਆਪਣੀ ਪਸੰਦੀਦਾ ਕਿਤਾਬ ਪੇਲ ਬਲੂ ਡਾਟ 'ਤੇ ਹੱਥ ਰੱਖ ਕੇ ਸਹੁੰ ਚੁੱਕੀ। 1994 ਵਿੱਚ ਪ੍ਰਕਾਸ਼ਿਤ ਇਸ ਪੁਸਤਕ ਦਾ ਲੇਖਕ ਕਾਰਲ ਸੇਗਨ ਹੈ। 46 ਸਾਲਾ ਮੈਕੇਂਜੀ ਨੂੰ ਸਕੂਲ ਦੇ ਦਿਨਾਂ ਤੋਂ ਹੀ ਪੁਲਾੜ ਵਿਗਿਆਨ ਵਿੱਚ ਦਿਲਚਸਪੀ ਸੀ। ਇੱਕ ਰਿਪੋਰਟ ਦੇ ਅਨੁਸਾਰ, ਪੁਲਾੜ ਵਿਗਿਆਨ ਲਈ ਉਨਾਂ ਦਾ ਜਨੂੰਨ ਇਸ ਹੱਦ ਤੱਕ ਸੀ ਕਿ ਉਨਾਂ ਨੇ ਕਦੇ ਵੀ ਇਸਦੀ ਕੋਈ ਕਲਾਸ ਨਹੀਂ ਛੱਡੀ। ਉਨਾਂ ਨੇ ਯੂਨੀਵਰਸਿਟੀ ਕਾਲਜ ਲੰਡਨ ਤੋਂ ਪੁਲਾੜ ਵਿਗਿਆਨ ਵਿੱਚ ਪੀਐਚਡੀ ਕੀਤੀ। ਉਨਾਂ ਨੂੰ ਇਸ ਖੇਤਰ ਵਿੱਚ ਕਈ ਪੁਰਸਕਾਰ ਵੀ ਮਿਲੇ। ਨਾਸਾ ਤੋਂ ਪਹਿਲਾਂ, ਉਹ ਬਾਲ ਏਰੋਸਪੇਸ ਕੰਪਨੀ ਲਈ ਕੰਮ ਕਰਦੇ ਸਨ ਜਿਥੇ ਉਹ ਪ੍ਰੋਗਰਾਮ ਡਾਇਰੈਕਟਰ ਸਨ।

# ਕੈਨੇਡੀਅਨ ਆਰਮੀ 'ਚ ਭਰਤੀ ਹੋਣ ਵਾਲਾ ਪਹਿਲਾ ਇੰਮੀਗ੍ਰਾਂਟ ਬਣਿਆ ਪੰਜਾਬ ਦਾ ਨੌਜਵਾਨ ਰਾਜਬੀਰ ਸਿੰਘ




ਐਡਮਿੰਟਨ (ਪੰਜਾਬੀ ਅਖਬਾਰ ਬਿਊਰੋ)- ਕੈਨੇਡਾ ਦੀ ਧਰਤੀ 'ਤੇ ਬਿਹਤਰ ਜੀਵਨ ਦੀ ਤਲਾਸ਼ 'ਚ ਪੁੱਜੇ ਭਾਰਤੀ ਸਿੱਖ ਨੌਜਵਾਨ ਨੇ ਕੈਨੇਡੀਅਨ ਆਰਮੀ 'ਚ ਭਰਤੀ ਹੋਣ ਵਾਲੇ ਪਹਿਲੇ ਇੰਮੀਗ੍ਰਾਂਟ ਹੋਣ ਦਾ ਮਾਣ ਹਾਸਲ ਕੀਤਾ ਹੈ। ਇਸ ਪ੍ਰਾਪਤੀ ਨਾਲ ਗੁਰਦਾਸਪੁਰ ਦੇ ਪਿੰਡ ਦਾਖਲਾ ਵਾਸੀ ਰਾਜਬੀਰ ਸਿੰਘ ਨੇ ਨਾ ਸਿਰਫ਼ ਆਪਣੇ ਮਾਪਿਆਂ, ਪਿੰਡ ਤੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ ਬਲਕਿ ਉਸ ਦੀ ਇਸ ਮਾਣਮੱਤੀ ਪ੍ਰਾਪਤੀ ਨਾਲ ਭਾਰਤ ਦਾ ਨਾਂ ਵੀ ਰੌਸ਼ਨ ਹੋਇਆ ਹੈ।

ਰਾਜਬੀਰ ਸਿੰਘ ਦੇ ਪਿਤਾ ਹਰਜੀਤ ਸਿੰਘ ਜੋ ਕਿ ਇਸ ਵੇਲੇ ਕੈਨੇਡਾ ਦੇ ਅਲਬਰਟਾ ਸੂਬੇ ਦੀ ਰਾਜਧਾਨੀ ਐਡਮਿੰਟਨ 'ਚ ਹੀ ਰਹਿ ਰਹੇ ਹਨ, ਨੇ ਦੱਸਿਆ ਕਿ ਉਹ 2018 'ਚ ਪੰਜਾਬ ਪੁਲੀਸ ਦੀ ਨੌਕਰੀ ਛੱਡ ਕੇ ਕੈਨੇਡਾ ਆ ਗਏ ਸਨ ਅਤੇ ਰਾਜਬੀਰ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਕੈਨੇਡਾ ਆ ਗਿਆ ਸੀ। ਉਸ ਵੇਲੇ ਉਹ ਭਾਰਤ 'ਚ 11ਵੀਂ ਜਮਾਤ ਦੀ ਪੜ੍ਹਾਈ ਕਰਦਾ ਸੀ। ਇੱਥੇ ਆ ਕੇ ਰਾਜਬੀਰ ਸਿੰਘ ਨੂੰ 2019 'ਚ ਸਕੂਲ 'ਚ ਦਾਖਲ ਦਿਵਾਇਆ। ਪਹਿਲਾਂ ਉਨ੍ਹਾਂ ਨੂੰ ਲੱਗਦਾ ਸੀ ਕਿ ਭਾਰਤ ਦੀ ਕੈਨੇਡਾ ਦੀ ਪੜ੍ਹਾਈ 'ਚ ਜ਼ਮੀਨ-ਆਸਮਾਨ ਦਾ ਅੰਤਰ ਹੋਣ ਕਰ ਕੇ ਉਨ੍ਹਾਂ ਦੇ ਪੁੱਤਰ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ ਪਰ ਰਾਜਬੀਰ ਨੇ ਉਥੋਂ ਦੀ ਸਿੱਖਿਆ ਪ੍ਰਣਾਲੀ ਤੇ ਸਿਲੇਬਸ ਨੂੰ ਆਸਾਨੀ ਨਾਲ ਸਮਝ ਲਿਆ ਅਤੇ ਵਧੀਆ ਢੰਗ ਨਾਲ ਪੜ੍ਹਾਈ ਕਰਨ ਲੱਗਾ।2 ਸਾਲ ਦੀ ਸਕੂਲਿੰਗ ਤੋਂ ਬਾਅਦ ਰਾਜਬੀਰ ਸਿੰਘ ਨੇ ਜਨਵਰੀ 2022 'ਚ ਲੈਥਬ੍ਰਿਜ ਕਾਲਜ ਅਲਬਰਟਾ 'ਚ ਡਿਪਲੋਮਾ ਇਨ ਕ੍ਰਿਮੀਨਾਲੋਜੀ 'ਚ ਦਾਖਲਾ ਲੈ ਲਿਆ। ਇਸ ਵੇਲੇ ਉਸ ਦਾ ਆਖਰੀ ਸਮੈਸਟਰ ਚੱਲ ਰਿਹਾ ਹੈ।

ਹਰਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਕੈਨੇਡਾ ਸਰਕਾਰ ਵਲੋਂ ਸੁਰੱਖਿਆ ਫ਼ੋਰਸਾਂ ਦੀ ਭਰਤੀ ਦੇ ਕਾਨੂੰਨ 'ਚ ਤਬਦੀਲੀ ਕਰਦਿਆਂ ਪੀ.ਆਰ ਹਾਸਲ ਕਰਨ ਵਾਲੇ ਇੰਮੀਗ੍ਰਾਂਟ ਨੌਜਵਾਨਾਂ ਨੂੰ ਵੀ ਭਰਤੀ ਹੋਣ ਦੀ ਖੁੱਲ੍ਹ ਦੇ ਦਿੱਤੀ। ਇਸ ਤਰ੍ਹਾਂ ਰਾਜਬੀਰ ਸਿੰਘ ਜੋ ਕਿ ਸੁਰੱਖਿਆ ਫ਼ੋਰਸ 'ਚ ਭਰਤੀ ਹੋਣ ਦਾ ਚਾਹਵਾਨ ਸੀ, ਨੇ ਇਸ ਮੌਕੇ ਦਾ ਲਾਭ ਲਿਆ ਅਤੇ ਮਿਹਨਤ ਤੇ ਪੜ੍ਹਾਈ ਦੇ ਦਮ 'ਤੇ ਕੈਨੇਡੀਅਨ ਆਰਮੀ 'ਚ ਭਰਤੀ ਹੋਣ ਲਈ ਲਿਖਤੀ ਤੇ ਸਰੀਰਕ ਪ੍ਰੀਖਿਆ ਪਾਸ ਕਰ ਲਈ। ਉਪਰੰਤ ਉਸ ਦਾ ਮੈਡੀਕਲ ਵੀ ਪਾਸ ਹੋ ਗਿਆ ਤਾਂ ਪਿਛਲੇ ਦਿਨੀਂ ਕੈਨੇਡੀਅਨ ਆਰਮੀ ਦੇ ਐਡਮਿੰਟਨ ਵਿੱਚਲੇ ਦਫ਼ਤਰ ਵੱਲੋਂ ਉਸ ਦੀ ਚੋਣ ਹੋਣ ਬਾਰੇ ਪੁਸ਼ਟੀ ਕਰਦਿਆਂ ਸਹੁੰ ਚੁਕਾ ਕੇ ਸਰਟੀਫ਼ਿਕੇਟ ਪ੍ਰਦਾਨ ਕੀਤਾ ਗਿਆ।

ਹਰਜੀਤ ਸਿੰਘ ਨੇ ਦੱਸਿਆ ਕਿ ਰਾਜਬੀਰ ਸਿੰਘ ਜਲਦੀ ਹੀ ਫ਼ੌਜ ਦੀ ਮੁੱਢਲੀ ਟ੍ਰੇਨਿੰਗ 'ਤੇ ਜਾ ਰਿਹਾ ਹੈ। ਰਾਜਬੀਰ ਸਿੰਘ ਦੇ ਕੈਨੇਡੀਅਨ ਆਰਮੀ 'ਚ ਭਰਤੀ ਹੋਣ ਦੀ ਸੂਚਨਾ ਮਿਲਦਿਆਂ ਹੀ ਉਨ੍ਹਾਂ ਦੇ ਗੁਰਦਾਸਪੁਰ ਨੇੜਲੇ ਪਿੰਡ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ ਅਤੇ ਲੋਕ ਦਾਦੇ ਤੇ ਤਾਏ ਨੂੰ ਵਧਾਈਆਂ ਦੇਣ ਲਈ ਘਰ ਪੁੱਜ ਰਹੇ ਹਨ।

ਪਿਤਾ ਹਰਜੀਤ ਸਿੰਘ ਨੇ ਦੱਸਿਆ ਕਿ ਉਹ ਖੁਦ ਪੰਜਾਬ ਪੁਲੀਸ 'ਚ ਬਤੌਰ ਕੰਪਿਊਟਰ ਅਪਰੇਟਰ ਭਰਤੀ ਹੋਇਆ ਸੀ ਤੇ 2018 'ਚ ਕੈਨੇਡਾ ਆ ਗਿਆ ਸੀ। ਉਨ੍ਹਾਂ ਦੇ ਵੱਡੇ ਭਰਾ ਰਣਜੀਤ ਸਿੰਘ ਵੀ ਪੰਜਾਬ ਪੁਲੀਸ 'ਚੋਂ ਸੇਵਾ ਮੁਕਤ ਹੋਏ ਹਨ। ਇਸ ਲਈ ਰਾਜਬੀਰ ਸਿੰਘ ਸ਼ੁਰੂ ਤੋਂ ਹੀ ਸੁਰੱਖਿਆ ਫ਼ੋਰਸ ਜੁਆਇਨ ਕਰਨਾ ਚਾਹੁੰਦਾ ਸੀ। ਇਸੇ ਲਈ ਉਸ ਨੇ ਡਿਪਲੋਮਾ ਵੀ ਪੁਲਿਸਿੰਗ ਮੁਤਾਬਕ ਚੁਣਿਆ ਅਤੇ ਡਿਪਲੋਮਾ ਪੂਰਾ ਕਰਨ ਤੋਂ ਬਾਅਦ ਉਹ ਫ਼ੌਜ ਦੀ ਨੌਕਰੀ ਦੇ ਨਾਲ ਹੀ ਕ੍ਰਿਮੀਨਾਲੋਜੀ ਵਿਸ਼ੇ 'ਚ ਡਿਗਰੀ ਹਾਸਲ ਕਰਨਾ ਚਾਹੁੰਦਾ ਹੈ। ਹਰਜੀਤ ਸਿੰਘ ਨੇ ਦੱਸਿਆ ਕਿ ਰਾਜਬੀਰ ਨੇ ਸਾਰੇ ਪਰਿਵਾਰ ਨੂੰ ਦੋਹਰੀ ਖ਼ੁਸ਼ੀ ਦਿੱਤੀ ਹੈ ਕਿਉਂਕਿ ਉਸ ਦੀ ਚੋਣ ਸੀ.ਬੀ.ਐੱਸ.ਏ. (ਕੈਨੇਡੀਅਨ ਬਾਰਡਰ ਸਕਿਓਰਟੀ ਏਜੰਸੀ) 'ਚ ਵੀ ਹੋ ਚੁੱਕੀ ਹੈ। ਫ਼ਿਲਹਾਲ ਉਸ ਨੇ ਕੈਨੇਡੀਅਨ ਆਰਮੀ ਜੁਆਇਨ ਕਰ ਲਈ ਹੈ। ਹਰਜੀਤ ਸਿੰਘ ਨੇ ਦੱਸਿਆ ਕਿ ਉਹ ਦੋਵੇਂ ਪਿਤਾ-ਪੁੱਤਰ ਕੈਨੇਡਾ ਰਹਿ ਰਹੇ ਹਨ ਜਦੋਂਕਿ ਉਨ੍ਹਾਂ ਦੀ ਪਤਨੀ ਰਾਜਵਿੰਦਰ ਕੌਰ ਤੇ ਵੱਡਾ ਪੁੱਤਰ ਨਵਤੇਜ ਸਿੰਘ ਪਿੰਡ ਹੀ ਰਹਿ ਰਹੇ ਹਨ।

## ਓਨਟਾਰੀਓ ਦੇ ਵਾਹੁਗਨ ਕਸਬੇ ਵਿੱਚ ਭਿਆਨਕ ਅੱਗ ਲੱਗਣ ਕਾਰਨ 20 ਦੇ ਕਰੀਬ ਉਸਾਰੀ ਅਧੀਨ ਘਰ ਸੜ ਕੇ ਸੁਆਹ ਹੋਏ



ਓਨਟਾਰੀਓ (ਪੰਜਾਬੀ ਅਖ਼ਬਾਰ ਬਿਊਰੋ) ਉਨਟਾਰੀ? ਵਿੱਚ ਲੱਗੀ ਭਿਆਨਕ ਅੱਗ ਲੱਗਣ ਕਾਰਨ ਉਸਾਰੀ ਅਧੀਨ 20 ਦੇ ਕਰੀਬ ਘਰ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ ਜਦੋਂ ਕਿ 15 ਦੇ ਕਰੀਬ ਉਸਾਰੀ ਅਧੀਨ ਘਰ ਬੁਰੀ ਤਰ੍ਹਾਂ ਨੁਕਸਾਨੇ ਗਏ। ਡਿਪਟੀ ਫ਼ਾਇਰ ਚੀਫ਼ ਗਰੈਂਟ ਮੋਫਟ ਨੇ ਦੱਸਿਆ ਕਿ ਬਾਅਦ ਦੁਪਹਿਰ 1 ਵਜੇ ਦੇ ਕਰੀਬ ਉਨ੍ਹਾਂ ਨੂੰ ਟੈਸਟਨ ਰੋਡ ਤੇ ਪਾਈਨ ਵੈਲੀ ਡਰਾਈਵ ਦੇ ਨਜ਼ਦੀਕ ਸੱਦਿਆ ਗਿਆ ਸੀ। ਜਦੋਂ ਫਾਇਰ ਬ੍ਰਿਗੇਡ ਮੌਕੇ ਤੇ ਪਹੁੰਚੀ ਤਾਂ ਦਰਜਨਾਂ ਘਰ ਅੱਗ ਦੀ ਚਪੇਟ ਵਿੱਚ ਆ ਅਚੁਕੇ ਸਨ। ਅੱਗ ਉੱਪਰ ਕਾਬੂ ਪਾਉਣ ਲਈ ਫਾਇਰ ਫਾਈਟਰਜ਼ ਨੂੰ ਸਖ਼ਤ ਮੁਸ਼ੱਕਤ ਕਰਨੀ ਪਈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਘਟਨਾ ਵਿਚ ਕੋਈ ਵੀ ਗੰਭੀਰ ਜ਼ਖਮੀ ਨਹੀਂ ਹੋਇਆ ਪਰ ਅਹਿਤਿਆਤ ਦੇ ਤੌਰ ਤੇ ਇੱਕ ਫਾਇਰ ਫਾਈਟਰ ਨੂੰ ਹਸਪਤਾਲ ਲਿਜਾਇਆ ਗਿਆ। ਅੱਗ ਲੱਗਣ ਕਾਰਨ ਹਾਈਵੇ 400 ਅਤੇ ਆਸ ਪਾਸ ਦੇ ਖੇਤਰਾਂ ਵਿੱਚ ਧੂੰਆਂ ਫੈਲਿਆ ਹੋਇਆ ਨਜ਼ਰ ਆ ਰਿਹਾ ਸੀ।

## ਪਾਕਿਸਤਾਨ ਨਹੀਂ ਚਾਹੁੰਦਾ ਕਿ ਜੀ 20 ਦੀਆਂ ਮਿਲਣੀਆਂ ਵਿਵਾਦਤ ਏਰੀਆ ਜੰਮੂ ਕਸ਼ਮੀਰ ਵਿੱਚ ਹੋਣ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ 'ਚ ਕਰਵਾਈ ਜਾ ਰਹੀ ਜੀ-20 ਬੈਠਕ ਨੂੰ ਪਾਕਿਸਤਾਨ ਨੇ ਕਸ਼ਮੀਰ ਮੁੱਦੇ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਕਸ਼ਮੀਰ ਮੁੱਦੇ ਦਾ ਸੰਯੁਕਤ ਰਾਸ਼ਟਰ ਚਾਰਟਰ ਮੁਤਾਬਕ ਹੱਲ ਹੋਣਾ ਚਾਹੀਦਾ ਹੈ ਅਤੇ ਜਦੋਂ ਤੱਕ ਅਜਿਹਾ ਨਹੀਂ ਕੀਤਾ ਜਾਂਦਾ, ਪਾਕਿਸਤਾਨ ਵਿਰੋਧ ਜਾਰੀ ਰੱਖੇਗਾ। ਅਸਲ ਵਿੱਚ ਭਾਰਤ ਨੇ ਜੀ-20 ਦਾ ਈਵੈਂਟ ਕੈਲੰਡਰ ਜਾਰੀ ਕੀਤਾ। ਇਸ ਤਹਿਤ ਸ੍ਰੀਨਗਰ, ਲੇਹ ਅਤੇ ਲੱਦਾਖ ਵਿੱਚ ਜੀ- 20 ਦੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। ਇਨ੍ਹਾਂ ਦਾ ਆਯੋਜਨ ਅਪ੍ਰੈਲ ਦੇ ਅੰਤ ਅਤੇ ਮਈ ਵਿੱਚ ਕੀਤਾ ਜਾਵੇਗਾ। ਇਥੇ ਵੀ ਦੱਸਣਾ ਬਣਦਾ ਹੈ ਕਿ ਭਾਰਤ ਇਸ ਸਾਲ ਜੀ-20 ਦੀ ਪ੍ਰਧਾਨਗੀ ਕਰ ਰਿਹਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਮੁਤਾਬਕ ਨਵੀਂ ਦਿੱਲੀ ਸਿਰਫ ਆਪਣੇ ਆਪ ਨੂੰ ਖੁਸ਼ ਕਰਨ ਲਈ ਅਜਿਹੀਆਂ ਹਰਕਤਾਂ ਕਰ ਰਹੀ ਹੈ। ਬਿਆਨ 'ਚ ਅੱਗੇ ਕਿਹਾ ਗਿਆ ਹੈ ਕਿ ਕਸ਼ਮੀਰ ਦੋਵਾਂ ਦੇਸ਼ਾਂ ਵਿਚਾਲੇ ਵਿਵਾਦਤ ਮੁੱਦਾ ਹੈ। ਇਸ ਲਈ ਅਸੀਂ ਇੱਥੇ ਹੋਣ ਵਾਲੀਆਂ ਮੀਟਿੰਗਾਂ ਦੀ ਨਿਖੇਧੀ ਕਰਦੇ ਹਾਂ।

## ਅਲਬਰਟਾ ਆਰਸੀਐਮਪੀ ਇੱਕ ਹੋਟਲ ਦੇ ਕਮਰੇ ਵਿੱਚ ਦੋ ਲੜਕੀਆਂ ਦੀਆਂ ਅਚਾਨਕ ਹੋਈਆਂ ਮੌਤਾਂ ਦੀ ਜਾਂਚ ਕਰ ਰਹੀ ਹੈ।




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਇੱਕ ਹੋਟਲ ਦੇ ਕਮਰੇ ਵਿੱਚ ਦੋ ਲੜਕੀਆਂ ਦੀਆਂ ਅਚਾਨਕ ਹੋਈਆਂ ਮੌਤਾਂ ਦੀ ਜਾਂਚ ਕਰ ਰਹੀ ਪੁਲਿਸ ਅਨੁਸਾਰ ਈ ਐਮ ਐਸ ਦੀ ਟੀਮ ਨੂੰ ਬੈਸਟ ਵੈਸਟਰਨ ਹੋਟਲ ਸੈਲਵਨਲੇਕ ਵਿਖੇ ਮਿਲੀਆਂ ਦੋ ਮ੍ਰਿਤਕਾਂ ਵਿੱਚ ਸਿਲਵਾਨ ਲੇਕ ਦੀ ਇੱਕ 12 ਸਾਲਾ ਲੜਕੀ ਅਤੇ ਰੈਡ ਡੀਅਰ ਦੀ ਇੱਕ 13 ਸਾਲਾ ਲੜਕੀ ਸ਼ਾਮਲ ਹੈ। ਜਾਂਚ ਕਰਤਾ ਸਾਵਿਨਕੋਫ ਨੇ ਕਿਹਾ ਕਿ ਇੱਕ ਮ੍ਰਿਤਕ ਦਾ ਪਿਤਾ ਉਹਨਾਂ ਦੇ ਸੰਪਰਕ ਵਿੱਚ ਆਇਆ ਸੀ, ਪਰ ਉਸ ਨੇ ਕਿਹਾ ਕਿ ਉਹ ਹੋਰ ਵੇਰਵੇ ਨਹੀਂ ਦੇਵੇਗਾ, ਮ੍ਰਿਤਕ ਬੱਚਿਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਡਾਕਟਰੀ ਜਾਂਚ ਕਰਤਾਵਾ ਦੀ ਟੀਮ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕੰਮ ਕਰ ਰਹੀ ਹੈ, ਜਿਸ ਵਿੱਚ ਜ਼ਹਿਰੀਲੇ ਪਦਾਰਥਾਂ ਦੇ ਟੈਸਟਾਂ ਦੇ ਨਤੀਜੇ ਵੀ ਸ਼ਾਮਲ ਹਨ। ਸਾਵਿਨਕੋਫ ਨੇ ਕਿਹਾ ਕਿ ਸੰਭਾਵੀ ਹੱਤਿਆ ਜਾਂ ਖੁਦਕੁਸ਼ੀ ਦਾ ਕੋਈ ਸੰਕੇਤ ਨਹੀਂ ਹੈ, ਪਰ ਇੱਕ - ਵਰਡੋਜ਼ ਇੱਕ ਸੰਭਾਵਨਾ ਹੋ ਸਕਦੀ ਹੈ ਜਿਸਦੀ ਪੁਸ਼ਟੀ ਹਾਲੇ ਨਹੀਂ ਕੀਤੀ ਜਾ ਸਕਦੀ।

## ਸ੍ਰੀ ਲੰਕਾ ਨੂੰ ਕਰਜੇ ਦੇ ਜਾਲ ਵਿੱਚ ਫਸਾਕੇ ਚੀਨ ਉੱਥੇ ਆਪਣਾ ਰਾਡਾਰ ਬੇਸ ਬਣਾਉਣਾ ਚਾਹੁੰਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਆਪਣੇ ਕਰਜ਼ੇ ਦੇ ਜਾਲ ਵਿੱਚ ਫਸਾਏ ਸ੍ਰੀਲੰਕਾ ਵਿੱਚ ਚੀਨ ਵੱਲੋਂ ਰਾਡਾਰ ਬੇਸ ਬਣਾਉਣ ਦੀ ਤਿਆਰੀ ਹੈ। ਤਾਂ ਜੋ ਉਹ ਹਿੰਦ ਮਹਾਸਾਗਰ ਵਿਚ ਭਾਰਤ ਦੀਆਂ ਗਤੀਵਿਧੀਆਂ ਅਤੇ ਜਲ ਸੈਨਾ 'ਤੇ ਨਜ਼ਰ ਰੱਖ ਸਕੇ। ਇਹ ਰਾਡਾਰ ਬੇਸ ਸ਼੍ਰੀਲੰਕਾ ਵਿੱਚ ਡੋਨਡਰਾ ਖਾੜੀ ਦੇ ਜੰਗਲਾਂ ਵਿੱਚ ਬਣਾਇਆ ਜਾਵੇਗਾ। ਬ੍ਰਿਟੇਨ ਦੀ ਵੈੱਬਸਾਈਟ ਮੁਤਾਬਕ ਸ਼੍ਰੀਲੰਕਾ ਦੀ ਖੁਫੀਆ ਏਜੰਸੀ ਦੇ ਸੂਤਰਾਂ ਨੇ ਚੀਨ ਦੇ ਰਾਡਾਰ ਸਿਸਟਮ ਨੂੰ ਬਣਾਉਣ ਦਾ ਖੁਲਾਸਾ ਕੀਤਾ ਹੈ। ਇਸ ਪ੍ਰੋਜੈਕਟ ਦੀ ਅਗਵਾਈ ਚੀਨ ਦੀ ਸਾਇੰਸ ਅਕੈਡਮੀ ਕਰੇਗੀ। ਇਸ ਮਾਮਲੇ ਨਾਲ ਜੁੜੇ ਮਾਹਿਰਾਂ ਨੇ ਇਕਨਾਮਿਕ ਟਾਈਮਜ਼ ਨੂੰ ਦੱਸਿਆ ਕਿ ਜੇਕਰ ਰਾਡਾਰ ਬੇਸ ਬਣ ਜਾਂਦਾ ਹੈ ਤਾਂ ਚੀਨ ਪੂਰੇ ਦੱਖਣੀ ਭਾਰਤ 'ਤੇ ਨਜ਼ਰ ਰੱਖ ਸਕੇਗਾ। ਇਸ ਬੇਸ ਤੋਂ ਚੀਨ ਭਾਰਤ ਦੇ ਕੁਡਨਕੁਲਮ ਅਤੇ ਕਲਪੱਕਮ ਪਰਮਾਣੂ ਪਲਾਂਟਾਂ 'ਤੇ ਨਜ਼ਰ ਰੱਖ ਸਕਦਾ ਹੈ। ਜੋ ਕਿ ਭਾਰਤ ਦੇ ਰਣਨੀਤਕ ਹਿੱਤਾਂ ਦੇ ਖਿਲਾਫ ਹੋਵੇਗਾ। ਇਸ ਨਾਲ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਭਾਰਤੀ ਜਲ ਸੈਨਾ ਦੀ ਗਤੀਵਿਧੀ ਦਾ ਵੀ ਆਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ। ਸ੍ਰੀਹਰਕੋਟਾ ਵਿਖੇ ਭਾਰਤ ਦਾ ਪੁਲਾੜ ਸਟੇਸ਼ਨ ਵੀ ਇਸ ਦੇ ਦਾਇਰੇ ਵਿੱਚ ਹੋਵੇਗਾ। ਚੀਨ ਦਾ ਰਾਡਾਰ ਸਿਸਟਮ ਭਾਰਤ ਹੀ ਨਹੀਂ ਅਮਰੀਕਾ ਅਤੇ ਬ੍ਰਿਟੇਨ ਦੇ ਜੰਗੀ ਜਹਾਜ਼ਾਂ ਤੱਕ ਵੀ ਪਹੁੰਚੇਗਾ। ਦਰਅਸਲ, ਰਾਡਾਰ ਬੇਸ ਬਣਨ ਤੋਂ ਬਾਅਦ, ਚੀਨ ਡਿਏਗੋ ਗ੍ਰੇਸੀਆ ਆਈਲੈਂਡ ਵਿੱਚ ਅਮਰੀਕਾ ਅਤੇ ਬ੍ਰਿਟੇਨ ਦੇ ਜਲ ਸੈਨਾ ਦੇ ਜਹਾਜ਼ਾਂ ਦੀ ਆਸਾਨੀ ਨਾਲ ਨਿਗਰਾਨੀ ਕਰ ਸਕੇਗਾ।













# ਲੱਗਦੈ, ਗੱਲ ਬਣੂੰ ਹੀ ਬਣੂੰ - ਐਨ ਡੀ ਪੀ ਉਮੀਂਦਵਾਰ ਪਰਮੀਤ ਸਿੰਘ
















ਆਉਣ ਵਾਲੀਆਂ ਅਸੰਬਲੀ ਚੋਣਾਂ ਲਈ ਕੈਲਗਰੀ ਫਾਲਕਿਰਿੱਜ ਤੋਂ ਐਨ ਡੀ ਪੀ ਉਮੀਂਦਵਾਰ ਪਰਮੀਤ ਸਿੰਘ ਬੋਪਾਰਾਇ ਪੂਰਨ ਗੁਰਸਿੱਖ ਲਿਬਾਸ ਵਿੱਚਸਜਿਆ ਹੋਇਆ ਇਹਨੀ ਦਿਨੀ ਪੂਰੀ ਸਰਗਰਮੀ ਨਾਲ ਰਾਜਨੀਤਕ ਖੇਤਰ ਵਿੱਚ ਡਟਿਆ ਹੋਇਆ ਹੈ। ਕੈਲਗਰੀ ਗੁਰੂਘਰ ਵਿਖੇ ਵਿਸਾਖੀ ਮੌਕੇ ਐਨ ਡੀ ਪੀ ਪਾਰਟੀ ਲੀਡਰ ਰੈਚਲ ਨੌਟਲੀ ਨਤਮਸਤਕ ਹੋਣ ਲਈ ਆਈ ਤਾਂ ਉਸ ਮੌਕੇ ਪਰਮੀਤ ਸਿੰਘ ਰਾਜਨੀਤੀ ਪਿੜ ਦੀਆਂ ਪੜਚੋਲਵੀਆਂ ਨਜ਼ਰਾਂ ਦੇ ਦੱਸਣ ਅਨੁਸਾਰ ਪਾਰਟੀ ਲੀਡਰ ਦੇ ਸਭ ਤੋਂ ਨੇੜੇ ਦਿਖਾਈ ਦਿੱਤਾ ਜਿਸ ਦੀ ਗਵਾਹੀ ਉਸ ਸਮਾਗਮ ਦੀਆਂ ਫੋਟੋਆਂ ਵੀ ਭਰਦੀਆਂ ਹਨ। ਵੈਸੇ ਵੀ ਜੇਕਰ ਪਰਮੀਤ ਸਿੰਘ ਦਾ ਪਿਛਲੇ ਸਮਿਆਂ ਦੌਰਾਨ ਆਪਣੇ ਹਲਕੇ ਦੇ ਵੋਟਰਾਂ ਵਿੱਚ ਵਿਚਰਨ ਦੀਆਂ ਸਰਗਰਮੀਆਂ ਦੇਖੀਆਂ ਜਾਣ ਤਾਂ ਉਹ ਹਰ ਭਾਈਚਾਰੇ ਦੇ ਸਮਾਗਮਾਂ ਵਿੱਚ ਨਜ਼ਰੀ ਆਉਂਦਾ ਰਿਹਾ ਹੈ। ਪਰਮੀਤ ਸਿੰਘ ਬੋਪਾਰਾਇ ਜਿਸ ਮੌਕੇ ਦਸਮੇਸ ਕਲਚਰਲ ਸੈਂਟਰ ਗੁਰੂਘਰ ਦਾ ਪ੍ਰਧਾਨ ਹੁੰਦਾ ਸੀ ਉਸ ਮੌਕੇ ਵੀ ਉਹਨਾਂ ਨੇ ਉਸ ਵੇਲੇ ਅਲਬਰਟਾ ਸੂਬੇ ਅੰਦਰ ਐਨ ਡੀ ਪੀ ਦੀ ਸਰਕਾਰ ਹੋਣ ਕਾਰਣ ਮੋਟਰਸਾਈਕਲ ਚਲਾਉਂਦੇ ਸਮੇਂ ਹੈਲਮੈਂਟ ਤੋਂ ਛੋਟ ਅਤੇ ਅਪਰੈਲ ਮਹੀਨੇ ਨੂੰ ਅਲਬਰਟਾ ਸੂਬੇ ਅੰਦਰ ਸਿੱਖ ਵਿਰਾਸਤੀ ਮਹੀਨਾ ਮਨਾਉਣ ਲਈ ਵੱਡਾ ਯੋਗਦਾਨ ਪਾਇਆ ਸੀ।








# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਤਿਓਹਾਰ ਰੈੱਡ ਡੀਅਰ ਦੇ ਗੁਰੂਘਰ ਵਿੱਚ ਪਹਿਲੀ ਵਾਰ ਮਨਾਇਆ



ਰੈਡ ਡੀਅਰ (ਨਿਸ਼ਾਨ ਸਿੰਘ ਸੰਧੂ) ਕੈਲਗਰੀ ਅਤੇ ਐਡਮਿੰਟਨ ਦੋਵੇਂ ਸਹਿਰਾਂ ਦੇ ਅੱਧ ਵਿਚਕਾਰ ,ਦੋਵਾਂ ਸਹਿਰਾਂ ਤੋਂ 150 ਕਿਲੋਮੀਟਰ ਦੀ ਦੂਰੀ ‘ਤੇ ਸਥਿਤ ਸ਼ਹਿਰ ਰੈਡ ਡੀਅਰ ਵਿਖੇ ਪਹਿਲੀ ਵਾਰ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ ਵੱਲੋਂ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੇ ਤਿਓਹਾਰ ਗੁਰੂਘਰ ਵਿਖੇ ਮਨਾਏ ਗਏ। ਸੰਗਤਾਂ ਦੇ ਵੱਡੇ ਇੱਕਠ ਦੀ ਮੌਜੂਦਗੀ ਵਿੱਚ ਰੈਡ ਡੀਅਰ ਦੇ ਮੇਅਰ, ਲੋਕਲ ਐਮ ਐਲ ਏ ਤੇ ਹੋਰਾਂ ਸ਼ਖਸ਼ੀਅਤਾਂ ਨੇ ਵੀ ਹਾਜਰੀ ਭਰੀ ਤੇ ਜਿਨ੍ਹਾਂ ਨੂੰ ਗੁਰਦੁਆਰਾ ਸਾਹਿਬ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਹਾਲੇ ਇਸ ਸਾਲ ਦੇ ਸੁਰੂ ਵਿੱਚ ਹੀ ਰੈਡ ਡੀਅਰ ਵਿਖੇ ਗੁਰੂਘਰ ਦੀ ਸਥਾਪਨਾ ਦਾ ਉਪਰਾਲਾ ਕੀਤਾ ਗਿਆ ਸੀ । ਇਸ ਲਈ ਵਿਸਾਖੀ ਦਾ ਤਿਓਹਾਰ ਅਤੇ ਖਾਲਸਾ ਸਾਜਨਾ ਦਿਵਸ ਮਨਾਉਣ ਲਈ ਰੈਡ ਡੀਅਰ ਦੀਆਂ ਸੰਗਤਾਂ ਤੇ ਸਿੱਖ ਸੁਸਾਇਟੀ ਰੈਡ ਡੀਅਰ ਨੇ ਬਹੁਤ ਜੋਸ਼ੀਲੀ ਸ਼ਰਧਾ ਭਾਵਨਾ ਨਾਲ ਭਵਿੱਖ ਵਿੱਚ ਅਜਿਹੇ ਉਪਰਾਲੇ ਗੁਰੂਘਰ ਵਿਖੇ ਕਰਵਾਏ ਜਾਣ ਲਈ ਆਪੋ ਆਪਣੀ ਵਚਨਵੱਧਤਾ ਵੀ ਦੁਹਰਾਈ। ਕੈਲਗਰੀ ਗੁਰਦੁਆਰਾ ਸਾਹਿਬ ਵੱਲੋਂ ਵੀ ਇਸ ਕਾਰਜ ਨੂੰ ਸਿਰੇ ਚੜਾਉਣ ਲਈ ਅਹਿਮ ਉਪਰਾਲਾ ਕੀਤਾ ਗਿਆ ਹੈ। ਵੱਡੀ ਗਿਣਤੀ ਸਿੱਖ ਸੰਗਤਾਂ ਨੇ ਕੈਲਗਰੀ ਤੋਂ ਵੀ ਹਾਜਰੀ ਭਰੀ ।







# ਬੀਤੇ ਪੰਜ ਸਾਲਾਂ ਦੌਰਾਨ 20 ਹਜ਼ਾਰ ਤੋਂ ਵਧੇਰੇ ਭਾਰਤੀ ਇਮੀਗ੍ਰੈਂਟਸ ਸਸਕੈਚਵਨ ਪਹੁੰਚੇ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸਸਕੈਚਵਨ ਵਿੱਚ ਆਉਣ ਵਾਲੇ ਇਮੀਗ੍ਰੈਂਟਸ ਵਿੱਚੋਂ ਭਾਰਤੀਆਂ ਦਾ ਪਹਿਲਾਂ ਸਥਾਨ ਹੈ । ਬੀਤੇ 5 ਸਾਲਾਂ ਦੌਰਾਨ ਸੂਬੇ ਵਿੱਚ ਆਉਣ ਵਾਲੇ ਕੁੱਲ ਪ੍ਰਵਾਸੀਆਂ ਵਿੱਚੋਂ 28 ਫ਼ੀਸਦੀ ਹਿੱਸਾ ਭਾਰਤੀਆਂ ਦਾ ਹੈ । ਸਸਕੈਚਵਨ ਇਮੀਗ੍ਰੇਸ਼ਨ ਮੰਤਰਾਲੇ ਵੱਲੋਂ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ 2018 ਤੋਂ 2022 ਅਨੁਸਾਰ 71,394 ਇਮੀਗ੍ਰੈਂਟਸ ਪ੍ਰੋਵਿੰਸ ਵਿੱਚ ਆਏ ਹਨ । ਇਸ ਸਮੇਂ ਦੌਰਾਨ 20,162 ਭਾਰਤੀ ਇਮੀਗ੍ਰੈਂਟਸ ਨੇ ਸੈਸਕੈਚਵਾਨ ਨੂੰ ਚੁਣਿਆ ਹੈ । ਅੰਕੜਿਆਂ ਮੁਤਾਬਿਕ ਦੂਸਰਾ ਸਥਾਨ ਫ਼ਿਲਪੀਨ ਮੂਲ ਦੇ ਲੋਕਾਂ ਹੈ । ਇਹਨਾਂ 5 ਵਰ੍ਹਿਆਂ ਦੌਰਾਨ 8,504 ਫ਼ਿਲਪੀਨ ਮੂਲ ਦੇ ਵਿਅਕਤੀ ਸਸਕੈਚਵਨ ਵਿੱਚ ਆਏ ਹਨ ਜਦੋਂ ਕਿ ਭਾਰਤ ਦੇ ਗਵਾਂਢੀ ਦੇਸ਼ ਪਾਕਿਸਤਾਨ ਤੋਂ ਸਿਰਫ਼ 2,944 ਇਮੀਗ੍ਰੈਂਟਸ ਸਸਕੈਚਵਨ ਆਏ ਹਨ ।

ਪ੍ਰੋਵਿੰਸ ਵਿੱਚ ਆਉਣ ਵਾਲੇ ਇਮੀਗ੍ਰੈਂਟਸ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ । 2018 ਦੌਰਾਨ 15,508 ਇਮੀਗ੍ਰੈਂਟਸ ਨੇ ਸਸਕੈਚਵਨ ਨੂੰ ਚੁਣਿਆ ਅਤੇ 2022 ਦੌਰਾਨ ਇਹ ਗਿਣਤੀ ਵੱਧ ਕੇ 21,637 ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਸਕੈਚਵਨ ਦੀ ਆਬਾਦੀ ਕਰੀਬ 12 ਲੱਖ ਹੈ ਅਤੇ ਸੂਬੇ ਦਾ ਰਕਬਾ 6 ਲੱਖ 51 ਹਜ਼ਾਰ ਹੈ । ਸੈਸਕੈਚਵਾਨ ਸੂਬੇ ਦਾ ਕਹਿਣਾ ਹੈ ਕਿ ਨਵੇਂ ਆ ਰਹੇ ਇਮੀਗ੍ਰੈਂਟਸ ਦੀ ਮਦਦ ਕਰਨ ਦੇ ਲਈ ਉਹਨਾਂ ਦੀ ਪੜ੍ਹਾਈ ਦੇ ਮੁਲਾਂਕਣ ਦੀ ਪ੍ਰਕਿਰਿਆ ਨੂੰ ਸੌਖਾ ਕੀਤਾ ਗਿਆ ਹੈ । ਇਮੀਗ੍ਰੇਸ਼ਨ ਮੰਤਰਾਲੇ ਦਾ ਕਹਿਣਾ ਹੈ ਕਿ ਵਿਦਿਅਕ ਯੋਗਤਾ ਦੇ ਮੁਲਾਂਕਣ ਨੂੰ ਤੇਜ਼ ਕੀਤਾ ਗਿਆ ਹੈ । ਮੰਤਰਾਲੇ ਮੁਤਾਬਿਕ ਵਿਦਿਅਕ ਯੋਗਤਾ ਦੇ ਮੁਲਾਂਕਣ ਦੀ ਪ੍ਰਕਿਰਿਆ ਨੂੰ 20 ਦਿਨਾਂ ਦੇ ਅੰਦਰ ਨਿਬੇੜਨ ਦੀ ਕੋਸ਼ਿਸ ਕੀਤੀ ਜਾਂਦੀ ਹੈ ਅਤੇ ਉਮੀਦਵਾਰ ਦੀ ਯੋਗਤਾ ਕੈਨੇਡੀਅਨ ਸਟੈਂਡਰਡ ਦੇ ਬਰਾਬਰ ਨਾ ਹੋਣ ਦੀ ਸੂਰਤ ਵਿੱਚ ਉਮੀਦਵਾਰ ਨੂੰ ਅਗਲੇਰੀ ਯੋਜਨਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।ਸੂਬੇ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਇਮੀਗ੍ਰੈਂਟਸ ਦਾ ਕਹਿਣਾ ਹੈ ਕਿ ਸੂਬਾਈ ਸਰਕਾਰ ਵੱਲੋਂ ਸੂਬੇ ਵਿੱਚ ਰਹਿ ਰਹੇ ਇਮੀਗ੍ਰੈਂਟਸ ਨੂੰ ਪ੍ਰੋਵਿੰਸ਼ੀਅਲ ਨੌਮਿਨੀ ਪ੍ਰੋਗਰਾਮ ਦਾ ਹੋਰ ਲਾਭ ਮਿਲਣਾ ਚਾਹੀਦਾ ਹੈ ।

# ਵਿਜੀਲੈਂਸ ਦੇ ਰੇਡਾਰ ’ਤੇ ਆਇਆ ਚੰਨੀ ਹੈ ਚੌਥਾ ਸਾਬਕਾ ਮੁੱਖ ਮੰਤਰੀ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)– ਪੰਜਾਬ ਦੇ ਸਿਆਸਤਦਾਨਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਵਲੋਂ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ’ਚ ਵਿੱਢੀ ਗਈ ਪੜਤਾਲ ਦੌਰਾਨ ਚਰਨਜੀਤ ਸਿੰਘ ਚੰਨੀ ਉਨ੍ਹਾਂ ਸਾਬਕਾ ਮੁੱਖ ਮੰਤਰੀਆਂ ਦੀ ਕਤਾਰ ’ਚ ਸ਼ਾਮਿਲ ਹੋ ਗਏ ਹਨ ਜੋ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਚੁੱਕੇ ਹਨ। ਪੰਜਾਬ ਵਿਜੀਲੈਂਸ ਬਿਊਰੋ ਵਲੋਂ ਲੰਮੇ ਸਮੇਂ ਬਾਅਦ ਕਿਸੇ ਸਾਬਕਾ ਮੁੱਖ ਮੰਤਰੀ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਤਫ਼ਤੀਸ਼ ’ਚ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵਿਜੀਲੈਂਸ ਅਫ਼ਸਰ ਦਰਜਾ 4, ਦਰਜਾ 3 ਜਾਂ ਵੱਧ ਤੋਂ ਵੱਧ ਗਜ਼ਟਿਡ ਅਫ਼ਸਰਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ ’ਚ ਹੱਥ ਪਾਉਂਦੀ ਸੀ।

ਸਿਆਸਤਦਾਨਾਂ ਖ਼ਿਲਾਫ਼ ਵਿਜੀਲੈਂਸ ਦੀ ਕਾਰਵਾਈ ਦਾ ਮੁਲਾਂਕਣ ਕੀਤਾ ਜਾਵੇ ਤਾਂ ਇਸ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਵਿਜੀਲੈਂਸ ਦੀਆਂ ਪੜਤਾਲਾਂ ਦਾ ਸਾਹਮਣਾ ਕਰ ਚੁੱਕੇ ਹਨ। ਵਿਜੀਲੈਂਸ ਬਿਊਰੋ ਵਲੋਂ ਸਭ ਤੋਂ ਪਹਿਲਾਂ ਸੂਬੇ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਖ਼ਿਲਾਫ਼ ਕਾਂਗਰਸ ਹਕੂਮਤ ਸਮੇਂ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦਾ ਮਾਮਲਾ ਦਰਜ ਕੀਤਾ ਗਿਆ ਸੀ, ਅਤੇ ਇਸੇ ਤਰ੍ਹਾਂ ਦੀ ਤਫ਼ਤੀਸ਼ ’ਚੋਂ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਲੰਘਣਾ ਪਿਆ ਸੀ। ਉਸ ਤੋਂ ਬਾਅਦ ਸੱਤਾ ਤਬਦੀਲ ਹੁੰਦਿਆਂ ਹੀ ਅਕਾਲੀ–ਭਾਜਪਾ ਸਰਕਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਵਿਜੀਲੈਂਸ ਦੇ ਇੱਕ ਤੋਂ ਵੱਧ ਮਾਮਲਿਆਂ ਅਤੇ ਅਦਾਲਤੀ ਕੇਸਾਂ ਦਾ ਸਾਹਮਣਾ ਕਰਨਾ ਲਿਆ ਸੀ। ਬਾਦਲ ਪਰਿਵਾਰ ਅਤੇ ਕੈਪਟਨ ਪਰਿਵਾਰ ਖ਼ਿਲਾਫ਼ ਦਰਜ ਮਾਮਲਿਆਂ ’ਚ ਵਿਜੀਲੈਂਸ ਦੇ ਤਫ਼ਤੀਸ਼ੀ ਅਧਿਕਾਰੀਆਂ ਸਮੇਤ ਗਵਾਹਾਂ ਦੇ ਮੁੱਕਰਨ ਨੇ ਵੀ ਨਵਾਂ ਇਤਿਹਾਸ ਸਿਰਜ ਦਿੱਤਾ, ਅਤੇ ਬਾਦਲ ਪਰਿਵਾਰ ਅਤੇ ਬੀਬੀ ਭੱਠਲ ਨੂੰ ਅਦਾਲਤਾਂ ਨੇ ਬਰੀ ਕਰ ਦਿੱਤਾ ਸੀ।ਪੰਜਾਬ ’ਚ ਸਾਲ 2022 ’ਚ ਸੱਤਾ ਤਬਦੀਲ ਹੁੰਦਿਆਂ ਹੀ ਵਿਜੀਲੈਂਸ ਨੇ ਨਵਾਂ ਰੂਪ ਦਿਖਾਇਆ ਹੈ। ਬਿਊਰੋ ਵਲੋਂ ਹੁਣ ਤਕ ਕਾਂਗਰਸ ਦੇ ਅੱਧੀ ਦਰਜਨ ਤੋਂ ਵੱਧ ਕਾਂਗਰਸ ਦੇ ਸਾਬਕਾ ਮੰਤਰੀਆਂ ਖ਼ਿਲਾਫ਼ ਵਿਜੀਲੈਂਸ ਦੀ ਜਾਂਚ ਆਰੰਭੀ ਗਈ ਹੈ ਅਤੇ ਤਿੰਨ ਸਾਬਕਾ ਮੰਤਰੀਆਂ ਨੂੰ ਤਾਂ ਗ੍ਰਿਫ਼ਤਾਰ ਵੀ ਕੀਤਾ ਜਾ ਚੁੱਕਿਆ ਹੈ।

# ਕੈਲੀਫੋਰਨੀਆ ਦੇ ਗੁਰਦੁਆਰਿਆਂ ਵਿੱਚ ਫ਼ਾਈਰਿੰਗ ਕਰਨ ਦੇ ਸਬੰਧ 'ਚ 17 ਲੋਕ ਗ੍ਰਿਫਤਾਰ ਕੀਤੇ, ਮਸ਼ੀਨ ਗੰਨ ਅਤੇ ਏ ਕੇ-47 ਵੀ ਬਰਾਮਦ

ਕੈਲੀਫੋਰਨੀਆ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੀ ਕੈਲੀਫੋਰਨੀਆ ਪੁਲਿਸ ਨੇ ਸਟਾਕਟਨ ਅਤੇ ਸੈਕਰਾਮੈਂਟੋ ਦੇ ਗੁਰਦੁਆਰਿਆਂ ਅਤੇ ਹੋਰ ਥਾਵਾਂ 'ਤੇ ਗੋਲੀਬਾਰੀ ਦੀਆਂ ਘਟਨਾਵਾਂ ਦੇ ਸਬੰਧ 'ਚ 17 ਲੋਕਾਂ ਨੂੰ ਗ੍ਰਿਫਤਾਰ ਕਰਕੇ ਏ ਕੇ-47 ਰਾਈਫਲਾਂ, ਪਿਸਤੌਲਾਂ ਅਤੇ ਮਸ਼ੀਨਗੰਨਾਂ ਵਰਗੇ ਹਥਿਆਰ ਜ਼ਬਤ ਕੀਤੇ ਹਨ। ਇਹ ਗ੍ਰਿਫਤਾਰੀਆਂ 20 ਤੋਂ ਵੱਧ ਥਾਵਾਂ 'ਤੇ ਛਾਪੇਮਾਰੀ ਦੌਰਾਨ ਕੀਤੀਆਂ ਗਈਆਂ ਹਨ।ਪੁਲਿਸ ਅਧਿਕਾਰੀਆਂ ਨੇ ਖੁਲਾਸਾ ਕੀਤਾ ਹੈ ਕਿ ਉੱਤਰੀ ਕੈਲੀਫੋਰਨੀਆ ਵਿੱਚ ਗੁਰਦੁਆਰਿਆਂ ਅਤੇ ਹੋਰ ਥਾਵਾਂ 'ਤੇ ਗੋਲੀਬਾਰੀ ਦੀ ਲੜੀ ਦੇ ਮਾਸਟਰਮਾਈਂਡ ਪਵਿਤਰ ਪ੍ਰੀਤ ਸਿੰਘ ਸਮੇਤ ਘੱਟੋ ਘੱਟ 17 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਕੋਲੋਂ 4 ਹੈਂਡਗੰਨ ਅਤੇ 2 ਅਸਾਲਟ ਰਾਈਫਲਾਂ ਅਤੇ ਵੱਡੀ ਸਮਰੱਥਾ ਵਾਲੇ ਮੈਗਜ਼ੀਨਾਂ ਸਮੇਤ ਹਥਿਆਰਾਂ ਦਾ ਵੱਡਾ ਭੰਡਾਰ ਵੀ ਜ਼ਬਤ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਵਿੱਚ ਕਰਨਦੀਪ ਸਿੰਘ, ਪਰਦੀਪ ਸਿੰਘ, ਧਰਮਵੀਰ ਸਿੰਘ ਉਰਫ਼ ਮਿੰਟਾ, ਜੋਬਨਜੀਤ ਸਿੰਘ, ਹੁਸਨਦੀਪ ਸਿੰਘ ਅਤੇ ਹੋਰ ਸ਼ਾਮਲ ਹਨ।

# ਭ੍ਰਿਸ਼ਟਾਚਾਰੀਆਂ ਵੱਲੋਂ ਬਣਾਈ ਜਾਇਦਾਦ ਵੇਚ ਕੇ ਸਰਕਾਰੀ ਖਜ਼ਾਨੇ ’ਚ ਜਮ੍ਹਾ ਕਰਾਵਾਂਗੇ ਪੈਸਾ : ਭਗਵੰਤ ਮਾਨ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) – ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ’ਚ ਭ੍ਰਿਸ਼ਟਾਚਾਰੀਆਂ ਵੱਲੋਂ ਬਣਾਈ ਗਈ ਜਾਇਦਾਦ ਨੂੰ ਵੇਚ ਕੇ ਪੈਸਾ ਸਰਕਾਰੀ ਖਜ਼ਾਨੇ ’ਚ ਜਮ੍ਹਾ ਕਰਵਾਇਆ ਜਾਵੇਗਾ, ਜਿਸ ਨਾਲ ਪੰਜਾਬ ਵਿਚ ਵਿਕਾਸ ਦਾ ਨਵਾਂ ਦੌਰ ਸ਼ੁਰੂ ਕੀਤਾ ਜਾਵੇਗਾ। ਉਹ ਅੱਜ ਕਰਨਾਟਕ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਮੁਹਿੰਮ ’ਚ ਹਿੱਸਾ ਲੈ ਰਹੇ ਸਨ। ਉਨ੍ਹਾਂ ਵੱਖ-ਵੱਖ ਰੋਡ ਸ਼ੋਅਜ਼ ਵਿਚ ਹਿੱਸਾ ਲੈਂਦੇ ਹੋਏ ਵਿਸ਼ਾਲ ਜਨ-ਸਮੂਹ ਨੂੰ ਸੰਬੋਧਨ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਜੋ ਸਮੱਸਿਆਵਾਂ ਕਰਨਾਟਕ ਵਿਚ ਹਨ, ਉਹੀ ਪੰਜਾਬ ਵਿਚ ਵੀ ਹਨ। ਪੰਜਾਬ ਵਾਂਗ ਇੱਥੇ ਵੀ ਬੇਰੋਜ਼ਗਾਰੀ ਸਭ ਤੋਂ ਵੱਡੀ ਸਮੱਸਿਆ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ’ਚ 28 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਚੋਣ ਨਿਸ਼ਾਨ ਝਾੜੂ ਹੈ ਅਤੇ ਝਾੜੂ ਸਫਾਈ ਕਰਨ ਦਾ ਕੰਮ ਕਰਦਾ ਹੈ। ਇਸ ਝਾੜੂ ਦੀ ਮਦਦ ਨਾਲ ਸਾਰੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਭਾਜਪਾ ਤਾਂ ਜੁਮਲੇ ਵਾਲੀ ਪਾਰਟੀ ਬਣ ਕੇ ਰਹਿ ਗਈ ਹੈ। ਉਸ ਨੇ ਚੋਣਾਂ ਤੋਂ ਪਹਿਲਾਂ 15-15 ਲੱਖ ਰੁਪਏ ਸਾਰੇ ਲੋਕਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾ ਕਰਵਾਉਣ ਦਾ ਵਾਅਦਾ ਕੀਤਾ ਸੀ, ਜੋ ਜੁਮਲਾ ਸਾਬਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਕਰਨਾਟਕ ਵਿਚ ਲੋਕ ਕਾਂਗਰਸ ਨੂੰ ਵੋਟ ਦੇ ਕੇ ਆਪਣੀ ਵੋਟ ਖ਼ਰਾਬ ਨਾ ਕਰਨ ਕਿਉਂਕਿ ਚੋਣ ਜਿੱਤਣ ਤੋਂ ਬਾਅਦ ਕਾਂਗਰਸ ਦੇ ਵਿਧਾਇਕ ਭਾਜਪਾ ’ਚ ਸ਼ਾਮਲ ਹੋ ਜਾਂਦੇ ਹਨ ਜਾਂ ਭਾਜਪਾ ਉਨ੍ਹਾਂ ਨੂੰ ਖਰੀਦ ਲੈਂਦੀ ਹੈ। ਕਾਂਗਰਸ ਵਾਲਿਆਂ ਨੂੰ ਤਾਂ ਆਪਣੇ ਘਰਾਂ ਦੇ ਬਾਹਰ ਬੋਰਡ ਲਾ ਦੇਣਾ ਚਾਹੀਦਾ ਹੈ, ਜਿਸ ਉੱਪਰ ਲਿਖਿਆ ਹੋਵੇ ਕਿ ਇੱਥੇ ਵੋਟਾਂ ਵੇਚੀਆਂ ਜਾਂਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ’ਚ ਜਿਨ੍ਹਾਂ ਲੋਕਾਂ ਨੇ ਭ੍ਰਿਸ਼ਟਾਚਾਰ ਕੀਤਾ ਹੈ, ਉਨ੍ਹਾਂ ਵਿਚੋਂ ਕਈ ਅਜੇ ਜੇਲ੍ਹਾਂ ’ਚ ਬੈਠੇ ਹੋਏ ਹਨ। ਉਨ੍ਹਾਂ ਕੋਲੋਂ ਸਾਰਾ ਪੈਸਾ ਵਸੂਲਿਆ ਜਾਵੇਗਾ ਅਤੇ ਇਹ ਪੈਸਾ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਹੋਵੇਗਾ। ਉਨ੍ਹਾਂ ਦੀ ਪਾਰਟੀ ਤੇ ਸਰਕਾਰ ਭ੍ਰਿਸ਼ਟਾਚਾਰ ਨੂੰ ਲੈ ਕੇ ਕੋਈ ਸਮਝੌਤਾ ਕਰਨ ਵਾਲੀ ਨਹੀਂ।

**ਭਾਜਪਾ ਤੇ ਕਾਂਗਰਸ ਦਾ ਚੋਣ ਨਿਸ਼ਾਨ ਦੇਖਣ ਨਾਲ ਅੱਖਾਂ ਵਿਚ ਮੋਤੀਆ ਉਤਰ ਆਉਂਦਾ ਹੈ**

ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਤੇ ਕਾਂਗਰਸ ’ਤੇ ਵਿਅੰਗ ਕਰਦੇ ਹੋਏ ਕਿਹਾ ਕਿ ਲੋਕ ਜਦੋਂ ਭਾਜਪਾ ਤੇ ਕਾਂਗਰਸ ਦਾ ਚੋਣ ਨਿਸ਼ਾਨ ਵੇਖਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ ’ਚ ਮੋਤੀਆ ਉਤਰ ਆਉਂਦਾ ਹੈ। ਇਹ ਦੋਵੇਂ ਪਾਰਟੀਆਂ ਆਪਸ ’ਚ ਸਮਝੌਤਾ ਕਰ ਕੇ 5-5 ਸਾਲ ਸੱਤਾ ਵਿਚ ਆਉਂਦੀਆਂ ਰਹੀਆਂ ਹਨ। ਸੂਬਿਆਂ ਵਿਚ ਤਾਂ ਇਹੀ ਰਿਵਾਜ ਚੱਲਦਾ ਰਿਹਾ ਹੈ। ਹੁਣ ਲੋਕਾਂ ਦਾ ਝੁਕਾਅ ਆਮ ਆਦਮੀ ਪਾਰਟੀ ਵੱਲ ਹੋਇਆ ਹੈ ਅਤੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ‘ਆਪ’ ਕੌਮੀ ਪਾਰਟੀ ਬਣ ਚੁੱਕੀ ਹੈ। ਇਸ ਪਾਰਟੀ ਦਾ ਜਨਮ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਦੇ ਨਾਲ ਹੋਇਆ ਹੈ ਅਤੇ ਇਹ ਦੇਸ਼ ਵਿਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰ ਕੇ ਸਾਹ ਲਵੇਗੀ।

# ਕਰਮਚਾਰੀ ਨੇ ਡ੍ਰਾਅ ’ਚ ਜਿੱਤੀਆਂ 365 ਦਿਨਾਂ ਦੀਆਂ ਛੁੱਟੀਆਂ

ਪੇਈਚਿੰਗ (ਪੰਜਾਬੀ ਅਖਬਾਰ ਬਿਊਰੋ) ਕੰਮ ਦੇ ਦਬਾਅ ਦਾ ਲੋਕਾਂ ਦੀ ਮਾਨਸਿਕ ਅਤੇ ਸ਼ਰੀਰਕ ਸਿਹਤ ’ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਅਜਿਹੇ ’ਚ ਇੱਕ ਸਮੇਂ ਤੋਂ ਬਾਅਦ ਛੁੱਟੀ ਲੈਣਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ। ਅਜਿਹੇ ’ਚ ਹਾਲ ਹੀ ’ਚ ਚੀਨ ਦੇ ਇੱਕ ਵਿਅਕਤੀ ਨੇ ਇੱਕ ਸਾਲ ਦੀ ਪੇਡ ਲੀਵ ਜਿੱਤ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ।ਹਾਲ ਹੀ ’ਚ ਚੀਨ ’ਚ ਇੱਕ ਕੰਪਨੀ ਨੇ ਆਪਣੇ ਕਰਮਚਾਰੀਆਂ ਲਈ ਇੱਕ ਲੱਕੀ ਡ੍ਰਾਅ ਆਯੋਜਿਤ ਕੀਤਾ, ਜਿਸ ’ਚ ਸਾਲਾਨਾ ਸੈਲਰੀ ਦੇ ਨਾਲ ਛੁੱਟੀ ਦਾ ਇੱਕ ਜੈਕਪੌਟ ਰੱਖਿਆ ਗਿਆ ਸੀ। ਕੰਪਨੀ ਨੇ ਕੋਵਿਡ-19 ਦੀ ਲੰਮੀ ਮਿਆਦ ਤੋਂ ਬਾਅਦ ਇੱਕ ਪਾਰਟੀ ਦਾ ਆਯੋਜਨ ਕੀਤਾ ਸੀ ਜਿਸ ’ਚ ਇੱਕ ਲੱਕੀ ਡਰਾਅ ਇਨਾਮ ਰੱਖਿਆ ਗਿਆ ਸੀ। ਕੰਪਨੀ ਦੇ ਮੈਨੇਜਰ ਨੇ ਇਸ ਜੈਕਪੌਟ ਨੂੰ ਆਪਣੇ ਨਾਂ ਕੀਤਾ ਅਤੇ ਇਹ ਸੋਸ਼ਲ ਮੀਡੀਆ ’ਤੇ ਵਾਇਰਲ ਹੋਣ ਲੱਗਾ।ਮੀਡੀਆ ਪੋਰਟਲ ਮੁਤਾਬਿਕ ਮਹਾਂਮਾਰੀ ਕਾਰਨ ਕੰਪਨੀ ਦਾ ਸਾਲਾਨਾ ਡਿਨਰ ਤਿੰ ਸਾਲ ਬਾਅਦ ਹੋਇਆ। ਆਪਣੇ ਕਰਮਚਾਰੀਆਂ ਨੂੰ ਕੰਮ ਦੇ ਤਨਾਅ ਤੋਂ ਕੁੱਝ ਰਾਹਤ ਦੇਣ ਅਤੇ ਕਰਮਚਾਰੀਆਂ ਦਾ ਮਨੋਬਲ ਵਧਾਉਣ ਲਈ ਇਸ ਵਾਰ ਲੱਕੀ ਡ੍ਰਾਅ ਕੱਢਿਆ ਗਿਆ। ਇਨਾਮਾਂ ’ਚ ਇੱਕ ਜਾਂ ਦੋ ਦਿਨ ਵਾਧੂ ਅਦਾਇਗੀ ਸਮੇਂ ਦੀ ਛੁੱਟੀ ਸ਼ਾਮਿਲ ਸੀ ਜਦੋਂ ਕਿ ਰੈਫ਼ਲ ’ਚ ਜੁਰਮਾਨੇ ’ਚ ਵੇਟਰ ਵਜੋਂ ਸੇਵਾ ਕਰਨ ਦੀ ਵਿਵਸਥਾ ਸੀ।ਕੰਪਨੀ ਦੇ ਇੱਕ ਪ੍ਰਸ਼ਾਸਕੀ ਕਰਮਚਾਰੀ, ਜਿਸ ਦੀ ਪਛਾਣ ਚੇਨ ਵਜੋਂ ਕੀਤੀ ਜਾਂਦੀ ਹੈ, ਨੇ ਕਿਹਾ ਕਿ ਕੰਪਨੀ ਜੇਤੂ ਨਾਲ ਚਰਚਾ ਕਰੇਗੀ ਕਿ ਕੀ ਉਹ ਆਪਣੀ ਅਦਾਇਗੀ ਛੁੱਟੀ ਦਾ ਆਨੰਦ ਲੈਣਾ ਪਸੰਦ ਕਰੇਗਾ ਜਾਂ ਨਹੀਂ।











